# PUNJAB VIDHAN SABHA

## DEBATES

***Wednesday, the 13th February, 2019***

***Vol. VII- No. 2***

OFFICIAL REPORT

CONTENTS


| | Page |
|---|---|
| Starred Questions and Answers | (2) 2 |
| Written Answers to Starred Questions laid on the Table of the House under Rule 38 | (2) 40 |
| Announcements by the Speaker Reg.: | |
| (i) Panel of Chairmen | (2) 45 |
| (ii) Laying of Governor's Address on the Table of the House | (2) 46 |
| Announcement by the Secretary | (2) 74 |
| Matters raised during Zero Hour and Statement by the Chief Minister thereon | (2) 75 |



**Punjab Vidhan Sabha Secretariat, Chandigarh**

Price : Rs._________.

| | |
|---|---|
| Walk out | (2) 78 |
| Matters raised during Zero Hour and Statement by the Chief Minister thereon *(Resumption)* | (2) 78 |
| Walk out | (2) 85 |
| Matters raised during Zero Hour and Statement by the Chief Minister thereon *(Resumption)* | (2) 86 |
| Call Attention Notices under Rule 66 | (2) 88 |
| Presentation of the First Report of the Business Advisory Committee | (2) 94 |
| Presentation of Reports of the Committee | (2) 97 |
| Papers re-laid/laid on the Table of the House | (2) 98 |
| Motion of Thanks and Discussion on Governor's Address | (2)104 |
| Appendix | (i) |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ ਤੇ ਲੋਕ ਸੰਪਰਕ, ਕਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ, ਫੂਡ ਪ੍ਰੋਸੈਸਿੰਗ |
| | Captain Amarinder Singh<br>Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs, Food Processing |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਨਵਜੋਤ ਸਿੰਘ ਸਿੱਧੂ<br>Sardar Navjot Singh Sidhu | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Local Government, Tourism and Cultural Affairs Minister |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests Social Justice, Empowrment and Printing & Stationery Minister |
| 6. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਮੰਤਰੀ<br>School Education , Freedom Fighters Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |

| | |
|---|---|
| 9. ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ |
| Sardar Charanjit Singh Channi | Technical Education and Industrial Training, Employment Generation, Science & Technology Minister |
| 10. ਸ਼੍ਰੀਮਤੀ ਅਰੁਨਾ ਚੌਧਰੀ | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ |
| Smt. Aruna Chaudhary, | Social Security, Women & Child Development, Transport Minister |
| 11. ਸ਼੍ਰੀਮਤੀ ਰਜ਼ੀਆ ਸੁਲਤਾਨਾ | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| Smt. Razia Sultana | Higher Education, Water Supply & Sanitation Minister |
| 12. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ | ਸਹਿਕਾਰਤਾ, ਜੇਲ੍ਹਾਂ ਮੰਤਰੀ |
| Sardar Sukhjinder Singh Randhawa | Cooperation, Jails Minister |
| 13. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ |
| Sardar Sukhbinder Singh Sarkaria | Revenue, Rehabilitation and Disaster Management, Water Resources, Mines & Geology Minister |
| 14. ਸਰਦਾਰ ਗੁਰਪ੍ਰੀਤ ਸਿੰਘ ਕਾਂਗੜ | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| Sardar Gurpreet Singh Kangar | Power, New and Renewable Energy Sources Minister |

| | | |
|---|---|---|
| 15. | ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Dairy Development, Labour Minister |
| 16. | ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. | ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

## PUNJAB VIDHAN SABHA

*Wednesday, the 13th February, 2019*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Rana Kanwar Pal Singh) in the Chair.*

-----

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਅਸੀਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਆਪ ਜੀ ਨੂੰ ਕੰਮ ਰੋਕੂ ਪ੍ਰਸਤਾਵ ਦਿੱਤਾ ਹੈ।

**ਮਾਨਯੋਗ ਸਪੀਕਰ :** ਮਜੀਠੀਆ ਜੀ, ਆਪਾਂ ਪਹਿਲਾਂ ਪ੍ਰਸ਼ਨ ਕਾਲ ਖਤਮ ਕਰ ਲਈਏ, ਤੁਸੀਂ ਬਾਅਦ ਵਿਚ ਆਪਣੀ ਗੱਲ ਕਰ ਲੈਣਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਤੁਸੀਂ ਇਹ ਮਾਮਲਾ ਪ੍ਰਸ਼ਨ ਕਾਲ ਤੋਂ ਬਾਅਦ ਟੇਕ-ਅੱਪ ਕਰੋਗੇ?

**ਮਾਨਯੋਗ ਸਪੀਕਰ :** ਨਹੀਂ, ਇਸ ਬਾਰੇ ਗੱਲ ਬਾਅਦ ਵਿਚ ਕਰਾਂਗੇ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਅਧਿਆਪਕ ਸਾਹਿਬਾਨ ਨਾਲ ਕੁੱਟਮਾਰ ਹੋਈ ਹੈ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਗੱਲ ਬਾਅਦ ਵਿਚ ਕਰ ਲੈਣਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਪੁੱਛ ਰਿਹਾ ਹਾਂ ਜੀ ਕਿ ਤੁਸੀਂ ਇਹ ਮਾਮਲਾ ਪ੍ਰਸ਼ਨ ਕਾਲ ਤੋਂ ਬਾਅਦ ਟੇਕ-ਅੱਪ ਕਰੋਗੇ?

**ਮਾਨਯੋਗ ਸਪੀਕਰ :** ਮੈਂ ਕਹਿ ਰਿਹਾ ਹਾਂ ਕਿ ਤੁਸੀਂ ਇਸ ਬਾਰੇ ਗੱਲ ਬਾਅਦ ਵਿਚ ਕਰ ਲੈਣਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਪਟਿਆਲੇ ਵਿਚ ਅਧਿਆਪਕਾਂ ਦੀ ਕੁੱਟਮਾਰ ਹੋਈ ਹੈ, ਸਾਨੂੰ ਉਸਦਾ ਸਟੇਟਸ ਚਾਹੀਦਾ ਹੈ। ਤੁਸੀਂ ਪ੍ਰਸ਼ਨ ਕਾਲ ਤੋਂ ਬਾਅਦ ਇਹ ਮਾਮਲਾ ਟੇਕ-ਅੱਪ ਕਰਵਾ ਦਿਓ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਬੈਠੋ। ਪ੍ਰਸ਼ਨ ਕਾਲ ਚੱਲਣ ਦਿਓ। ਹਾਂ ਜੀ, ਸ਼੍ਰੀ ਮਦਨ ਲਾਲ ਜੀ।

## STARRED QUESTIONS AND ANSWERS

### ਘਨੌਰ ਪੁਲਿਸ ਥਾਣੇ ਨੂੰ ਕਿਸੇ ਹੋਰ ਥਾਂ ਤੇ ਸ਼ਿਫ਼ਟ ਕਰਨਾ

*1724. **ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੁਲਿਸ ਥਾਣਾ, ਘਨੌਰ ਜੋ ਕਿ ਬੱਸ ਸਟੈਂਡ ਦੇ ਨਾਲ ਹੈ, ਨੂੰ ਬੱਸ ਸਟੈਂਡ ਤੋਂ ਦੂਰ ਕਿਸੇ ਹੋਰ ਸਰਕਾਰੀ ਥਾਂ ਤੇ ਸ਼ਿਫਟ ਕਰਨ ਲਈ ਸਾਲ 2019-20 ਦੇ ਬਜਟ ਵਿਚ ਉਪਬੰਧ ਕਰੇਗੀ?

**ਕੈਪਟਨ ਅਮਰਿੰਦਰ ਸਿੰਘ :** ਨਹੀਂ ਜੀ। ਇਸ ਪੁਲਿਸ ਥਾਣੇ ਨੂੰ ਸ਼ਿਫ਼ਟ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਘਨੌਰ ਥਾਣਾ ਤਕਰੀਬਨ 100 ਸਾਲ ਪਹਿਲਾਂ ਇਥੇ ਬਣਿਆ ਸੀ। ਉਸ ਵੇਲੇ ਇਹ ਇਕ ਛੋਟਾ ਜਿਹਾ ਪਿੰਡ ਸੀ ਪਰ ਅੱਜ ਇਹ ਪੂਰਾ ਸ਼ਹਿਰ ਬਣ ਚੁੱਕਿਆ ਹੈ। ਇਹ ਥਾਣਾ ਸ਼ਹਿਰ ਦੇ ਬਿਲਕੁਲ ਅੰਦਰ ਹੈ, ਇਸ ਦੀ ਛੋਟੀ ਜਿਹੀ ਬਿਲਡਿੰਗ ਹੈ ਅਤੇ ਇਸ ਦੀ ਖਸਤਾ ਹਾਲਤ ਹੈ। ਉਥੇ ਪਾਰਕਿੰਗ ਦਾ ਕੋਈ ਪ੍ਰਬੰਧ ਨਹੀਂ ਹੈ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ?

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਮੈਂ ਸਵਾਲ ਹੀ ਪੁੱਛ ਰਿਹਾ ਹਾਂ ਜੀ। ਇਕ ਮਿੰਟ ਦਿਓ ਜੀ। ਸਪੀਕਰ ਸਾਹਿਬ, ਉਥੇ ਜਾਮ ਲੱਗਦਾ ਹੈ, ਜੇਕਰ ਪੁਲਿਸ ਵਾਲਿਆਂ ਨੇ ਕਿਤੇ ਬਾਹਰ ਜਲਦੀ ਜਾਣਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਜਾਮ ਲੱਗ ਜਾਣ ਕਾਰਨ ਬੜੀ ਦਿੱਕਤ ਆਉਂਦੀ ਹੈ। ਸਾਡੇ ਕੋਲ ਸ਼ਹਿਰ ਦੇ ਬਾਹਰ ਕਮੇਟੀ ਦੀ 6000 ਗਜ਼ ਜਗ੍ਹਾ ਪਈ ਹੈ, ਉਥੇ ਥਾਣਾ ਬਣਾਇਆ ਜਾ ਸਕਦਾ ਹੈ। ਮੈਂ, ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਥਾਣੇ ਵਾਸਤੇ ਜ਼ਮੀਨ ਦੇ ਸਕਦੇ ਹਾਂ। ਸੋ, ਲੋਕਾਂ ਦੀ ਭਲਾਈ ਲਈ ਇਹ ਥਾਣਾ ਸ਼ਹਿਰ ਦੇ ਬਾਹਰ ਸ਼ਿਫਟ ਕਰਨਾ ਚਾਹੀਦਾ ਹੈ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਸ਼ਾਇਦ ਪਤਾ ਨਹੀਂ।

ਇਹ ਪੁਲਿਸ ਸਟੇਸ਼ਨ ਅੱਜ ਤੋਂ 14 ਸਾਲ ਪਹਿਲਾਂ ਸਾਲ 2005 ਵਿਚ ਬਣਿਆ ਸੀ। ਪੰਜਾਬ ਵਿਚ ਸਾਡੇ ਬਹੁਤ ਸਾਰੇ ਪੁਲਿਸ ਸਟੇਸ਼ਨ ਅਜਿਹੇ ਹਨ, ਜੋ ਅਜ਼ਾਦੀ ਤੋਂ ਪਹਿਲਾਂ ਦੇ ਬਣੇ ਹੋਏ ਹਨ। ਹੁਣ ਨਵੇਂ ਜ਼ਿਲ੍ਹੇ ਬਣ ਗਏ ਹਨ, ਪੁਲਿਸ ਫੋਰਸ ਵੀ ਵੱਧ ਗਈ ਹੈ, ਪੁਲਿਸ ਸਟੇਸ਼ਨਾਂ ਦੀ ਹੋਰ ਲੋੜ ਪੈ ਗਈ ਹੈ। ਜੋ ਇਸ ਵੇਲੇ ਸਟੇਟ ਕੋਲ ਰਿਸੋਰਸਿਜ਼ ਹਨ, ਉਹ ਪੁਰਾਣਿਆਂ ਦੀ ਮਾਡਰਨਾਈਜੇਸ਼ਨ ਅਤੇ ਰੈਨੋਵੇਸ਼ਨ ਵਾਸਤੇ ਲੱਗੇ ਹੋਏ ਹਨ। ਸੋ, ਅੱਜ 14 ਸਾਲ ਬਾਅਦ ਉਸ ਪੁਲਿਸ ਸਟੇਸ਼ਨ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਦਾ ਸਾਡੇ ਕੋਲ ਫਿਲਹਾਲ ਕੋਈ ਪ੍ਰਬੰਧ ਨਹੀਂ ਹੈ। ਉਥੇ ਪੁਲਿਸ ਸਟੇਸ਼ਨ ਦੀ ਨਵੀਂ ਬਿਲਡਿੰਗ ਬਣਨੀ ਹੈ। ਜਦੋਂ ਮੌਕਾ ਆਵੇਗਾ ਤਾਂ ਦੇਖ ਲਵਾਂਗੇ ਪਰ ਇਸ ਵੇਲੇ ਅਸੀਂ ਇਸ ਬਾਰੇ ਕੋਈ ਪ੍ਰੋਵੀਜ਼ਨ ਨਹੀਂ ਕਰ ਸਕਦੇ। ਅਸੀਂ ਰਿਸਟ੍ਰਿਕਿਟਡ ਪ੍ਰੋਵੀਜ਼ਨਜ਼ ਨਾਲ ਪੁਲਿਸ ਸਟੇਸ਼ਨਾਂ ਦੀ ਮਾਡਰਨਾਈਜੇਸ਼ਨ ਅਤੇ ਰੈਨੋਵੇਸ਼ਨ ਆਦਿ ਨੂੰ ਮੈਨੇਜ ਕਰ ਸਕਦੇ ਹਾਂ ਅਤੇ ਉਸ ਤੇ ਲੱਗੇ ਹੋਏ ਹਾਂ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ...

**ਮਾਨਯੋਗ ਸਪੀਕਰ :** ਹੁਣ ਤਾਂ ਜਵਾਬ ਆ ਗਿਆ ਹੈ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਪੀਕਰ ਸਾਹਿਬ, ਬਿਲਕੁਲ ਠੀਕ ਹੈ, ਉਹ ਬਿਲਡਿੰਗ 14 ਸਾਲ ਪਹਿਲਾਂ ਬਣੀ ਸੀ ਪਰ ਉਥੇ ਜਗ੍ਹਾ ਦੀ ਬਹੁਤ ਪ੍ਰਾਬਲਮ ਹੈ। ਉਥੇ ਫੈਕਟਰੀਆਂ ਲੱਗੀਆਂ ਹੋਈਆਂ ਹਨ, ਉਥੇ ਬਜ਼ਾਰ ਵਿੱਚ ਜਾਮ ਲਗਦੇ ਹਨ। ਮੈਂ ਮੁੱਖ ਮੰਤਰੀ ਜੀ ਨੂੰ ਅਪੀਲ ਕਰਦਾ ਹਾਂ ਕਿ ਜਦੋਂ ਵੀ ਮੌਕਾ ਲੱਗੇ ਤਾਂ ਇਹ ਥਾਣਾ ਸ਼ਿਫਟ ਕਰਨ ਦੀ ਕ੍ਰਿਪਾਲਤਾ ਕਰਨ ਜੀ।

**ਮਾਨਯੋਗ ਸਪੀਕਰ:** ਤੁਹਾਡੀ ਅਪੀਲ ਆ ਗਈ ਹੈ ਜੀ। ਅਗਲਾ ਪ੍ਰਸ਼ਨ, ਸਰਦਾਰ ਲਖਵੀਰ ਸਿੰਘ ਲੱਖਾ ਜੀ।

------

## ਪੀ.ਐਚ.ਸੀ. ਮਲੌਦ ਅਤੇ ਪਾਇਲ ਵਿੱਚ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਦਾ ਵੇਰਵਾ

***1778. ਸਰਦਾਰ ਲਖਵੀਰ ਸਿੰਘ ਲੱਖਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਵਿਧਾਨ ਸਭਾ ਹਲਕੇ ਪਾਇਲ ਵਿਚ ਪੈਂਦੀ ਪੀ.ਐਚ.ਸੀ. ਮਲੌਦ ਅਤੇ

[ਸਰਦਾਰ ਲਖਵੀਰ ਸਿੰਘ ਲੱਖਾ]

ਪਾਇਲ ਵਿਚ ਮੌਜੂਦ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ ਕੀ ਹਨ?

(ਅ) ਉਪਰੋਕਤ ਵਰਣਿਤ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਗਏ/ਕੀਤੇ ਜਾ ਰਹੇ ਹਨ ਅਤੇ ਇਹ ਕਿੰਨੇ ਸਮੇਂ ਵਿਚ ਭਰ ਲਈਆਂ ਜਾਣਗੀਆਂ?

**ਸ਼੍ਰੀ ਬ੍ਰਹਮ ਮਹਿੰਦਰਾ :**

(ੳ) ਪੀ.ਐਚ.ਸੀ. ਮਲੌਦ ਅਤੇ ਪਾਇਲ ਜ਼ਿਲ੍ਹਾ ਲੁਧਿਆਣਾ ਵਿਖੇ ਖਾਲੀ ਪੋਸਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਪੀ.ਐਚ.ਸੀ. ਮਲੌਦ

| ਲੜੀ ਨੰ: | ਅਸਾਮੀ ਦਾ ਨਾਮ | | ਮਨਜੂਰ-ਸ਼ੁਦਾ | ਭਰੀਆਂ | ਖਾਲੀ | ਵਿਸ਼ੇਸ਼ ਕਥਨ |
|---|---|---|---|---|---|---|
| 1 | ਸੀਨੀਅਰ ਮੈਡੀਕਲ ਅਫਸਰ | | 01 | 01 | 00 | |
| 2 | ਮੈਡੀਕਲ ਅਫਸਰ (ਮਾਹਿਰ) | ਮੈਡੀਸਨ | 01 | 00 | 01 | ਐਮ.ਬੀ.ਬੀ.ਐਸ. ਡਾਕਟਰ ਐਮ.ਡੀ. ਮੈਡੀਸਨ ਦੀ ਆਸਾਮੀ ਵਿਰੁੱਧ ਕੰਮ ਕਰਦਾ ਹੈ। |
| | | ਸਰਜਰੀ | 01 | 00 | 01 | |
| | | ਬੱਚਿਆਂ ਦੀ | 01 | 00 | 01 | |
| | | ਗਾਇਨੀ | 01 | 00 | 01 | |
| 3 | ਮੈਡੀਕਲ ਅਫਸਰ (ਜਨਰਲ) | | 02 | 02 | 00 | |
| 4 | ਮੈਡੀਕਲ ਅਫਸਰ (ਡੈਂਟਲ) | | 01 | 01 | 00 | ਮਿਤੀ 01.01.2018 ਤੋਂ ਗੈਰ-ਹਾਜ਼ਰ ਚਲ ਰਿਹਾ ਹੈ। |

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

## ਪੀ.ਐਚ.ਸੀ. ਪਾਇਲ

| ਲੜੀ ਨੰ: | ਅਸਾਮੀ ਦਾ ਨਾਮ | | ਮਨਜੂਰ-ਸ਼ੁਦਾ | ਭਰੀਆਂ | ਖਾਲੀ | ਵਿਸ਼ੇਸ਼ ਕਥਨ |
|---|---|---|---|---|---|---|
| 1 | ਸੀਨੀਅਰ ਮੈਡੀਕਲ ਅਫਸਰ | 01 | 01 | 00 | | |
| 2 | ਮੈਡੀਕਲ ਅਫਸਰ (ਮਾਹਿਰ) | ਮੈਡੀਸਨ | 01 | 01 | 00 | |
| | | ਸਰਜਰੀ | 01 | 01 | 00 | |
| | | ਬੱਚਿਆਂ ਦੀ | 01 | 00 | 01 | |
| | | ਗਾਇਨੀ | 01 | 01 | 00 | |
| 3 | ਮੈਡੀਕਲ ਅਫਸਰ (ਜਨਰਲ) | | 01 | 01 | 00 | |
| 4 | ਮੈਡੀਕਲ ਅਫਸਰ (ਡੈਂਟਲ) | | 01 | 01 | 00 | |

(ਅ) ਰਾਜ ਸਰਕਾਰ ਵੱਲੋਂ ਸਿਹਤ ਵਿਭਾਗ ਵਿੱਚ ਖਾਲੀ ਅਸਾਮੀਆਂ ਨੂੰ ਭਰਨ ਲਈ ਪਹਿਲਾਂ ਹੀ ਕਦਮ ਚੁੱਕੇ ਗਏ ਹਨ । ਸਾਲ 2018 ਦੌਰਾਨ ਵਾਕ-ਇੰਨ-ਇੰਟਰਵਿਊ ਰਾਹੀਂ 215 ਮਾਹਿਰ ਡਾਕਟਰਾਂ ਦੀ ਚੋਣ ਕੀਤੀ ਜਾ ਚੁੱਕੀ ਹੈ ਅਤੇ 140 ਮੈਡੀਕਲ ਅਫਸਰ (ਮਾਹਿਰ) ਵਲੋਂ ਜੁਆਇਨ ਕੀਤਾ ਜਾ ਚੁੱਕਾ ਹੈ । ਇਸ ਤੋਂ ਇਲਾਵਾ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ 306 ਮੈਡੀਕਲ ਅਫਸਰ (ਜਨਰਲ) ਦੀਆਂ ਅਸਾਮੀਆਂ ਦੀ ਭਰਤੀ ਕੀਤੀ ਗਈ ਹੈ, ਜਿਨ੍ਹਾਂ ਵਿਚੋਂ 255 ਮੈਡੀਕਲ ਅਫਸਰ ਜੁਆਇਨ ਕਰ ਚੁੱਕੇ ਹਨ । ਸਰਕਾਰ ਵਲੋਂ ਰਾਜ ਵਿੱਚ ਸਿਹਤ ਸੰਸਥਾਵਾਂ ਵਿਖੇ ਮੈਡੀਕਲ ਅਫਸਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਉਪਰਾਲੇ ਲਗਾਤਾਰ ਜਾਰੀ ਹਨ ।

**ਸਰਦਾਰ ਲਖਵੀਰ ਸਿੰਘ ਲੱਖਾ :** ਸਪੀਕਰ ਸਾਹਿਬ, ਇਹ ਪੋਸਟਾਂ ਖਾਲੀ ਤਾਂ ਪਈਆਂ ਹਨ, ਇਨਾਂ ਨੂੰ ਭਰਨ ਦਾ ਕੀ ਹੱਲ ਹੈ? ਜਿਹੜਾ ਸਾਡਾ ਮਲੌਦ ਏਰੀਆ ਹੈ ਉਸ ਨੂੰ 48 ਪਿੰਡ ਕਵਰ ਕਰਦੇ ਹਨ। ਉਥੇ ਪਿੰਡਾਂ ਦੀਆਂ ਡਿਸਪੈਂਸਰੀਆਂ ਵਿੱਚ ਕੋਈ ਵੀ ਡਾਕਟਰ ਨਹੀਂ ਹੈ, ਜਿਹੜੇ ਉਥੇ ਹਨ ਉਹ ਟਾਈਮ ਸਿਰ ਆਉਂਦੇ ਨਹੀਂ ਹਨ, ਇਸ ਬਾਰੇ ਮੈਂ ਮੰਤਰੀ ਸਾਹਿਬ ਨੂੰ ਸ਼ਿਕਾਇਤ ਵੀ ਕਰ ਚੁੱਕਾ ਹਾਂ। ਇਸ ਸਬੰਧ ਵਿੱਚ ਕੋਈ ਵੀ ਸੀਨੀਅਰ ਅਫਸਰ ਸਾਡਾ ਫੋਨ ਸੁਣਨ ਨੂੰ ਤਿਆਰ ਨਹੀਂ ਹੈ।

**ਮਾਨਯੋਗ ਸਪੀਕਰ :** ਕੀ ਖਾਲੀ ਅਸਾਮੀਆਂ ਨੂੰ ਭਰਨ ਦੀ ਤਜਵੀਜ਼ ਹੈ ਜੀ?

**ਮੰਤਰੀ :** ਹਾਂ ਜੀ, ਸਪੀਕਰ ਸਾਹਿਬ, ਬਿਲਕੁਲ ਤਜਵੀਜ਼ ਹੈ ਜੀ। ਜਿਹੜੀਆਂ ਸਾਡੇ ਕੋਲ ਖਾਲੀ ਪੋਸਟਾਂ ਹਨ, ਉਨ੍ਹਾਂ ਨੂੰ ਅਸੀਂ ਬਹੁਤ ਜਲਦੀ ਭਰ ਦਿਆਂਗੇ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਜਦੋਂ ਵੀ ਵਿਧਾਨ ਸਭਾ ਵਿੱਚ questionnaire ਆਉਂਦਾ ਹੈ ਤਾਂ 3-4 ਸਵਾਲ Health Department ਦੇ ਨਾਲ concerned ਹੁੰਦੇ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਇਹ ਹੁੰਦੇ ਹਨ ਕਿ ਡਿਸਪੈਂਸਰੀਆਂ ਦੇ ਵਿੱਚ ਡਾਕਟਰ ਨਹੀਂ ਹਨ ਅਤੇ ਸਿਵਲ ਹਸਪਤਾਲਾਂ ਵਿੱਚ ਸਪੈਸ਼ੇਲਿਸਟ ਡਾਕਟਰ ਨਹੀਂ ਹਨ ਪਰ ਮੈਂ ਇਹ ਦੇਖਿਆ ਹੈ ਕਿ ਪੰਜਾਬ ਦੇ ਅੰਦਰ ਪਿਛਲੇ ਸਾਲ ਐਮ.ਸੀ.ਆਈ. ਨੇ ਪੋਸਟ ਗਰੈਜੂਏਸ਼ਨ ਵਿੱਚ number of seats ਵਧਾਉਣੀਆਂ ਸਨ ਤਾਂ ਪੰਜਾਬ ਨੇ ਇੱਕ ਵੀ ਸੀਟ ਵਧਾਉਣ ਦੀ ਸਿਫਾਰਸ਼ ਨਹੀਂ ਕੀਤੀ ਹੈ। ਐਮ.ਸੀ.ਆਈ. ਦੀ ਇੱਕ ਰੂਲਿੰਗ ਸੀ ਕਿ ਜਿੱਥੇ ਇੱਕ ਪ੍ਰੋਫੈਸਰ ਨੂੰ ਪਹਿਲਾਂ ਦੋ ਸੀਟਾਂ ਪੋਸਟ ਗਰੈਜੂਏਸ਼ਨ ਦੀਆਂ ਮਿਲਦੀਆਂ ਸਨ, ਉਨ੍ਹਾਂ ਨੇ ਉਸ ਦੇ ਲਈ ਤਿੰਨ ਸੀਟਾਂ ਕਰ ਦਿੱਤੀਆਂ ਹਨ। ਐਸੋਸੀਏਟ ਪ੍ਰੋਫੈਸਰ ਜਿਸ ਨੂੰ ਇੱਕ ਸੀਟ ਮਿਲਦੀ ਸੀ, ਉਸ ਨੂੰ ਦੋ ਸੀਟਾਂ ਅਲਾਟ ਕਰ ਦਿੱਤੀਆਂ ਹਨ ਅਤੇ ਅਸਿਸਟੈਂਟ ਪ੍ਰੋਫੈਸਰ ਨੂੰ ਇੱਕ ਸੀਟ ਅਲਾਟ ਕਰ ਦਿੱਤੀ। ਇਸ ਦੇ ਨਾਲ ਇਹ ਹੋਇਆ ਕਿ ਪੰਜਾਬ ਸਰਕਾਰ ਨੂੰ ਜਿਹੜਾ ਮਿਥਿਆ ਸਮਾਂ ਦਿੱਤਾ ਸੀ, ਉਸ ਦੌਰਾਨ ਉਨ੍ਹਾਂ ਨੇ ਇੱਕ ਵੀ ਐਪਲੀਕੇਸ਼ਨ ਨਹੀਂ ਭੇਜੀ ਕਿ ਸਾਡੀ ਨੰਬਰ ਆਫ ਸੀਟਸ ਵਧਾਈਆਂ ਜਾਣ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਮੈਂ ਉਥੇ ਆ ਰਿਹਾ ਹਾਂ। ਇਹ ਹੈਲਥ ਨਾਲ ਕਨਸਰਨਡ ਹੈ, ਮੈਨੂੰ ਪਲੀਜ਼ ਗੱਲ ਕਰਨ ਦਿਓ।

**ਮਾਨਯੋਗ ਸਪੀਕਰ :** ਤੁਸੀਂ ਕਹਾਣੀ ਨਹੀਂ ਪੜ੍ਹ ਸਕਦੇ। ਤੁਸੀਂ ਸਵਾਲ ਪੁੱਛੋ। ਬਾਅਦ ਵਿੱਚ ਗੱਲ ਕਰਨ ਦਾ ਬਹੁਤ ਮੌਕਾ ਮਿਲੇਗਾ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਇੱਕ ਮਿੰਟ ਹੈਲਥ ਤੇ ਗੱਲ ਤਾਂ ਕਰਨ ਦਿਓ।

**ਮਾਨਯੋਗ ਸਪੀਕਰ :** ਨਹੀਂ ਜੀ, ਹੈਲਥ ਤੇ ਗੱਲ ਨਹੀਂ ਹੋਣੀ, ਇਹ ਬਾਅਦ ਵਿੱਚ ਕਰ ਲਓ। ਤੁਸੀਂ ਕੁਐਸਚਨ ਪੁੱਛੋ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਮੈਂ ਇਹ ਗੱਲ ਕਹਿ ਰਿਹਾ ਸੀ ਕਿ ਜਦੋਂ ਸਾਡੀਆਂ number of posts ਇੰਨੀਆਂ ਖਾਲੀ ਪਈਆਂ ਹਨ ਤਾਂ

ਜਿਹੜਾ ਹੈਲਥ ਡਿਪਾਰਟਮੈਂਟ ਹੈ ਉਹ ਐਮ.ਸੀ.ਆਈ. ਨੂੰ ਕਿਉਂ ਨਹੀਂ ਲਿਖਦਾ ਕਿ ਜਿੰਨੀਆਂ ਸਾਡੀਆਂ ਸੀਟਾਂ ਵੱਧ ਤੋਂ ਵੱਧ ਸਕਦੀਆਂ ਹਨ, ਉਹ ਕਿਉਂ ਨਹੀਂ ਵਧਾਈਆਂ ਜਾ ਰਹੀਆਂ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਪ੍ਰਸ਼ਨ ਹੈ, ਉਹ ਹੈਲਥ ਡਿਪਾਰਟਮੈਂਟ ਦਾ ਹੈ।ਮੈਂਬਰ ਸਾਹਿਬ ਨੇ ਜਿਹੜੀ ਸਪਲੀਮੈਂਟਰੀ ਕੀਤੀ ਹੈ ਇਹ ਮੈਡੀਕਲ ਐਜੂਕੇਸ਼ਨ ਡਿਪਾਰਟਮੈਂਟ ਦੀ ਹੈ। ਇਸ ਵਾਸਤੇ ਇਹ ਸੈਪਰੇਟ ਕੁਐਸਚਨ ਦੇ ਦੇਣ, ਪਰਾਪਰ ਜਵਾਬ ਦੇ ਦਿਆਂਗੇ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਸਾਡੇ ਬਹੁਤ ਹੀ ਸਤਿਕਾਰਯੋਗ ਸਿਹਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਅਸਾਮੀਆਂ ਇਨ੍ਹਾਂ ਨੇ ਭਰੀਆਂ ਹਨ ਜਾਂ ਜਿਹੜੀਆਂ ਮੈਡੀਕਲ ਅਫਸਰ ਦੀਆਂ ਭਰਨਗੇ, ਜਿਸ ਤਰ੍ਹਾਂ ਇਨ੍ਹਾਂ ਨੇ ਪਿਛਲੀ ਵਾਰੀ ਕੀਤਾ ਸੀ ਕਿ ਕੀ ਉਨ੍ਹਾਂ ਦੀ ਤਨਖਾਹ ਪੀਅਨ ਵਾਲੀ ਰਹੇਗੀ ਜਾਂ ਫਿਰ ਡਾਕਟਰਾਂ ਵਾਲੀ ਹੋਵੇਗੀ, ਜਿਵੇਂ ਕਿ ਪ੍ਰਾਈਵੇਟ ਸੈਕਟਰ ਵਿੱਚ ਮਿਲਦੀ ਹੈ, ਇੰਨੀ ਕੁ ਨਿਗੂਣੀ ਤਨਖਾਹ ਵਿੱਚ ਸਰਕਾਰੀ ਡਾਕਟਰ ਤਾਂ ਆਉਂਦੇ ਹੀ ਨਹੀਂ ਹਨ। ਜਿਹੜੇ ਹੁਣ ਡਾਕਟਰ ਭਰਤੀ ਕੀਤੇ ਜਾਣਗੇ ਉਨ੍ਹਾਂ ਦੀ ਕੀ ਤਨਖਾਹ ਹੋਵੇਗੀ ਅਤੇ ਜਿਨ੍ਹਾਂ ਦੀ ਭਰਤੀ ਕਰ ਲਈ ਗਈ ਹੈ ਉਨ੍ਹਾਂ ਦੀ ਕੀ ਤਨਖਾਹ ਹੈ?

**ਮੰਤਰੀ :** ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਮੈਡੀਕਲ ਅਫਸਰ ਦੀ ਤਨਖਾਹ 15000/- ਰੁਪਏ ਸੀ ਜਿਹੜੀ ਕਿ ਮੈਂ ਸਮਝਦਾ ਹਾਂ ਕਿ ਐਮ.ਬੀ.ਬੀ.ਐਸ. ਡਾਕਟਰ ਲਈ ਬਹੁਤ ਥੋੜ੍ਹੀ ਹੈ ਅਤੇ ਸਪੈਸ਼ੇਲਿਸਟ ਦੀ ਤਨਖਾਹ ਸਿਰਫ 40,000/- ਰੁਪਏ ਸੀ। ਇਨ੍ਹਾਂ ਨੇ ਆਪਣਾ ਪੂਰਾ ਜ਼ੋਰ ਲਗਾ ਲਿਆ ਪਰ ਇਨ੍ਹਾਂ ਤੋਂ ਪਿਛਲੇ 10 ਸਾਲਾਂ ਵਿੱਚ ਭਰਤੀ ਨਹੀਂ ਹੋਈ। ਕੋਈ ਵੀ ਐਮ.ਬੀ.ਬੀ.ਐਸ. 15000/- ਰੁਪਏ ਵਿੱਚ ਨਹੀਂ ਆਉਂਦਾ ਕਿਉਂਕਿ ਉਨ੍ਹਾਂ ਦਾ ਖਰਚਾ ਕਿੰਨਾ ਹੋ ਜਾਂਦਾ ਹੈ, ਸਪੈਸ਼ੇਲਿਸਟ ਬਣਨ ਲਈ ਕਿੰਨਾ ਖਰਚਾ ਆ ਜਾਂਦਾ ਹੈ। ਪਿਛਲੀ ਸਰਕਾਰ ਇਹ ਪੋਸਟਾਂ ਭਰ ਹੀ ਨਹੀਂ ਸਕੀ। ਮੈਂ ਆ ਕੇ ਪਹਿਲਾਂ ਇਹ ਹੀ ਕੰਮ ਕੀਤਾ ਕਿ ਜਿਹੜੀ ਐਮ.ਓ. ਦੀ ਤਨਖਾਹ ਹੈ ਉਹ 40,000/- ਰੁਪਏ ਕੀਤੀ ਅਤੇ ਸਪੈਸ਼ੇਲਿਸਟ ਦੀ 70,000/- ਰੁਪਏ ਕੀਤੀ। ਇੱਕ ਚੀਜ਼ ਹੋਰ ਕੀਤੀ ਕਿ ਜਿਹੜੀ ਉਨ੍ਹਾਂ ਨੂੰ during probation period, basic pay ਮਿਲਦੀ ਸੀ, ਮੈਂ ਉਸ ਨੂੰ ਖਤਮ ਕਰਕੇ ਉਨ੍ਹਾਂ ਦੀ ਪੂਰੀ ਤਨਖਾਹ ਕਰ ਦਿੱਤੀ । ਇਸ ਦੇ ਨਾਲ ਇਹ ਹੋਇਆ ਕਿ ਸਾਡੇ ਕੋਲ 306 ਡਾਕਟਰ ਪਬਲਿਕ ਸਰਵਿਸ ਕਮਿਸ਼ਨ ਤੋਂ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਸਿਲੈਕਟ ਹੋ ਕੇ ਆ ਗਏ। ਅਸੀਂ 306 ਵਿੱਚੋਂ 282 ਡਾਕਟਰ ਲਗਾ ਦਿੱਤੇ ਅਤੇ 216 ਸਪੈਸ਼ੇਲਿਸਟ ਲਗਾ ਦਿੱਤੇ । ਜਿੰਨੀਆਂ ਹੋਰ ਕਮੀਆਂ ਹਨ ਜਾਂ ਜਿਹੜੇ ਬਚ ਗਏ, ਉਨ੍ਹਾਂ ਨੂੰ ਐਡਵਰਟਾਈਜ਼ ਕਰਕੇ ਬਾਕੀ ਉਹ ਪੋਸਟਾਂ ਵੀ ਭਰ ਦੇਣੀਆਂ ਹਨ। Specialists ਦੀਆਂ ਪੋਸਟਾਂ ਵਾਸਤੇ ਅਸੀਂ 2 ਅਤੇ 3 ਮਾਰਚ ਦੀ walk-in-interview ਰੱਖੀ ਹੈ ਇਹ ਕਮੇਟੀ ਡਾਕਟਰ ਕੇ.ਕੇ.ਤਲਵਾੜ ਦੀ ਚੇਅਰਮੈਨਸ਼ਿਪ ਵਿੱਚ ਬਣੀ ਹੈ। Walk-in-interview ਵਿੱਚ 306 ਵੇਕੈਂਸੀਜ਼ ਸਪੈਸ਼ੇਲਿਸਟ ਦੀਆਂ ਹੋਰ ਹਨ, ਅਸੀਂ ਉਹ ਵੀ ਭਰ ਦੇਣੀਆਂ ਹਨ। ਮੈਂ ਸ਼ੁਕਰ ਕਰਦਾ ਹਾਂ ਕਿ 70,000/- ਰੁਪਏ ਵਿੱਚ ਡਾਕਟਰ ਆਉਣੇ ਸ਼ੁਰੂ ਹੋ ਗਏ ਹਨ, ਆਊਟਸਾਈਡ ਤਾਂ ਬਹੁਤ ਪੈਸਾ ਮਿਲਦਾ ਹੈ। ਮੈਂ ਉਨ੍ਹਾਂ ਡਾਕਟਰਾਂ ਦਾ ਵੀ ਸ਼ੁਕਰਗੁਜ਼ਾਰ ਹਾਂ ਕਿ ਜਿਹੜੇ ਇੰਨੀ meagre salary (40,000 ਰੁਪਏ ਅਤੇ 70,000 ਰੁਪਏ) ਤੇ ਆ ਕੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਨੈਕਸਟ ਸਵਾਲ, ਸਰਦਾਰ ਹਰਮਿੰਦਰ ਸਿੰਘ ਗਿੱਲ।

-----

## ਪੱਟੀ ਸ਼ਹਿਰ ਦੀਆਂ ਅੰਦਰੂਨੀ ਸੜਕਾਂ ਦੀ ਰਿਪੇਅਰ ਕਰਨਾ

***1848. ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪੱਟੀ ਸ਼ਹਿਰ ਦੀਆਂ ਅੰਦਰੂਨੀ ਸੜਕਾਂ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਪੱਟੀ ਸ਼ਹਿਰ ਦੀ ਮੁੱਖ ਅੰਦਰੂਨੀ ਸੜਕ ਇਸ ਤੋਂ ਪਹਿਲਾਂ ਕਦੋਂ ਬਣੀ ਅਤੇ ਇਸ ਦੀ ਰਿਪੇਅਰ ਹਾਲੇ ਤੱਕ ਕਿਉਂ ਨਹੀਂ ਕੀਤੀ ਗਈ;

(ੲ) ਇਸ ਦੀ ਰਿਪੇਅਰ ਨੂੰ ਹੋਰ ਕਿੰਨਾ ਸਮਾਂ ਲੱਗੇਗਾ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਨਗਰ ਕੌਂਸਲ, ਪੱਟੀ ਸ਼ਹਿਰ ਦੀਆਂ ਅੰਦਰੂਨੀ ਸੜਕਾਂ ਦੀ ਰਿਪੇਅਰ ਦਾ ਕੰਮ ਲੋਕ ਨਿਰਮਾਣ (ਭ ਅਤੇ ਮ) ਅੰਮ੍ਰਿਤਸਰ ਰਾਹੀਂ ਕਰਵਾਉਣ ਲਈ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਅਧੀਨ ਡੀ.ਯੂ.ਆਈ.ਸੀ. ਤਰਨ ਤਾਰਨ ਤੋਂ ਪ੍ਰਵਾਨ ਕਰਵਾਉਣ ਉਪਰੰਤ 141 ਲੱਖ ਰੁਪਏ ਦੀ ਤਜਵੀਜ਼ ਭੇਜੀ ਗਈ ਹੈ, ਜਿਸ ਦੇ ਜਲਦੀ ਹੀ ਟੈਂਡਰ ਲਗਾਏ

ਜਾ ਰਹੇ ਹਨ। ਇਸ ਤੋਂ ਇਲਾਵਾ ਜੇਕਰ ਕੋਈ ਹੋਰ ਰਿਪੇਅਰ ਯੋਗ ਸੜਕਾਂ ਦੇ ਤਖਮੀਨੇ ਪ੍ਰਾਪਤ ਹੁੰਦੇ ਹਨ ਤਾਂ ਉਨ੍ਹਾਂ ਕੰਮਾਂ ਨੂੰ ਵੀ ਪਹਿਲ ਦੇ ਅਧਾਰ ਤੇ ਕਰਵਾ ਦਿੱਤਾ ਜਾਵੇਗਾ।

(ਅ) ਪੱਟੀ ਸ਼ਹਿਰ ਦੀ ਮੁੱਖ ਅੰਦਰੂਨੀ ਸੜਕ ਦਾ ਕੰਮ ਨਵੰਬਰ, 2011 ਵਿਚ ਲੋਕ ਨਿਰਮਾਣ ਵਿਭਾਗ (ਭ ਅਤੇ ਮ) ਅੰਮ੍ਰਿਤਸਰ ਵੱਲੋਂ ਕੀਤਾ ਗਿਆ ਸੀ। ਨਗਰ ਕੌਂਸਲ ਦੀ ਵਿੱਤੀ ਹਾਲਤ ਕਮਜ਼ੋਰ ਹੋਣ ਕਾਰਨ ਰਿਪੇਅਰ ਦਾ ਕੋਈ ਵੀ ਕੰਮ ਨਹੀਂ ਕਰਵਾਇਆ ਜਾ ਸਕਿਆ।

(ੲ) ਇਹ ਕੰਮ ਟੈਂਡਰ ਲਗਵਾ ਕੇ ਜਲਦੀ ਕਰਵਾਇਆ ਜਾਵੇਗਾ।

ਸਪੀਕਰ ਸਾਹਿਬ, ਮੈਂ ਇਹ ਵੀ ਜਾਣਦਾ ਹਾਂ ਕਿ ਐਮ.ਐਲ.ਏ. ਸਾਹਿਬ ਦਾ ਜਿਹੜਾ ਅੰਦਰੂਨੀ ਸੜਕਾਂ ਦਾ ਪੂਰਾ ਕੰਮ ਹੈ, ਉਹ ਕਰੀਬ-ਕਰੀਬ 3 ਕਰੋੜ 20 ਲੱਖ ਰੁਪਏ ਦਾ ਹੈ। ਇਸ ਤੋਂ ਪਹਿਲਾਂ ਕਿ ਇਹ ਸਪਲੀਮੈਂਟਰੀ ਕਰਨ, ਇਹ ਬਾਕੀ ਦੇ ਕੰਮ ਦੀ ਪਰਪੋਜ਼ਲ ਮੈਨੂੰ ਭੇਜ ਦੇਣ, ਅਸੀਂ 6 ਮਹੀਨਿਆਂ ਵਿੱਚ ਸਾਰਾ ਕੰਮ ਮੁਕੰਮਲ ਕਰਵਾ ਦਿਆਂਗੇ।

**ਮਾਨਯੋਗ ਸਪੀਕਰ :** ਗਿੱਲ ਸਾਹਿਬ, ਇਹ ਕਹਿੰਦੇ ਹਨ ਕਿ ਤੁਸੀਂ ਪਰਪੋਜ਼ਲ ਭੇਜ ਦਿਉ, ਜਿਹੜਾ ਬਾਕੀ ਕੰਮ ਵੀ ਹੈ ਉਹ ਵੀ ਕਰਵਾ ਦਿਆਂਗੇ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਵੇਂ ਸਿੱਧੂ ਸਾਹਿਬ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕਿ 3 ਕਰੋੜ 20 ਲੱਖ ਰੁਪਏ ਦਾ ਪ੍ਰੋਗਰਾਮ ਹੈ। ਜਦੋਂ ਦੀ ਸਰਕਾਰ ਬਣੀ ਹੈ, ਅਸੀਂ ਇੱਕ ਰੁਪਿਆ ਵੀ ਨਹੀਂ ਲਗਾ ਸਕੇ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪਿਛਲੀ ਸਰਕਾਰ ਵਿੱਚ ਸਾਡੇ ਹਲਕੇ ਦੇ ਮੰਤਰੀ ਸਾਹਿਬ ਸਨ, ਉਨ੍ਹਾਂ ਨੇ 20 ਕਰੋੜ ਰੁਪਏ ਦੇ ਟੈਂਡਰ ਲਗਾਏ ਸਨ। ਇੱਕ ਸਾਡੇ ਸ਼ਹਿਰ ਦਾ ਅਕਾਲੀ ਦਲ ਦਾ ਪ੍ਰਧਾਨ ਗੁਰਚਰਨ ਸਿੰਘ ਚੰਨ ਸੀ, ਉਸ ਕੋਲ ਸਾਰੇ 20 ਕਰੋੜ ਰੁਪਏ ਦੇ ਠੇਕੇ ਸਨ...

**ਮਾਨਯੋਗ ਸਪੀਕਰ :** ਸਵਾਲ ਪੁੱਛੋ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸ਼ਹਿਰ ਵਿੱਚ ਹਾਹਾਕਾਰ ਹੋ ਰਹੀ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਉਨ੍ਹਾਂ ਨੇ 20 ਕਰੋੜ ਖਾਧਾ ਹੈ, ਉਸ ਦੀ ਇਨਕੁਆਰੀ ਕਰਵਾਈ ਜਾਵੇ। ਉਸ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ, ਉੱਥੇ ਇੱਕ ਇੱਟ ਵੀ ਨਹੀਂ ਲੱਗੀ ਹੈ। ਦੂਸਰੀ ਮੇਰੀ ਬੇਨਤੀ ਹੈ ਅਤੇ ਮੈਂ ਐਫ.ਐਮ. ਸਾਹਿਬ ਨੂੰ ਵੀ ਬੇਨਤੀ

[ਸਰਦਾਰ ਹਰਮਿੰਦਰ ਸਿੰਘ ਗਿੱਲ]

ਕੀਤੀ ਸੀ ਕਿ ਸਾਡੇ ਸ਼ਹਿਰ ਵਿੱਚ ਸੈਰ ਕਰਨ ਵਾਸਤੇ ਕੋਈ ਪਾਰਕ ਨਹੀਂ ਹੈ। ਇਸ ਵਾਸਤੇ ਕਰੋੜ, ਡੇਢ ਕਰੋੜ ਰੁਪਿਆ ਦੇ ਦੇਣ। ਮੇਰੀ ਇਹ ਬੇਨਤੀ ਵੀ ਪ੍ਰਵਾਨ ਕਰ ਲੈਣ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਇਹ ਵੱਖਰਾ ਕਹਿ ਦਿਉ। ਸਿੱਧੂ ਸਾਹਿਬ, ਕੀ ਇਨਕੁਆਰੀ ਕਰਵਾਉਗੇ?

**ਮੰਤਰੀ :** ਬਿਲਕੁਲ ਕਰਾਵਾਂਗੇ ਜੀ। ਇਹ ਲੋਕਾਂ ਦੇ ਖ਼ੂਨ ਪਸੀਨੇ ਦਾ ਪੈਸਾ ਹੈ, ਕੋਈ ਹੜੱਪ ਕਿਵੇਂ ਕਰ ਜਾਵੇਗਾ। ਬਿਲਕੁਲ ਕਰਾਵਾਂਗੇ ਜੀ। ਨੰਬਰ ਦੋ, ਇਨ੍ਹਾਂ ਨੇ ਪਾਰਕ ਦੀ ਵੀ ਗੱਲ ਕੀਤੀ ਹੈ। ਐਫ.ਐਮ. ਸਾਹਿਬ ਨੇ ਮੈਨੂੰ ਕਿਹਾ ਹੈ ਕਿ ਕਰੋੜ, ਡੇਢ ਕਰੋੜ ਰੁਪਿਆ, ਮੇਰੇ ਅਕਾਊਂਟ ਵਿੱਚ ਪਾ ਦੇਣਗੇ ਤਾਂ ਅਸੀਂ ਉਹ ਕੰਮ ਵੀ ਕਰਵਾ ਕੇ ਦੇਵਾਂਗੇ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਧੰਨਵਾਦ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਦੋ ਸਾਲ ਪਹਿਲਾਂ ਰੋਪੜ ਨਗਰ ਕੌਂਸਲ ਦੀ ਇਨਕੁਆਰੀ ਲਗਾਈ ਸੀ, ਉਸ ਦਾ ਹਾਲੇ ਤੱਕ ਮੈਨੂੰ ਜਵਾਬ ਨਹੀਂ ਮਿਲਿਆ ਹੈ। ਉੱਥੇ 56 ਕਰੋੜ ਰੁਪਏ ਦੀ ਗੱਲ ਹੈ, ਉਹ ਲੱਗਾ ਵੀ ਨਹੀਂ ਹੈ। ਤੁਸੀਂ ਮੈਨੂੰ ਪਿਛਲੇ ਸੈਸ਼ਨ ਵਿੱਚ ਵੀ ਵਿਸ਼ਵਾਸ ਦੁਆਇਆ ਸੀ ਕਿ ਅਸੀਂ ਜਲਦੀ ਦੱਸਾਂਗੇ। ਹਾਲੇ ਤੱਕ ਇਨਕੁਆਰੀ ਦਾ ਕੋਈ ਪਤਾ ਹੀ ਨਹੀਂ ਲੱਗਾ ਕਿ ਹੋਈ ਵੀ ਹੈ ਕਿ ਨਹੀਂ।

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਵੱਖਰਾ ਸਵਾਲ ਤਾਂ ਬਣਦਾ ਹੈ ਪਰ ਮੈਂ ਸਾਰਿਆਂ ਵਿੱਚ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਕੁਝ ਕਹਿਣਾ ਚਾਹੁੰਦੇ ਹੋ, ਵੈਸੇ ਇਹ ਵੱਖਰਾ ਸਵਾਲ ਬਣਦਾ ਹੈ।

**ਮੰਤਰੀ :** ਮੈਂ ਐਮ.ਐਲ.ਏ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਅੱਜ ਸੈਸ਼ਨ ਤੋਂ ਬਾਅਦ ਮੇਰੇ ਕੋਲ ਆ ਜਾਣ, ਜੋ ਕੁਝ ਵੀ ਸਪੀਡ-ਅੱਪ ਕਰਵਾਉਣ ਵਾਲਾ ਹੈ, ਉਹ ਕਰਵਾ ਦਿਆਂਗੇ। ਹਜ਼ਾਰਾਂ ਇਨਕੁਆਰੀਆਂ ਚਲਦੀਆਂ ਹਨ, ਉਸ ਵਿੱਚ ਤੁਹਾਡੀ ਕਿੱਥੇ ਹੈ, ਉਸ ਨੂੰ ਅੱਗੇ ਕਰ ਦਿਆਂਗੇ।

-----

## ਸ਼ਹੀਦ ਰਹਿਮਤ ਅਲੀ ਸਰਕਾਰੀ ਹਾਈ ਸਕੂਲ ਵਜੀਦ ਕੇ ਖ਼ੁਰਦ ਨੂੰ ਅੱਪਗ੍ਰੇਡ ਕਰਨਾ

***1920. ਸਰਦਾਰ ਕੁਲਵੰਤ ਸਿੰਘ ਪੰਡੋਰੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਹੀਦ ਰਹਿਮਤ ਅਲੀ ਮੈਮੋਰੀਅਲ ਸਰਕਾਰੀ ਹਾਈ ਸਕੂਲ, ਵਜੀਦ ਕੇ ਖੁਰਦ, ਜ਼ਿਲ੍ਹਾ ਬਰਨਾਲਾ ਨੂੰ 10+2 ਤੱਕ ਅੱਪਗ੍ਰੇਡ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਓਮ ਪ੍ਰਕਾਸ਼ ਸੋਨੀ :** ਨਹੀਂ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਰ, ਮੈਂ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਗਦਰ ਲਹਿਰ ਦੇ ਮਹਾਨ ਸ਼ਹੀਦ ਰਹਿਮਤ ਅਲੀ ਜੀ, ਜਿਨ੍ਹਾਂ ਲਈ ਦੋਨਾਂ ਪਾਰਟੀਆਂ ਦੇ ਰਾਜਨੀਤਿਕ ਆਗੂਆਂ ਵੱਲੋਂ ਐਲਾਨ ਕੀਤਾ ਗਿਆ। ਸਾਬਕਾ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਜਿਹੜੇ ਇੱਥੇ ਵੀ ਬੈਠੇ ਹਨ, ਉਹ ਵੀ ਉੱਥੇ ਜਾ ਕੇ ਮਹਾਨ ਸ਼ਹੀਦ ਦੇ ਨਾਂ ਤੇ ਸਕੂਲ ਅੱਪਗਰੇਡ ਕਰਨ ਦਾ ਬਹੁਤ ਵਾਰੀ ਐਲਾਨ ਕਰ ਚੁੱਕੇ ਹਨ। ਸਤਿਕਾਰਯੋਗ ਮੰਤਰੀ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ, ਇਹ ਵੀ ਜਦੋਂ ਉਥੋਂ ਲੋਕ ਸਭਾ ਮੈਂਬਰ ਹੁੰਦੇ ਸਨ, ਉਹ ਵੀ ਐਲਾਨ ਕਰ ਚੁੱਕੇ ਹਨ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਵਾਲ ਤੇ ਹੀ ਆਉਂਦਾ ਹਾਂ ਜੀ। ਇਹ ਬਹੁਤ ਵਾਰੀ ਐਲਾਨ ਕਰ ਚੁੱਕੇ ਹਨ। ਲੋਕਾਂ ਨੇ ਬਹੁਤ ਵਾਰ ਇਨ੍ਹਾਂ ਦੇ ਨਾਂ ਤੇ ਤਾੜੀਆਂ ਵੀ ਉਥੇ ਮਾਰ ਦਿੱਤੀਆਂ ਹਨ। ਹੁਣ ਤਾਂ ਲੋਕਾਂ ਨੇ ਤਾੜੀਆਂ ਵੀ ਨਹੀਂ ਮਾਰਨੀਆਂ। ਕਿਰਪਾ ਕਰਕੇ ਮਹਾਨ ਸ਼ਹੀਦ ਦੇ ਨਾਂ ਤੇ ਸਕੂਲ ਨੂੰ 10+2 ਅੱਪਗਰੇਡ ਕੀਤਾ ਜਾਵੇ। ਇਹ ਕਦੋਂ ਤੱਕ ਕਰ ਦੇਣਗੇ? ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਹੋਵੇਗਾ। ਨਹੀਂ ਤਾਂ ਹੁਣ ਲੋਕਾਂ ਨੇ ਤਾੜੀਆਂ ਨਹੀਂ ਮਾਰਨੀਆਂ, ਲੋਕੀਂ ਬਹੁਤ ਔਖੇ ਹਨ। ਬਹੁਤ ਤਾੜੀਆਂ ਵੱਜ ਗਈਆਂ ਹਨ।

**ਮੰਤਰੀ :** ਸਪੀਕਰ ਸਾਹਿਬ, ਸਰਕਾਰੀ ਸਕੂਲਾਂ ਨੂੰ ਅੱਪਗ੍ਰੇਡ ਕਰਨ ਸਬੰਧੀ ਵਿਭਾਗ ਵੱਲੋਂ ਮਿਤੀ 23.04.2018 ਨੂੰ ਪਾਲਿਸੀ ਬਣਾਈ ਗਈ ਸੀ। ਇਸ ਪਾਲਿਸੀ ਤਹਿਤ ਹਾਈ ਸਕੂਲ ਤੋਂ ਸੀਨੀਅਰ ਸੈਕੰਡਰੀ ਅੱਪਗ੍ਰੇਡ ਕਰਨ ਲਈ ਕਈ ਮਾਪਦੰਡ ਨਿਰਧਾਰਤ ਕੀਤੇ ਗਏ ਹਨ, ਜਿਵੇਂ ਕਿ ਸਕੂਲ ਦਾ ਰੁਤਬਾ, ਵਿਦਿਆਰਥੀਆਂ ਦੀ ਗਿਣਤੀ, ਨੇੜਲੇ ਸੀਨੀਅਰ ਸੈਕੰਡਰੀ ਸਕੂਲ ਤੋਂ ਦੂਰੀ

ਆਦਿ। ਉਪਰੋਕਤ ਦਰਸਾਈ ਪਾਲਿਸੀ ਅਨੁਸਾਰ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਕਿਸੇ ਵੀ ਸਕੂਲ ਨੂੰ ਅੱਪਗ੍ਰੇਡ ਕਰਨ ਲਈ ਸਕੂਲ ਦੇ 6 ਕਿਲੋਮੀਟਰ ਦੇ ਘੇਰੇ ਵਿੱਚ ਕੋਈ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਸੀਨੀਅਰ ਸੈਕੰਡਰੀ ਸਕੂਲ ਮੌਜੂਦ ਨਹੀਂ ਹੋਣਾ ਚਾਹੀਦਾ। ਪਰੰਤੂ ਸ਼ਹੀਦ ਰਹਿਮਤ ਅਲੀ ਮੈਮੋਰੀਅਲ ਸਰਕਾਰੀ ਹਾਈ ਸਕੂਲ ਵਜੀਦ ਕੇ ਖੁਰਦ ਦੇ 6 ਕਿਲੋਮੀਟਰ ਦੇ ਘੇਰੇ ਵਿੱਚ 3 ਸੀਨੀਅਰ ਸੈਕੰਡਰੀ ਸਕੂਲ ਮੌਜੂਦ ਹਨ, ਇਸ ਲਈ ਪਾਲਿਸੀ ਅਨੁਸਾਰ ਇਹ ਸਕੂਲ ਅੱਪਗ੍ਰੇਡ ਕਰਨ ਲਈ ਸ਼ਰਤਾਂ ਪੂਰੀਆਂ ਨਹੀਂ ਕਰਦਾ ਹੈ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਕ੍ਰਿਪਾ ਕਰਕੇ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਦੋ ਪਿੰਡ ਵਜੀਦ ਕੇ ਕਲਾਂ ਅਤੇ ਵਜੀਦ ਕੇ ਖੁਰਦ ਦੋਨੋਂ ਪਿੰਡ ਨਾਲ-ਨਾਲ ਹਨ ਅਤੇ ਇਨ੍ਹਾਂ ਦੋਹਾਂ ਵਿੱਚ ਡਿਸਟੈਂਸ ਤਕਰੀਬਨ ਚਾਰ-ਪੰਜ ਕਿਲੋਮੀਟਰ ਦਾ ਹੀ ਹੈ ਅਤੇ ਦੋਨੋਂ ਪਿੰਡਾਂ ਤੋਂ ਬੱਚੇ ਪੜ੍ਹਨ ਲਈ ਉੱਥੇ ਆਉਂਦੇ ਹਨ। ਕ੍ਰਿਪਾ ਕਰਕੇ ਇਸ ਨੂੰ ਅੱਪਗ੍ਰੇਡ ਕਰ ਦਿਓ ਅਤੇ ਦੱਸ ਦਿਓ ਕਿ ਕਦੋਂ ਤੱਕ ਅਪਗ੍ਰੇਡ ਕਰ ਦਿੱਤਾ ਜਾਵੇਗਾ?

**ਮਾਨਯੋਗ ਸਪੀਕਰ:** ਇੱਕ ਮਿੰਟ ਪੰਡੋਰੀ ਸਾਹਿਬ। ਮੈਂਬਰ ਸਾਹਿਬ ਨੇ ਕਿਹਾ ਹੈ ਕਿ ਤੁਸੀਂ ਇਸ ਬਾਰੇ ਪਤਾ ਕਰਵਾ ਲਓ ਜੇ ਇਹ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਇਸ ਨੂੰ ਜ਼ਰੂਰ ਅੱਪਗ੍ਰੇਡ ਕਰ ਦਿਓ।

**ਮੰਤਰੀ :** ਬਿਲਕੁਲ, ਇਹ ਸ਼ਰਤਾਂ ਪੂਰੀਆਂ ਨਹੀਂ ਕਰਦਾ ਹੈ। ਪਰ ਅਸੀਂ ਸੀ.ਐਮ. ਸਾਹਿਬ ਨਾਲ ਗੱਲ ਕਰ ਲਵਾਂਗੇ ਕਿਉਂਕਿ ਸ਼ਹੀਦ ਦੀ ਸਾਡੇ ਦੇਸ਼ ਪ੍ਰਤੀ, ਸਮਾਜ ਪ੍ਰਤੀ ਵੱਡੀ ਦੇਣ ਹੈ, ਇਸ ਲਈ ਅਸੀਂ ਸੀ.ਐਮ. ਸਾਹਿਬ ਨਾਲ ਗੱਲ ਕਰ ਲਵਾਂਗੇ ਅਤੇ ਇਸ ਤੇ ਵਿਚਾਰ ਕਰ ਲਵਾਂਗੇ।

**ਮਾਨਯੋਗ ਸਪੀਕਰ :** ਵਿਚਾਰ ਕਰ ਲਿਆ ਜਾਵੇਗਾ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲ ਸ਼ਰਤਾਂ ਪੂਰੀਆਂ ਕਰਦੇ ਹਨ, ਉਨ੍ਹਾਂ ਨੂੰ ਅੱਪਗ੍ਰੇਡ ਕਰਨ ਲਈ ਕੋਈ ਲਿਸਟ ਵਿਚਾਰ ਅਧੀਨ ਹੈ?

**ਮੰਤਰੀ :** ਇਸ ਤੇ ਵਿਚਾਰ ਕੀਤਾ ਜਾਵੇਗਾ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਇਸ ਸਬੰਧੀ ਕੋਈ ਲਿਸਟ ਵਿਚਾਰ ਅਧੀਨ ਹੈ ਜਾਂ ਨਹੀਂ? ਵਿਚਾਰ ਕੀਤਾ ਜਾਵੇਗਾ ਦਾ ਮਤਲਬ ਤਾਂ ਇਹ ਹੋ ਗਿਆ ਕਿ ਨਹੀਂ ਹੈ।

**ਮੰਤਰੀ:** ਦੇਖੋ, ਅਜੇ ਤੱਕ ਕੋਈ ਲਿਸਟ ਨਹੀਂ ਹੈ। ਤੁਸੀਂ ਦੱਸ ਦਿਓ ਕਿਹੜਾ ਸਕੂਲ ਹੈ।

**ਮਾਨਯੋਗ ਸਪੀਕਰ:** ਤੁਸੀਂ ਇਹ ਵੱਖਰਾ ਸਵਾਲ ਦੇ ਦਿਓ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਮੈਂ ਪੂਰੇ ਪੰਜਾਬ ਦਾ ਪੁੱਛ ਰਿਹਾ ਹਾਂ ਕਿ ਜਿਹੜੇ ਸਕੂਲ ਸ਼ਰਤਾਂ ਪੂਰੀਆਂ ਕਰਦੇ ਹਨ ਚਾਹੇ ਉਹ ਮਿਡਲ ਸਕੂਲ ਹਨ ਜਾਂ ਹਾਈ ਸਕੂਲ ਹਨ ਜਾਂ ਪ੍ਰਾਇਮਰੀ ਸਕੂਲ ਹਨ, ਜਿਹੜੇ ਸ਼ਰਤਾਂ ਪੂਰੀਆਂ ਕਰਦੇ ਹਨ, ਕੀ ਉਨ੍ਹਾਂ ਨੂੰ ਅੱਪਗ੍ਰੇਡ ਕਰਨ ਦੀ ਸਰਕਾਰ ਦੀ ਕੋਈ ਪਾਲਿਸੀ ਹੈ?

**ਮਾਨਯੋਗ ਸਪੀਕਰ:** ਕੀ ਜਿਹੜੇ ਸਕੂਲ ਸ਼ਰਤਾਂ ਪੂਰੀਆਂ ਕਰਦੇ ਹਨ, ਉਨ੍ਹਾਂ ਨੂੰ ਅੱਪਗ੍ਰੇਡ ਕਰਨਾ ਵਿਚਾਰ ਅਧੀਨ ਹੈ?

**ਮੰਤਰੀ :** ਜਿਹੜੇ ਸਕੂਲ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਉਨ੍ਹਾਂ ਤੇ ਵਿਚਾਰ ਕਰ ਲਿਆ ਜਾਵੇਗਾ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਇਸ ਦਾ ਮਤਲਬ ਹੈ ਕਿ ਅੱਪਗ੍ਰੇਡ ਕਰਨ ਲਈ ਅਜੇ ਤੱਕ ਕੋਈ ਲਿਸਟ ਨਹੀਂ ਹੈ। ਮੈਂ ਪੁੱਛ ਰਿਹਾ ਹਾਂ ਕਿ ਜਿਹੜੇ ਸਕੂਲ ਸ਼ਰਤਾਂ ਪੂਰੀਆਂ ਕਰਦੇ ਹਨ ਉਨ੍ਹਾਂ ਨੂੰ ਅੱਪਗ੍ਰੇਡ ਕਰਨ ਦੀ ਕੋਈ ਪਾਲਿਸੀ ਹੈ ਜਾਂ ਨਹੀਂ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਜਿਹੜਾ ਕੋਈ ਸਕੂਲ ਹੈ, ਇਹ ਦੱਸ ਦੇਣ ਅਸੀਂ ਉਸ ਨੂੰ ਵੇਖ ਲੈਂਦੇ ਹਾਂ, ਉਸ ਤੇ ਵਿਚਾਰ ਕਰ ਲੈਂਦੇ ਹਾਂ। ਇਸ ਸਮੇਂ ਮੇਰੇ ਕੋਲ ਲਿਸਟ ਨਹੀਂ ਹੈ ਜੇ ਇਹ ਲਿਸਟ ਮੰਗਦੇ ਹਨ ਤਾਂ ਮੈਂ ਉਹ ਮੰਗਵਾ ਦਿਆਂਗਾ ਤੇ ਕੱਲ੍ਹ ਦੇ ਦਿਆਂਗਾ।

**ਮਾਨਯੋਗ ਸਪੀਕਰ :** ਇਹ ਕਹਿੰਦੇ ਹਨ ਕਿ ਜੋ ਤੁਸੀਂ ਲਿਸਟ ਮੰਗਦੇ ਹੋ ਤਾਂ ਉਹ ਤੁਹਾਨੂੰ ਦੇ ਦਿਆਂਗੇ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੇਰਾ ਤਾਂ ਸਿੰਪਲ ਪ੍ਰਸ਼ਨ ਹੈ ਕਿ ਜਿਹੜੇ ਸਕੂਲ ਸ਼ਰਤਾਂ ਪੂਰੀਆਂ ਕਰਦੇ ਹਨ, ਉਨ੍ਹਾਂ ਨੂੰ ਅੱਪਗ੍ਰੇਡ ਕਰਨ ਦੀ ਮੰਤਰੀ ਜੀ ਦੇ ਮਹਿਕਮੇ ਦੀ ਕੋਈ ਪਾਲਿਸੀ ਹੈ ਜਾਂ ਨਹੀਂ?

**ਮੰਤਰੀ :** ਵੇਖੋ, ਜਿੱਥੋਂ ਤੱਕ ਅੱਪਗ੍ਰੇਡ ਕਰਨ ਦਾ ਸਵਾਲ ਹੈ, ਮੈਂ ਤੁਹਾਨੂੰ ਦੱਸਿਆ ਹੈ ਕਿ ਜਿਹੜੇ ਸਕੂਲ ਪਾਲਿਸੀ ਅਧੀਨ ਆਉਂਦੇ ਹੋਣਗੇ ਉਹ ਸਕੂਲ ਜ਼ਰੂਰ ਅੱਪਗ੍ਰੇਡ ਕੀਤੇ ਜਾਣਗੇ। ਉਨ੍ਹਾਂ ਦੀ ਮੇਰੇ ਕੋਲ ਲਿਸਟ ਨਹੀਂ ਹੈ। ਮੈਂ ਤੁਹਾਨੂੰ ਕੱਲ੍ਹ ਲਿਸਟ ਮੰਗਵਾ ਕੇ ਦੇ ਦਿਆਂਗਾ ਜਾਂ ਤੁਸੀਂ ਮੇਰੇ ਦਫਤਰ ਤੋਂ ਲੈ ਲੈਣਾ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸ਼ੁਕਰੀਆ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਮੈਂ ਇਸ ਸਦਨ ਵਿੱਚ ਬਹੁਤ ਹੀ ਦੁੱਖ ਨਾਲ ਕਹਿ ਰਹੀ ਹਾਂ ਕਿ ਸਾਨੂੰ ਪਤਾ ਹੈ ਕਿ ਸਾਡਾ ਸਕੂਲ ਸ਼ਰਤਾਂ ਪੂਰੀਆਂ ਨਹੀਂ ਕਰਦਾ ਹੈ ਤਾਂ ਫਿਰ ਮੰਤਰੀ ਸਾਹਿਬ ਉਸ ਸ਼ਹੀਦ ਦੇ ਨਾਂ ਉਤੇ ਕੀ ਸੋਚ ਕੇ ਭਰੋਸਾ ਦੇ ਕੇ ਆਏ ਹਨ ਕਿ ਇਸ ਸਕੂਲ ਨੂੰ ਅੱਪਗ੍ਰੇਡ ਕਰਾਂਗੇ? ਮੈਂ ਕਹਿਣਾ ਚਾਹੁੰਦੀ ਹਾਂ ਕਿ ਜਾਂ ਤਾਂ ਇਹ ਪਹਿਲਾਂ ਉਸ ਸਕੂਲ ਦੀਆਂ ਸ਼ਰਤਾਂ ਪੂਰੀਆਂ ਕਰ ਕੇ ਜਾਣ ਜਾਂ ਫਿਰ ਜਦੋਂ ਇਹ ਸਟੇਜ ਤੇ ਖੜ੍ਹੇ ਹੋ ਕੇ ਵਾਅਦਾ ਕਰਦੇ ਹਨ ਤਾਂ ਉਸ ਤੇ ਖਰਾ ਉਤਰਨ। ਨਹੀਂ ਤਾਂ ਕੀ ਇਹ ਸ਼ਹੀਦ ਨਾਲ ਮਜ਼ਾਕ ਨਹੀਂ ਹੋਵੇਗਾ?

**ਮਾਨਯੋਗ ਸਪੀਕਰ :** ਚਲੋ ਹੋ ਗਈ ਗੱਲ। ਅਗਲਾ ਸਵਾਲ, ਸਰਦਾਰ ਜੈ ਕ੍ਰਿਸ਼ਨ ਸਿੰਘ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਜਦੋਂ ਕੱਲ੍ਹ ਸੈਸ਼ਨ ਖਤਮ ਹੋਇਆ ਤਾਂ ਉਸ ਤੋਂ ਬਾਅਦ ਸ਼ਾਮ ਤੱਕ ਇਹੀ ਕਿਹਾ ਗਿਆ ਕਿ ਪ੍ਰਸ਼ਨ ਦਫਤਰ ਵਿੱਚ ਆ ਜਾਣਗੇ ਪਰ ਮੈਨੂੰ ਲੱਗਦਾ ਹੈ ਕਿ ਪ੍ਰਸ਼ਨ ਜਾਣ-ਬੁਝ ਕੇ ਸਾਨੂੰ ਅੱਜ ਸਵੇਰੇ ਦਿੱਤੇ ਗਏ ਹਨ ਤਾਂ ਕਿ ਮੈਂਬਰ ਸਾਹਿਬ ਉਸ ਉੱਪਰ ਤਿਆਰੀ ਨਾ ਕਰ ਲੈਣ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ) :** ਬਹੁਤ ਚੰਗਾ। ਸਪੀਕਰ ਸਾਹਿਬ, ਇਸ ਸਬੰਧੀ ਧਿਆਨ ਦਿੱਤਾ ਜਾਵੇ।

-----

## ਹੁਸ਼ਿਆਰਪੁਰ ਦੇ ਕੰਢੀ ਏਰੀਏ ਵਿੱਚ ਜੰਗਲੀ ਜਾਨਵਰਾਂ ਦੀ ਰੋਕਥਾਮ ਕਰਨਾ

***1729. ਸਰਦਾਰ ਜੈ ਕ੍ਰਿਸ਼ਨ ਸਿੰਘ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਕੰਢੀ ਏਰੀਏ ਵਿੱਚ ਜੰਗਲੀ ਜਾਨਵਰਾਂ ਦੀ ਬਹੁਤਾਤ ਹੈ ਜੋ ਕਿਸਾਨਾਂ ਦੀਆਂ ਫਸਲਾਂ ਦਾ ਬਹੁਤ ਨੁਕਸਾਨ ਕਰਦੇ ਹਨ; ਜੇਕਰ ਅਜਿਹਾ ਹੈ ਤਾਂ ਫਸਲ ਨੂੰ ਬਚਾਉਣ ਲਈ ਸਰਕਾਰ ਦੀ ਕੀ ਯੋਜਨਾ ਹੈ?

**ਸਰਦਾਰ ਸਾਧੂ ਸਿੰਘ:** ਹਾਂ ਜੀ, ਸ਼੍ਰੀਮਾਨ ਜੀ, ਇਹ ਠੀਕ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਏਰੀਏ ਵਿੱਚ ਜੰਗਲੀ ਜਾਨਵਰ ਪਾਏ ਜਾਂਦੇ ਹਨ ਜਿਸ ਕਰਕੇ ਫਸਲਾਂ ਦਾ ਨੁਕਸਾਨ ਹੁੰਦਾ ਹੈ। ਜੰਗਲੀ ਸੂਰਾਂ ਅਤੇ ਨੀਲ ਗਾਵਾਂ ਵੱਲੋਂ ਕੀਤੇ ਜਾ ਰਹੇ ਫਸਲਾਂ ਦੇ ਨੁਕਸਾਨ ਤੋਂ ਬਚਾਉਣ ਲਈ ਇਨ੍ਹਾਂ ਦੇ ਸ਼ਿਕਾਰ ਲਈ

ਅਧਿਸੂਚਨਾ ਨੰ: 34/18/2014-ਵਣ-5/367840/1 ਮਿਤੀ 15.12.2014 ਅਤੇ ਅਧਿਸੂਚਨਾ ਨੰ: 34/4/2017-ਵਣ-5/1050737/1 ਮਿਤੀ 24.8.2017 ਨਾਲ ਜਾਰੀ ਕੀਤੀ ਗਈ ਹੈ ਅਤੇ ਇਸ ਸਬੰਧ ਵਿੱਚ ਵਣ ਮੰਡਲ ਅਫਸਰਾਂ ਅਤੇ ਸਬ-ਡਵੀਜ਼ਨਲ ਅਫਸਰ ਵੱਲੋਂ ਪਰਮਿਟ ਜਾਰੀ ਕੀਤੇ ਜਾਂਦੇ ਹਨ। ਪ੍ਰਧਾਨ ਮੁੱਖ ਵਣਪਾਲ (ਜੰਗਲੀ ਜੀਵ) ਵੱਲੋਂ ਪੰਜਾਬ ਦੇ ਸਮੂਹ ਵਣ ਮੰਡਲ ਅਫਸਰ (ਜੰਗਲੀ ਜੀਵ) ਪੰਜਾਬ ਨੂੰ ਇਹ ਵੀ ਹਦਾਇਤਾਂ ਕੀਤੀਆਂ ਗਈਆ ਹਨ ਕਿ ਉਹ ਆਪਣੇ ਅਧੀਨ ਆਉਂਦੇ ਇਲਾਕਿਆਂ ਦੇ ਸ਼ਡਿਊਲ ਬਣਾ ਕੇ ਪਰਮਿਟ ਦੇਣ ਲਈ ਕੈਂਪ ਲਗਾਉਣ ਅਤੇ ਇਸ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ।

ਰਾਜ ਵਿੱਚ ਕੰਢੀ ਦੇ ਕਿਸਾਨਾਂ ਨੂੰ ਜੰਗਲੀ ਜਾਨਵਰਾਂ ਤੋਂ ਉਨ੍ਹਾਂ ਦੀ ਫਸਲਾਂ ਦੇ ਨੁਕਸਾਨ ਹੋਣ ਤੋਂ ਬਚਾਉਣ ਲਈ ਇੱਕ ਪਾਇਲਟ ਪ੍ਰੋਜੈਕਟ ਇਸ ਸਰਕਾਰ ਵੱਲੋਂ ਸਾਲ 2018-19 ਵਿੱਚ ਸ਼ੁਰੂ ਕੀਤਾ ਗਿਆ ਹੈ ਜਿਹੜਾ ਕਿ ਸਮੂਹ ਕੰਢੀ ਖੇਤਰ ਵਿੱਚ ਲਾਗੂ ਹੈ। ਇਸ ਪ੍ਰੋਜੈਕਟ ਵਿੱਚ ਕਿਸਾਨਾਂ ਨੂੰ ਉਨ੍ਹਾਂ ਵੱਲੋਂ ਆਪਣੇ ਖੇਤਾਂ ਵਿੱਚ ਫੈਂਸਿੰਗ ਕਰਨ ਤੇ 50% ਸਬਸਿਡੀ ਦੇਣ ਦਾ ਉਪਬੰਧ ਹੈ।

ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਉਪਰੋਕਤ ਪ੍ਰੋਜੈਕਟ ਤਹਿਤ ਸਾਲ 2018-19 ਵਿੱਚ ਹੁਣ ਤੱਕ 343 ਕਿਸਾਨਾਂ ਨੂੰ 2.26 ਕਰੋੜ ਰੁਪਏ ਦੀ ਸਬਸਿਡੀ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ ਪੂਰੇ ਕੰਢੀ ਖੇਤਰ ਵਿੱਚ ਹੁਣ ਤੱਕ 563 ਕਿਸਾਨਾਂ ਨੂੰ 4.21 ਕਰੋੜ ਰੁਪਏ ਦੀ ਸਬਸਿਡੀ ਮੁਹੱਈਆ ਕਰਵਾਈ ਜਾ ਚੁੱਕੀ ਹੈ। ਮੁਹੱਈਆ ਕਰਵਾਈ ਗਈ ਸਬਸਿਡੀ ਦਾ ਮੰਡਲਵਾਰ ਵੇਰਵਾ ਅਨੁਲੱਗ 'ੳ' ਤੇ ਨੱਥੀ ਕੀਤਾ ਜਾਂਦਾ ਹੈ। ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਜੰਗਲੀ ਜਾਨਵਰਾਂ ਵੱਲੋਂ ਕੀਤਾ ਜਾਂਦਾ ਹੈ, ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਮੁਆਵਜ਼ਾ ਦੇਣ ਲਈ ਅਧਿਸੂਚਨਾ ਨੰ: 1/7/2000-ਵਣ-5/4022, ਮਿਤੀ 17.6.2013 ਜਾਰੀ ਕੀਤੀ ਗਈ ਹੈ ਅਤੇ ਇਹ ਅਧਿਸੂਚਨਾ ਪੂਰੇ ਰਾਜ ਵਿਚ ਲਾਗੂ ਹੈ।

## ਅਨੁਲੱਗ 'ੳ'

| ਲੜੀ ਨੰ: | ਵਣ ਮੰਡਲ ਦਾ ਨਾਂ | ਲਾਭਪਾਤਰੀਆਂ ਦੀ ਗਿਣਤੀ | ਫੈਂਸਿੰਗ ਦੀ ਮਿਕਦਾਰ (ਰਨਿੰਗ ਮੀਟਰ) | ਵਿੱਤੀ ਸਹਾਇਤਾ (ਰਕਮ ਰੁਪਏ ਵਿੱਚ) |
|---|---|---|---|---|
| 1 | ਦਸੂਹਾ | 104 | 38,999 | 62,75,550 |
| 2 | ਹੁਸ਼ਿਆਰਪੁਰ | 99 | 47,069 | 81,56,587 |

[ਜੰਗਲਾਤ ਮੰਤਰੀ]

| | | | | |
|---|---|---|---|---|
| 3 | ਗੜ੍ਹਸ਼ੰਕਰ | 140 | 44,601 | 82,17,532 |
| | ਹੁਸ਼ਿਆਰਪੁਰ ਜ਼ਿਲ੍ਹੇ ਦਾ ਕੁੱਲ ਜੋੜ | 343 | 1,30,669 | 2,26,49,669 |
| 4 | ਰੋਪੜ | 77 | 45,981 | 84,82,235 |
| 5 | ਪਠਾਨਕੋਟ | 74 | 33,143 | 58,30,665 |
| 6 | ਐਸ.ਏ.ਐਸ.ਨਗਰ | 69 | 31,160 | 51,94,368 |
| | ਕੁੱਲ ਜੋੜ | 563 | 2,40,953 | 4,21,56,937 |

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਹੁਸ਼ਿਆਰਪੁਰ ਹਲਕੇ ਦੇ ਵਿੱਚ 343 ਕਿਸਾਨ ਅਤੇ ਪੂਰੇ ਕੰਢੀ ਇਲਾਕੇ ਵਿੱਚ 563 ਕਿਸਾਨ ਜਿਹੜੇ ਹਨ, ਉਨ੍ਹਾਂ ਨੂੰ ਸਬਸਿਡੀ ਦਿੱਤੀ ਗਈ ਹੈ ਪਰ ਜੇਕਰ ਕੰਢੀ ਦਾ ਇਲਾਕਾ ਦੇਖੀਏ ਤਾਂ ਇਹ ਪਠਾਨਕੋਟ ਤੋਂ ਲੈ ਕੇ ਸੀ.ਐਮ. ਸਾਹਿਬ ਦੇ ਦਫਤਰ ਤੱਕ ਮਤਲਬ ਮੋਹਾਲੀ, ਚੰਡੀਗੜ੍ਹ ਤੱਕ ਕੰਢੀ ਦਾ ਇਲਾਕਾ ਲੱਗਦਾ ਹੈ। ਕੀ ਮੰਤਰੀ ਸਾਹਿਬ ਦੱਸਣਗੇ ਕਿ ਜਿਹੜੇ ਅਵਾਰਾ ਜਾਨਵਰ ਕਿਸਾਨਾਂ ਦੀਆਂ ਫਸਲਾਂ ਖਾਂਦੇ ਹਨ, ਕੀ ਉਨ੍ਹਾਂ ਜਾਨਵਰਾਂ ਦੇ ਉਹ ਚੁਣੇ ਹੋਏ ਇਨਸਾਨ ਹਨ ਕਿ ਸਿਰਫ ਅਸੀਂ 563 ਜਾਂ 343 ਕਿਸਾਨ ਦੀਆਂ ਫਸਲਾਂ ਹੀ ਖਾਣੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਸਬਸਿਡੀ ਦਿੱਤੀ ਜਾ ਰਹੀ ਹੈ, ਉਹ ਮੇਰੇ ਮੁਤਾਬਿਕ ਇਹ ਹੈ ਕਿ ਜਿਹੜੇ ਲੋਕ ਜਾਲ ਲਗਾ ਚੁੱਕੇ ਹਨ, ਉਨ੍ਹਾਂ ਨੂੰ ਹੀ ਦਿੱਤੀ ਜਾ ਰਹੀ ਹੈ ਲੇਕਿਨ ਜਿਹੜੇ ਅੱਜ ਗਰੀਬ ਲੋਕ ਜਾਂ ਕਿਸਾਨ ਆਪਣੇ ਖੇਤਾਂ ਵਿਚ ਜਾਲ ਨਹੀਂ ਲਗਾ ਸਕਦੇ, ਉਨ੍ਹਾਂ ਨੂੰ ਸਰਕਾਰ ਵੱਲੋਂ ਅਜੇ ਕੋਈ ਸਬਸਿਡੀ ਨਹੀਂ ਦਿੱਤੀ ਜਾ ਰਹੀ।

**ਮੰਤਰੀ :** ਸਰ, ਪਹਿਲਾਂ ਤਾਂ ਮੈਂ ਮਾਨਯੋਗ ਮੈਂਬਰ ਸਾਹਿਬ, ਸਾਥੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਮਾਨਯੋਗ ਮੁੱਖ ਮੰਤਰੀ ਜੀ ਨੂੰ ਵਧਾਈ ਦੇਣੀ ਚਾਹੀਦੀ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ। ਪਿਛਲੀ ਵਾਰ ਮੁੱਖ ਮੰਤਰੀ ਜੀ ਨੇ ਕੰਢੀ ਏਰੀਏ ਲਈ ਵਾਅਦਾ ਕੀਤਾ ਸੀ ਕਿ ਕੰਢੀ ਏਰੀਏ ਵਿੱਚ ਅਸੀਂ ਤਾਰ ਲਾਉਣ ਦੀ ਸਬਸਿਡੀ ਦੇਵਾਂਗੇ, ਉਹ ਚਾਲੂ ਹੋ ਚੁੱਕਿਆ ਹੈ। ਜਿਹੜੇ ਰਹਿੰਦੇ ਕਿਸਾਨ ਹਨ, ਵੇਖੋ, ਕਈ ਕਿਸਾਨ ਤਾਰ ਲਗਾ ਹੀ ਨਹੀਂ ਸਕਦੇ, ਉਨ੍ਹਾਂ ਨੂੰ ਸਬਸਿਡੀ ਮਿਲ ਨਹੀਂ ਸਕਦੀ। ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ 2.5 ਏਕੜ ਤੱਕ 400 ਮੀਟਰ ਤਾਰ ਉੱਤੇ ਸਰਕਾਰ 50% ਸਬਸਿਡੀ ਦਿੰਦੀ ਹੈ ਔਰ ਜੇ 2.5

ਏਕੜ ਤੋਂ 5 ਏਕੜ ਤਾਰ ਤੇ ਫੈਂਸਿੰਗ ਕਰਵਾਉਣੀ ਹੈ ਤਾਂ 50 ਫੀਸਦੀ ਦਿੱਤੀ ਜਾਂਦੀ ਹੈ, 5 ਏਕੜ ਤੋਂ ਵੱਧ 1000 ਮੀਟਰ ਫੈਂਸਿੰਗ ਕਰਨ ਤੇ 50 ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ। ਇਸ ਤੋਂ ਹੋਰ ਅੱਗੇ ਜਿਹੜੇ ਲੋਕ 4-4 ਘਰ, 5-5 ਘਰ ਜਾਂ 10-10 ਘਰ ਇਕੱਠੇ ਹੋ ਕੇ ਫੈਂਸਿੰਗ ਦਾ ਕੰਮ ਕਰਨਗੇ ਉਨ੍ਹਾਂ ਨੂੰ 60% ਸਬਸਿਡੀ ਦਿੱਤੀ ਜਾਂਦੀ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਜਿਹੜੀ ਮੰਤਰੀ ਸਾਹਿਬ ਨੇ ਗੱਲ ਕਹੀ ਹੈ ਕਿ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦੇਣੀ ਚਾਹੁੰਦੇ ਹਾਂ। ਮੈਂ ਵਧਾਈ ਦੇ ਨਾਲ-ਨਾਲ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੰਢੀ ਦੇ ਕਿਸਾਨਾਂ ਦੀ ਬਾਂਹ ਫੜੀ ਹੈ ਪਰ ਇਕ ਹੋਰ ਬੇਨਤੀ ਹੈ ਕਿ ਜਿਹੜੇ ਲੋਕ ਕਿਤੇ ਹੱਥ-ਪੈਰ ਮਾਰ ਕੇ ਜਾਂ ਪੈਸਾ ਧੇਲਾ ਫੜ ਕੇ ਜਿਨ੍ਹਾਂ ਨੇ ਜਾਲ ਲਗਾ ਲਿਆ ਹੈ, ਉਨ੍ਹਾਂ ਨੂੰ ਸਬਸਿਡੀ ਦਿੱਤੀ ਜਾ ਰਹੀ ਹੈ ਉਹ ਤਾਂ ਚੰਗੀ ਗੱਲ ਹੈ ਪਰ ਉਨ੍ਹਾਂ ਕਿਸਾਨਾਂ ਦਾ ਕੀ ਕਸੂਰ ਹੈ ਜਿਨ੍ਹਾਂ ਦੇ ਕੋਲ ਬਿਲਕੁਲ ਪੈਸਾ ਨਹੀਂ ਹੈ, ਜਿਹੜੇ ਖੇਤਾਂ ਦੀ ਫੈਂਸਿੰਗ ਨਹੀਂ ਕਰ ਸਕਦੇ। ਉਨ੍ਹਾਂ ਲਈ ਸਰਕਾਰ ਕੀ ਕਰ ਰਹੀ ਹੈ, ਮੈਂ ਇਹ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ?

**ਮਾਨਯੋਗ ਸਪੀਕਰ :** ਇਹ ਸਹੀ ਢੰਗ ਨਾਲ ਹੋ ਜਾਵੇ, ਕਿਸੇ ਨਾਲ ਵਿਤਕਰਾ ਨਾ ਹੋਵੇ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਵਿਤਕਰੇ ਵਾਲੀ ਗੱਲ ਨਹੀਂ ਹੈ ਜੀ। ਜਿਹੜੇ ਕਿਸਾਨਾਂ ਕੋਲ ਜਾਲ ਲਗਾਉਣ ਲਈ ਪੈਸੇ ਨਹੀਂ ਹਨ, ਉਨ੍ਹਾਂ ਲਈ ਸਰਕਾਰ ਕੀ ਕਰ ਰਹੀ ਹੈ? ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ। ਮੌਜੂਦਾ ਤਾਂ 563 ਕੰਢੀ ਏਰੀਏ ਦੇ ਕਿਸਾਨਾਂ ਨੂੰ ਸਬਸਿਡੀ ਦਿੱਤੀ ਗਈ ਹੈ। ਦਸੂਹਾ ਵਿਖੇ 104, ਹੁਸ਼ਿਆਰਪੁਰ ਵਿਖੇ 99, ਗੜ੍ਹਸ਼ੰਕਰ 140, ਰੋਪੜ ਵਿਖੇ 77, ਪਠਾਨਕੋਟ 74 ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ 69 ਕਿਸਾਨਾਂ ਨੂੰ ਸਬਸਿਡੀ ਦਿੱਤੀ ਗਈ ਹੈ। ਲੇਕਿਨ ਇਨ੍ਹਾਂ ਦਾ ਪੁਆਇੰਟ ਹੈ ਕਿ ਜਿਹੜੇ ਕਿਸਾਨ 50% ਪੈਸੇ ਲਗਾ ਸਕਦੇ ਹਨ, ਉਨ੍ਹਾਂ ਨੂੰ 50% ਸਬਸਿਡੀ ਮਿਲੀ ਹੈ, ਲੇਕਿਨ ਜਿਹੜੇ ਬਹੁਤ ਗਰੀਬ ਕਿਸਾਨ ਹਨ ਜਿਨ੍ਹਾਂ ਕੋਲ ਕੁਝ ਵੀ ਨਹੀਂ ਹੈ, we will certainly look into this.

**ਮਾਨਯੋਗ ਸਪੀਕਰ :** ਸੀ.ਐੱਮ. ਸਾਹਿਬ ਕਹਿੰਦੇ ਹਨ ਕਿ ਇਸ ਇਸ਼ੂ ਤੇ ਵਿਚਾਰ ਕਰਾਂਗੇ, ਉਨ੍ਹਾਂ ਨੇ ਕਿਹਾ ਹੈ ਕਿ ਇਸ ਤੇ ਵਿਚਾਰ ਕਰਾਂਗੇ।

**Sardar Jai Krishan Singh :** Thank you, Sir.

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਇਹ ਮੁੱਦਾ ਤੁਹਾਡੇ ਹਲਕੇ ਦਾ ਹੈ ਅਤੇ ਨਾਲ ਹੀ ਮੇਰੇ ਹਲਕੇ ਦਾ ਵੀ ਹੈ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਲੋਕਾਂ ਨੂੰ ਅਵੇਅਰ ਕਰਨ ਵਾਸਤੇ ਕਿੰਨੇ ਕੈਂਪ ਲਗਾਏ ਅਤੇ ਤੁਹਾਡੇ ਮੁਲਾਜਮਾਂ ਨੇ ਕਿੰਨੇ ਕੈਂਪ ਲਗਾਏ? ਤੁਸੀਂ ਕਿੰਨੇ ਲੋਕਾਂ ਨੂੰ ਇਨ੍ਹਾਂ ਸਕੀਮਾਂ ਦੇ ਪਰਮਿਟ ਲੈਣ ਬਾਰੇ ਪ੍ਰੇਰਿਤ ਕੀਤਾ ਹੈ ਅਤੇ ਕਿੰਨੇ ਕੈਂਪ ਲਗਾਏ ? ਮੈਨੂੰ ਲੱਗਦਾ ਹੈ ਕਿ ਕਿਸੇ ਦਾ ਕੋਈ ਕੈਂਪ ਨਹੀਂ ਲੱਗਿਆ, ਨਾ ਮੈਨੂੰ ਰੋਪੜ ਵਿਚ ਕਿਸੇ ਨੇ ਬੁਲਾਇਆ ਅਤੇ ਨਾ ਹੀ ਦੱਸਿਆ ਹੈ, ਨਾ ਲੋਕਾਂ ਨੂੰ ਤੁਹਾਡੀ ਸਕੀਮ ਬਾਰੇ ਪਤਾ ਹੈ। ਹਾਲਾਂਕਿ ਮੈਂ ਲੋਕਾਂ ਨੂੰ ਜਾ-ਜਾ ਕੇ ਇਸ ਸਕੀਮ ਬਾਰੇ ਦੱਸਦਾ ਹਾਂ ਪਰ ਤੁਸੀਂ ਕਿਸੇ ਨੂੰ ਨਹੀਂ ਦੱਸਿਆ। ਇਹ ਤੁਹਾਡੇ ਅਫਸਰਾਂ ਤੱਕ ਸਕੀਮ ਰਹਿ ਗਈ ਹੈ। ਕਿਰਪਾ ਕਰਕੇ ਆਉਣ ਵਾਲੇ ਸਮੇਂ ਵਿਚ ਲੋਕਾਂ ਲਈ ਕੈਂਪ ਲਗਾਓ ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਤੁਹਾਡੀਆਂ ਸਕੀਮਾਂ ਕਿਹੜੀਆਂ ਹਨ?

**ਮਾਨਯੋਗ ਸਪੀਕਰ :** ਇਨ੍ਹਾਂ ਦਾ ਕਹਿਣਾ ਹੈ ਕਿ ਤੁਸੀਂ ਕੈਂਪ ਲਗਾਓ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਰ, ਕਿੰਨੇ ਕੈਂਪ ਲਗਾਏ ਹਨ?

**ਜੰਗਲਾਤ ਮੰਤਰੀ :** ਅਖਬਾਰਾਂ ਦੇ ਵਿਚ ਇਸ਼ਤਿਹਾਰ ਦਿੱਤੇ ਗਏ ਅਤੇ ਸਬਸਿਡੀ ਲਾਗੂ ਹੋ ਚੁੱਕੀ ਹੈ। ਲੋਕਾਂ ਨੂੰ ਸਬਸਿਡੀ ਮਿਲ ਚੁੱਕੀ ਹੈ, ਜੇਕਰ ਇਨ੍ਹਾਂ ਨੂੰ ਨਹੀਂ ਪਤਾ ਤਾਂ ਮੈਂ ਇਨ੍ਹਾਂ ਦੇ ਕੋਲ ਅਫਸਰ ਭੇਜ ਦੇਵਾਂਗਾ।

**ਮਾਨਯੋਗ ਸਪੀਕਰ :** ਥੈਂਕ ਯੂ। ਹਾਂ ਜੀ, ਬੈਂਸ ਸਾਹਿਬ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਧੰਨਵਾਦ ਜੀ। ਸਪੀਕਰ ਸਾਹਿਬ, ਜਿਹੜਾ ਕੰਢੀ ਖੇਤਰ ਦੇ ਕਿਸਾਨਾਂ ਤੋਂ ਇਲਾਵਾ ਪੂਰੇ ਪੰਜਾਬ ਦੇ ਵਿੱਚ ਇੱਕ ਦਹਿਸ਼ਤ ਦਾ ਮਾਹੌਲ ਅਵਾਰਾ ਗਾਈਆਂ, ਢੱਠੇ, ਵੱਛੇ ਆਦਿ ਦਾ ਬਣਿਆ ਹੋਣ ਕਾਰਨ ਪੰਜਾਬ ਦਾ ਕਿਸਾਨ ਤਰਾਹ ਤਰਾਹ ਕਰ ਰਿਹਾ ਹੈ। ਸੜਕਾਂ ਉੱਤੇ ਦੁਰਘਟਨਾਵਾਂ ਹੁੰਦੀਆਂ ਹਨ, ਮੌਤਾਂ ਹੁੰਦੀਆਂ ਹਨ। ਸਪੀਕਰ ਸਾਹਿਬ, ਜਦੋਂ Cow Cess Bill ਇੰਟਰੋਡਿਊਸ ਹੋਇਆ ਸੀ ਤਾਂ ਮੈਂ ਉਸ ਦਿਨ ਤੁਹਾਡੇ ਜ਼ਰੀਏ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਇਸ ਦੀ ਜਿਊਰਿਸਡਿਕਸ਼ਨ ਫਿਕਸ ਕਰ ਦਿਓ ਕਿ ਜਿਸ ਤਰ੍ਹਾਂ ਇੱਕ ਥਾਣਾ ਹੁੰਦਾ ਹੈ ਤਾਂ ਉਸ ਦਾ ਵੀ ਇੱਕ ਅਧਿਕਾਰ ਖੇਤਰ ਹੁੰਦਾ ਹੈ। Cow Cess ਲੋਕਾਂ ਨੇ ਦੇਣਾ ਸ਼ੁਰੂ ਕਰ ਦਿੱਤਾ ਹੈ, ਗਊਸ਼ਾਲਾਵਾਂ

ਵਾਲਿਆਂ ਨੂੰ Cow Cess ਵਿੱਚੋਂ ਰਕਮਾਂ ਵੀ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਮੇਰੀ ਬੇਨਤੀ ਇੰਨੀ ਹੈ ਕਿ ਇਹ ਅਵਾਰਾ ਜਾਨਵਰਾਂ ਨਾਲ ਰਿਲੇਟਿਡ ਸਵਾਲ ਹੈ। ਪੂਰੇ ਪੰਜਾਬ ਅੰਦਰ ਦਹਿਸ਼ਤ ਦਾ ਮਾਹੌਲ ਬਣਿਆ ਪਿਆ ਹੈ। ਸੜਕੀ ਦੁਰਘਟਨਾਵਾਂ ਵਿੱਚ ਕੀਮਤੀ ਜਾਨਾਂ ਜਾ ਰਹੀਆਂ ਹਨ। ਜਦੋਂ ਪੰਜਾਬ ਦੇ ਲੋਕ ਕਾਓ ਸੈੱਸ ਦਿੰਦੇ ਹਨ ਤਾਂ ਕਾਓ ਸੈੱਸ ਲੈਣ ਵਾਲੀਆਂ ਗਊਸ਼ਾਲਾਵਾਂ ਨੂੰ ਜਿਹੜੇ ਅਵਾਰਾ ਪਸ਼ੂ ਹਨ ਉਨ੍ਹਾਂ ਨੂੰ ਗਊਸ਼ਾਲਾਵਾਂ ਵਿਚ ਕਿਸ ਨੇ ਵਾੜਨਾ ਹੈ....

**ਮਾਨਯੋਗ ਸਪੀਕਰ :** ਇਹ ਮਸਲਾ ਅੱਗੇ ਆਵੇਗਾ, ਇਹ ਅੱਜ ਲੱਗਿਆ ਹੋਇਆ ਹੈ। ਹਾਂ ਜੀ, ਸ਼੍ਰੀ ਕੰਵਰ ਸੰਧੂ ਜੀ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਇਹ ਜਿਹੜਾ ਮਸਲਾ ਹੈ, ਇਹ ਸਾਰਾ ਕੰਢੀ ਏਰੀਏ ਨਾਲ ਸਬੰਧਿਤ ਹੈ। ਕੀ ਸੀ.ਐੱਮ. ਸਾਹਿਬ ਇਹ ਕੰਸੀਡਰ ਕਰਨਗੇ ਕਿ ਜਿਹੜੀ ਇਹ ਜੰਗਲੀ ਜਾਨਵਰਾਂ ਨੂੰ ਰੋਕਣ ਲਈ ਤਾਰ ਲੱਗਣੀ ਚਾਹੀਦੀ ਹੈ, ਇਸ ਵਾਸਤੇ individual ਕਿਸਾਨਾਂ ਨੂੰ ਸਬਸਿਡੀ ਦੇਣ ਜਾਂ individual ਤਾਰ ਲਗਾਉਣ ਦੀ ਬਜਾਏ, ਕੀ ਇਹ ਪੂਰੇ ਪਿੰਡ ਵਾਸੀਆਂ ਵਾਸਤੇ ਲਗਾਈ ਜਾ ਸਕਦੀ ਹੈ? ਇਹ ਮੇਰਾ ਸੁਝਾਅ ਹੈ ਕਿਉਂਕਿ ਇਸ ਵਿੱਚ ਜਿਹੜੇ-ਜਿਹੜੇ ਪਿੰਡ ਇਫੈਕਟਿਡ ਹਨ, ਉਸ ਸਾਰੇ ਏਰੀਏ ਦੇ ਆਲੇ-ਦੁਆਲੇ ਤਾਰ ਲੱਗ ਜਾਵੇ। ਕੰਢੀ ਏਰੀਏ ਦੇ individual ਕਿਸਾਨ ਬਹੁਤ ਗਰੀਬ ਹਨ, ਉਹ ਨਾ ਹੀ ਅਪਲਾਈ ਕਰ ਸਕਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਸਿਸਟਮ ਬਾਰੇ ਪਤਾ ਹੈ। ਸੋ, ਕੀ ਤੁਸੀਂ ਪਿੰਡਾਂ ਵਿੱਚ ਤਾਰ ਲਗਾਉਣ ਦੀ ਇਸ ਸਕੀਮ ਨੂੰ ਕੰਸੀਡਰ ਕਰੋਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿੱਚ ਕਹਿ ਵੀ ਦਿੱਤਾ ਹੈ ਕਿ group of Houses ਵੀ ਕਰ ਸਕਦੇ ਹਨ। ਅਗਰ ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪਿੰਡ ਦੇ ਆਲੇ-ਦੁਆਲੇ ਤਾਰ ਲਗਾਈ ਜਾਵੇ ਤਾਂ we can look into that also.

**ਮਾਨਯੋਗ ਸਪੀਕਰ :** ਥੈਂਕ ਯੂ । ਅਗਲਾ ਸਵਾਲ, ਸ਼੍ਰੀ ਅੰਗਦ ਸਿੰਘ ਜੀ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1796

(ਸਬੰਧਿਤ ਮੈਂਬਰ ਦੇ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1744****

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

--------

## ਪਿੰਡ ਭੱਠਲਾਂ, ਜ਼ਿਲ੍ਹਾ ਬਰਨਾਲਾ ਤੋਂ ਬਰਨਾਲਾ ਲਈ ਬੱਸ ਸੇਵਾ ਦਾ ਪ੍ਰਬੰਧ ਕਰਨਾ

***1757. ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਭੱਠਲਾਂ, ਜ਼ਿਲ੍ਹਾ ਬਰਨਾਲਾ ਤੋਂ ਬਰਨਾਲਾ ਜਾਣ ਲਈ ਕੋਈ ਬੱਸ ਦਾ ਪ੍ਰਬੰਧ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਬਰਨਾਲਾ ਤੋਂ ਭੱਠਲਾਂ ਤੱਕ ਕੋਈ ਬੱਸ ਸਰਵਿਸ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀਮਤੀ ਅਰੁਨਾ ਚੌਧਰੀ :** ਹਾਂ ਜੀ। ਭੱਠਲਾਂ ਤੋਂ ਬਰਨਾਲਾ ਲਈ ਬੱਸ ਸਰਵਿਸ ਸ਼ੁਰੂ ਕਰਨਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਵੈਸੇ ਤਾਂ ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ 70 ਸਾਲਾਂ ਬਾਅਦ ਵੀ ਪਾਣੀ ਦੀ ਨਿਕਾਸੀ ਤੋਂ ਲੈ ਕੇ ਜਿਹੜੀਆਂ ਬੱਸ ਸਰਵਿਸ ਵਰਗੀਆਂ ਮੁੱਢਲੀਆਂ ਸਹੂਲਤਾਂ ਹਨ ਉਹ ਵੀ ਲੋਕਾਂ ਨੂੰ ਨਹੀਂ ਦੇ ਸਕੇ। ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕੋਈ ਆਮ ਪਿੰਡ ਨਹੀਂ ਹੈ। ਇਹ ਤੁਹਾਡੇ ਹੀ ਸਾਬਕਾ ਸੀ.ਐਮ., ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਜੀ ਦਾ ਪਿੰਡ ਹੈ। ਜੇਕਰ ਸਾਬਕਾ ਸੀ.ਐਮ., ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਸਾਹਿਬ ਦੇ ਪਿੰਡ ਦੇ ਇਹ ਹਾਲਾਤ ਹੋਣਗੇ ਤਾਂ ਪੰਜਾਬ ਦੇ ਬਾਕੀ ਪਿੰਡਾਂ ਦੇ ਕੀ ਹਾਲਾਤ ਹੋਣਗੇ? ਕੱਲ੍ਹ ਜਿਹੜਾ ਗਵਰਨਰ ਐਡਰੈੱਸ ਸੀ, ਉਸ ਨੂੰ ਸੁਣ ਕੇ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਪੰਜਾਬ ਜਿਹਾ ਕੋਈ ਹੋਰ ਉੱਤਮ ਸੂਬਾ ਹੀ ਨਹੀਂ ਹੈ...

**ਮਾਨਯੋਗ ਸਪੀਕਰ:** ਕੁਐਸਚਨ, ਕੁਐਸਚਨ ਜੀ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਮੇਰੀ ਇਹੀ ਬੇਨਤੀ ਹੈ ਕਿ ਲੋਕਾਂ ਨੂੰ ਚਾਰ-ਚਾਰ ਕਿਲੋਮੀਟਰ, ਭੱਠਲਾਂ ਤੋਂ ਜਾ ਕੇ ਦੂਜੇ ਪਿੰਡਾਂ ਤੋਂ ਜਾ ਕੇ ਬੱਸ ਚੜ੍ਹਨਾ ਪੈਂਦਾ ਹੈ। ਸੋ, ਮੈਂ ਸੀ.ਐੱਮ. ਸਾਹਿਬ ਅਤੇ ਮੰਤਰੀ ਸਾਹਿਬ ਨੂੰ

** For Starred Question No. 1744 and to reply there to please see Appendix to this Debates.

ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਐਕਸ ਸੀ.ਐੱਮ. ਜੀ ਦਾ ਪਿੰਡ ਹੈ, ਉਥੇ ਬੱਸ ਦੀ ਜਿਹੜੀ ਮੁੱਢਲੀ ਸਹੂਲਤ ਹੈ, ਉਹ ਜ਼ਰੂਰ ਸ਼ੁਰੂ ਕੀਤੀ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਅਗਰ ਕੋਈ ਰੂਟ ਵਾਇਬਲ ਹੁੰਦਾ ਹੈ ਤਾਂ ਹੀ ਅਸੀਂ ਉਸ ਤੇ ਬੱਸ ਚਲਾਉਂਦੇ ਹਾਂ, ਜੇਕਰ ਉਸ ਦੀ ਵਾਇਬਿਲਟੀ ਨਹੀਂ ਤਾਂ ਉਸ ਉੱਤੇ ਬੱਸ ਸਰਵਿਸ ਚਲਾਉਣੀ ਮੁਸ਼ਕਿਲ ਹੈ। ਮੈਂ ਮੈਂਬਰ ਸਾਹਿਬ ਨੂੰ ਦੂਸਰੀ ਗੱਲ ਇਹ ਦੱਸਣਾ ਚਾਹਾਂਗੀ ਕਿ ਪਬਲਿਕ ਦੀ ਆਵਾਜਾਈ ਨੂੰ ਸੁਖਾਲੀ ਬਣਾਉਣ ਵਾਸਤੇ, ਲੋਕਾਂ ਨੂੰ ਸਾਧਨ ਸੁਵਿਧਾ ਦੇਣ ਵਾਸਤੇ, ਅਸੀਂ ਟਰਾਂਸਪੋਰਟ ਡਿਪਾਰਟਮੈਂਟ ਵੱਲੋਂ ਇੱਕ ਆਨ-ਲਾਈਨ ਸੇਵਾ ਸ਼ੁਰੂ ਕੀਤੀ ਹੈ, ਜਿਸ ਰਾਹੀਂ ਅਸੀਂ ਆਮ ਲੋਕਾਂ ਤੋਂ ਸੁਝਾਅ ਮੰਗੇ ਹਨ ਕਿ ਇਹ ਦੱਸਿਆ ਜਾਵੇ ਕਿ ਕਿਹੜੇ-ਕਿਹੜੇ ਰੂਟ ਤੇ ਤੁਹਾਨੂੰ ਮੁਸ਼ਕਿਲ ਆ ਰਹੀ ਹੈ ਔਰ ਤੁਸੀਂ ਚਾਹੁੰਦੇ ਹੋ ਕਿ ਇੱਥੇ ਬੱਸ ਸਰਵਿਸ ਸ਼ੁਰੂ ਹੋਣੀ ਚਾਹੀਦੀ ਹੈ, ਉਸ ਸੁਝਾਅ ਤੋਂ ਬਾਅਦ ਅਸੀਂ ਉਸ ਨੂੰ ਕੰਸੋਲੀਡੇਟ ਕਰਕੇ, ਜਿਹੜੇ ਰੂਟ ਵਾਇਬਲ ਹੋਣਗੇ, ਅਸੀਂ ਉਨ੍ਹਾਂ ਰੂਟਾਂ ਤੇ ਨਵੇਂ ਪਰਮਿਟ ਦੇ ਕੇ ਬੱਸਾਂ ਚਲਾਵਾਂਗੇ। ਸੋ, ਜਿਨ੍ਹਾਂ-ਜਿਨ੍ਹਾਂ ਨੂੰ ਕੋਈ ਵੀ ਪ੍ਰਾਬਲਮ ਆਉਂਦੀ ਹੈ ਜਾਂ ਉਥੇ ਬੱਸ ਸਰਵਿਸ ਚਾਹੀਦੀ ਹੈ ਤਾਂ ਤੁਸੀਂ ਉਸ ਆਫੀਸ਼ੀਅਲ ਵੈੱਬਸਾਈਟ ਤੇ ਜਾ ਕੇ ਆਪਣਾ ਸੁਝਾਅ ਪਾ ਸਕਦੇ ਹੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਮੈਂ ਪਬਲਿਕ ਦਾ ਨੁਮਾਇੰਦਾ ਹਾਂ। ਮੈਂ ਪਿੰਡਾਂ ਵਿੱਚ ਜਾਂਦਾ ਹਾਂ, ਉਥੇ ਦੀ ਪਬਲਿਕ ਨੇ ਮੈਨੂੰ ਦੱਸਿਆ ਹੈ ਕਿ ਬੱਸ ਸਰਵਿਸ ਨਹੀਂ ਹੈ ਤਾਂ ਹੀ ਮੈਂ ਇੱਥੇ ਆ ਕੇ ਸਵਾਲ ਲਗਾਇਆ ਹੈ।

**ਮਾਨਯੋਗ ਸਪੀਕਰ :** ਨਹੀਂ, ਉਹ ਕਹਿ ਰਹੇ ਹਨ ਕਿ ਇਹ ਰੂਟ ਵਾਇਬਲ ਨਹੀਂ ਹੈ। ਉਨ੍ਹਾਂ ਦਾ ਜਵਾਬ ਆ ਗਿਆ ਹੈ। ਸਵਾਲ ਇਸ ਗੱਲ ਦਾ ਨਹੀਂ ਹੈ ਕਿ ਐਕਸ ਸੀ.ਐੱਮ.ਦਾ ਪਿੰਡ ਹੈ। (ਵਿਘਨ) ਨਹੀਂ, ਨਹੀਂ, ਇਹ ਸਵਾਲ ਨਹੀਂ ਹੈ ਕਿ ਇਹ ਐਕਸ ਸੀ.ਐੱਮ. ਦਾ ਪਿੰਡ ਹੈ। ਤੁਸੀਂ ਲੋਕਾਂ ਦੀ ਗੱਲ ਕਰੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਰ, ਮੈਂ ਲੋਕਾਂ ਦੀ ਹੀ ਗੱਲ ਕਰ ਰਿਹਾ ਹਾਂ। ਪਿੰਡ ਤੱਕ ਬੱਸ ਨਹੀਂ ਜਾਂਦੀ। ਮੈਂ ਲੋਕਾਂ ਦੀ ਸਹੂਲਤ ਦੀ ਹੀ ਗੱਲ ਕਰ ਰਿਹਾ ਹਾਂ ਜੀ।

**ਮਾਨਯੋਗ ਸਪੀਕਰ :** ਠੀਕ ਹੈ, ਜੀ, ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। ਹਾਂ ਜੀ, ਅਮਨ ਜੀ।

**ਸ਼੍ਰੀ ਅਮਨ ਅਰੋੜਾ :** ਧੰਨਵਾਦ ਸਰ। ਸਪੀਕਰ ਸਾਹਿਬ, ਮੰਤਰੀ ਮਹੋਦਿਆ ਜੀ ਨੇ ਜਵਾਬ ਦਿੱਤਾ ਕਿ ਜੇ ਵਾਇਬਲ ਹੋਏਗਾ ਤਾਂ ਹੀ ਹੈ। ਸਰ, we are a welfare State, ਆਪਾਂ ਨੂੰ ਲੋਕਾਂ ਦੀਆਂ ਜ਼ਰੂਰਤਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਜੇ ਸਿਰਫ ਪ੍ਰਾਫੇਟੇਬਿਲਟੀ ਹੀ ਦੇਖਣੀ ਹੈ ਤਾਂ ਸਰਕਾਰ ਦੇ ਵਿਚ ਅਤੇ ਪ੍ਰਾਈਵੇਟ ਆਪਰੇਟਰ ਦੇ ਵਿਚ ਫਰਕ ਕੀ ਰਹਿ ਗਿਆ? ਮੇਰੀ ਤੁਹਾਨੂੰ ਸਬਮਿਸ਼ਨ ਇਹ ਹੈ ਕਿ ਇੱਕ ਤਾਂ ਪਲੀਜ਼ ਇਹ ਐਗਜ਼ਾਮਿਨ ਕਰਵਾ ਲਵੋ। ਮੈਂ ਖੁਦ ਇੱਕ ਟਰਾਂਸਪੋਰਟਰ ਰਿਹਾ ਹਾਂ, ਮੈਂ ਦੇਖਿਆ ਹੈ ਕਿ ਪੰਜਾਬ ਦੇ ਵਿਚ ਬੱਸਾਂ as per ਰੂਟਜ਼ ਨਹੀਂ ਚੱਲਦੀਆਂ। ਪ੍ਰਾਈਵੇਟ ਬੱਸਾਂ ਅਤੇ ਸਰਕਾਰੀ ਬੱਸਾਂ ਆਫ ਦਿ ਰੂਟ ਚੱਲਦੀਆਂ ਹਨ, ਇਹ ਸਿਰਫ ਪ੍ਰਾਫੇਟਬਿਲਟੀ ਦੀ ਵਜ੍ਹਾ ਕਰਕੇ ਹੀ ਚਲਦੀਆ ਹਨ। ਨੰਬਰ ਦੋ ਤੁਸੀਂ ਇਸ ਨੂੰ ਦੁਬਾਰਾ ਰੀ-ਐਗਜ਼ਾਮਿਨ ਕਰਵਾ ਲਵੋ, ਜਿੱਥੇ ਤਾਂ ਪ੍ਰਾਫੇਟਬਿਲਟੀ ਜ਼ਿਆਦਾ ਹੈ ਉੱਥੇ ਤਾਂ ਪ੍ਰਾਈਵੇਟ ਆਪਰੇਟਰ ਦਰਖਾਸਤ ਦੇ ਦੇਵੇਗਾ ਤੇ ਉਸ ਨੂੰ ਪਰਮਿਟ ਮਿਲ ਵੀ ਜਾਵੇਗਾ। ਜਿੱਥੇ ਪ੍ਰਾਫੇਟਬਿਲਟੀ ਨਹੀਂ ਹੈ ਪਰ ਉੱਥੇ ਲੋਕਾਂ ਦੀ, ਪਬਲਿਕ ਦੀ ਜ਼ਰੂਰਤ ਹੈ ਤਾਂ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਪਲੀਜ਼, ਕਿਰਪਾ ਕਰਕੇ ਇਹ ਕੀਤਾ ਜਾਵੇ, ਇਹ ਇਕੱਲੇ ਮੇਰੇ ਹਲਕੇ ਦੀ ਪ੍ਰਾਬਲਮ ਨਹੀਂ ਹੈ। ਇਹ ਪ੍ਰਾਬਲਮ ਸਾਰਿਆਂ ਦੇ ਹਲਕਿਆਂ ਵਿਚ ਹੋਏਗੀ। ਜਿੱਥੇ ਵੀ ਜ਼ਰੂਰਤ ਹੈ ਉੱਥੇ ਰਿਵਿਊ ਕਰਵਾ ਲਵੋ। ਜਿੱਥੇ ਵੀ ਲੋਕਾਂ ਨੂੰ ਜ਼ਰੂਰਤ ਹੈ ਉੱਥੇ ਲੋਕਾਂ ਨੂੰ public interest ਵਿਚ ਸਰਵਿਸ ਦੇਣੀ ਚਾਹੀਦੀ ਹੈ ।ਉਂਝ ਤਾਂ ਆਪਾਂ ਏਅਰ-ਕੁਨੈਕਟੀਵਿਟੀ ਦੀਆਂ ਗੱਲਾਂ ਕਰਦੇ ਹਾਂ ਪਰ ਹਾਲੇ ਤੱਕ ਪਿੰਡਾਂ ਵਿਚ ਬੱਸ ਕੁਨੈਕਟੀਵਿਟੀ ਨਹੀਂ ਪਹੁੰਚੀ। (ਹਾਸਾ)

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ, ਸਵਾਲ ਪੁੱਛੋ, ਤੁਸੀਂ ਕਹਿਣਾ ਕੀ ਚਾਹੁੰਦੇ ਹੋ?

**ਸ਼੍ਰੀ ਅਮਨ ਅਰੋੜਾ :** ਮੇਰਾ ਸਵਾਲ ਇਹ ਹੈ ਕਿ ਕੀ ਜਿੱਥੇ ਪਬਲਿਕ ਰਿਕੁਆਇਰਮੈਂਟ ਹੈ ਉਥੇ ਨਵੇਂ ਪਰਮਿਟ ਕੱਢਣ ਦੀ ਜਾਂ ਐਕਸਟੈਂਸ਼ਨਜ਼ ਕਰਨ ਦੀ ਕੋਈ ਮਨਸ਼ਾ ਜਾਂ ਪ੍ਰੋਵੀਜ਼ਨ ਸਰਕਾਰ ਦੇ ਧਿਆਨ ਵਿਚ ਹੈ? ਇਹ ਮੇਰਾ ਸਵਾਲ ਹੈ ਜੀ।

**ਮੰਤਰੀ :** ਸਪੀਕਰ ਸਾਹਿਬ, ਇਸ ਕਰਕੇ ਹੀ ਮੈਂ ਪਹਿਲਾਂ ਬੜੀ ਡਿਟੇਲ ਵਿਚ ਦੱਸ ਚੁੱਕੀ ਹਾਂ ਕਿ ਪਬਲਿਕ ਦੀ ਯੂਟੀਲਿਟੀ ਦੇਖਣ ਵਾਸਤੇ ਹੀ, ਪਬਲਿਕ ਨੂੰ ਸੁਵਿਧਾ ਦੇਣ ਵਾਸਤੇ ਹੀ ਅਸੀਂ ਤੁਹਾਡੇ ਸੁਝਾਅ ਮੰਗੇ ਹਨ। ਜਿੱਥੇ ਪਬਲਿਕ ਦੀ

ਯੂਟੀਲਿਟੀ ਹੋਵੇਗੀ, ਉੱਥੇ ਪ੍ਰਾਫੇਟਬਿਲਟੀ ਵੀ ਨਿਕਲ ਹੀ ਆਏਗੀ। ਸੋ, ਸਾਡੀ ਪ੍ਰਾਇਰਟੀ ਲੋਕਾਂ ਨੂੰ ਸੁਵਿਧਾ ਦੇਣ ਦੀ ਹੈ। ਤੁਸੀਂ ਸੁਝਾਅ ਦੇ ਦਿਓ, ਅਸੀਂ ਉਸ ਦੀ ਵਾਇਬਿਲਟੀ ਵੇਖ ਲਵਾਂਗੇ।

**ਮਾਨਯੋਗ ਸਪੀਕਰ :** ਇਨ੍ਹਾਂ ਦੇ ਸੁਝਾਅ ਨੂੰ ਕੰਸੀਡਰ ਕਰ ਲਵੋ ਜੀ। ਅਗਲਾ ਸਵਾਲ.....

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ, ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਪਿੱਛੇ ਜਿਹੇ ਇੱਕ ਨਿਊਜ਼ ਆਈ ਸੀ ਕਿ ਸਰਕਾਰ ਵੱਲੋਂ 600 ਨਵੀਆਂ ਬੱਸਾਂ ਖਰੀਦੀਆਂ ਜਾ ਰਹੀਆਂ ਹਨ ਲੇਕਿਨ ਮੰਤਰੀ ਸਾਹਿਬਾ ਇਨ੍ਹਾਂ ਦੀਆਂ ਫਾਈਲਾਂ ਦੱਬੀ ਬੈਠੇ ਹਨ, ਇਹ ਜਾਣ-ਬੁੱਝ ਕੇ ਨਹੀਂ ਕੱਢ ਰਹੇ। ਇਹ ਆਪਣੇ ਬੰਦਿਆਂ ਨੂੰ ਇਸ ਦੇ ਟੈਂਡਰ ਦੇਣਾ ਚਾਹੁੰਦੇ ਹਨ। ਇਸ ਬਾਰੇ ਮੰਤਰੀ ਸਾਹਿਬਾ ਕਲੈਰੀਫਿਕੇਸ਼ਨ ਦੇਣ ਜੀ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ ਜੀ। ਤੁਸੀਂ ਇਹ ਸਵਾਲ ਦੇ ਦੇਣਾ ਸੀ (ਵਿਘਨ)(ਸ਼ੋਰ) ਤੁਸੀਂ ਇਸ ਬਾਰੇ ਸਵਾਲ ਦੇ ਦੇਣਾ ਸੀ, Just listen, just listen, (ਵਿਘਨ) just listen please, just listen. ਸਵਾਲ ਤੁਸੀਂ ਦਿੱਤਾ ਨਹੀਂ। ਜੇ ਤੁਸੀਂ ਇਸ ਬਾਰੇ ਕੋਈ ਗੱਲ ਕਹਿਣੀ ਹੈ ਤਾਂ ਗਵਰਨਰ ਐਡਰੈੱਸ ਤੇ ਕਹਿ ਲਿਓ। ਹਾਂ ਜੀ, ਸਿਮਰਜੀਤ ਸਿੰਘ ਬੈਂਸ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਵੋਲਵੋ ਬੱਸਾਂ ਏਅਰਪੋਰਟ ਤੇ ਜਾਂਦੀਆਂ ਸੀ। ਕੇਜਰੀਵਾਲ ਸਾਹਿਬ ਦੀ ਐਸੀ ਅਪਾਰ ਬਖਸ਼ਿਸ਼ ਹੋਈ ਕਿ ਪਤਾ ਨਹੀਂ ਕਿਹੜੀ ਸੰਧੀ ਹੈ ਜਿਸ ਤੇ ਉਹ ਬੱਸਾਂ ਥਾਣਿਆਂ ਦੇ ਵਿਚ ਫੜ ਕੇ ਬੰਦ ਕਰ ਦਿੱਤੀਆਂ। ਇੰਡੋ-ਕੈਨੇਡੀਅਨ ਬੱਸ ਸੇਵਾ ਸਤਿਕਾਰਯੋਗ ਬਾਦਲ ਸਾਹਿਬ ਦੇ ਟੱਬਰ ਦੀ ਟਰਾਂਸਪੋਰਟ ਹੈ। ਉਨ੍ਹਾਂ ਕੋਲ ਟੂਰਿਸਟ ਪਰਮਿਟ ਹੈ, ਉਨ੍ਹਾਂ ਦੀਆਂ ਬੱਸਾਂ ਧੜਾਧੜ ਚੱਲ ਰਹੀਆਂ ਹਨ ਜਦ ਕਿ ਉਨ੍ਹਾਂ ਕੋਲ ਸਟੇਜ ਕੈਰਿਜ ਪਰਮਿਟ ਨਹੀਂ ਹੈ। ਜਲੰਧਰ

ਤੋਂ ਲੁਧਿਆਣੇ ਦੀਆਂ ਸਵਾਰੀਆਂ, ਫਿਲੌਰ ਦੀਆਂ ਸਵਾਰੀਆਂ, ਗੋਰਾਇਆ, ਖੰਨੇ ਦੀਆਂ ਸਵਾਰੀਆਂ, ਸਰਹੰਦ ਅਤੇ ਰਾਜਪੁਰੇ ਦੀਆਂ ਸਵਾਰੀਆਂ ਉਹ ਸਿੱਧੀਆਂ ਭਰ ਕੇ ਏਅਰਪੋਰਟ ਤੱਕ ਜਾਂਦੀਆਂ ਹਨ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ, ਸਵਾਲ ਪੁੱਛੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਵਾਲ ਇਹ ਹੈ ਕਿ ਜਿਹੜੀਆਂ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਵੋਲਵੋ ਬੱਸਾਂ ਹਨ, ਜਿਨ੍ਹਾਂ ਤੇ ਸਰਕਾਰ ਦਾ ਅਰਬਾਂ ਰੁਪਿਆ ਖਰਚਾ ਹੋਇਆ ਹੈ ਉਹ ਕਿਉਂ ਬੰਦ ਹੋਈਆਂ? ਮੇਰਾ ਮੰਤਰੀ ਜੀ ਤੋਂ ਇਹ ਸਵਾਲ ਹੈ।

**ਮਾਨਯੋਗ ਸਪੀਕਰ :** ਮੰਤਰੀ ਜੀ, ਦੱਸਣਾ ਚਾਹੋਗੇ? ਵੈਸੇ ਵੱਖਰਾ ਸਵਾਲ ਬਣਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਵੈਸੇ ਤਾਂ ਇਹ ਵੱਖਰਾ ਸਵਾਲ ਬਣਦਾ ਹੈ ਪਰ ਫਿਰ ਵੀ ਮੈਂ ਮੋਟੇ ਤੌਰ ਤੇ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਇੱਥੇ ਬੈਠ ਕੇ ਗੱਲਾਂ ਕਰਨੀਆਂ ਬਹੁਤ ਆਸਾਨ ਹਨ, ਪਰ ਅਸਲੀਅਤ ਇਹ ਹੈ ਕਿ ਜੋ ਤੁਸੀਂ ਕਿਹਾ....(ਵਿਘਨ)

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਆਪਸ ਵਿਚ ਗੱਲ ਨਾ ਕਰੋ, ਚੇਅਰ ਨੂੰ ਐਡਰੈੱਸ ਕਰੋ, ਇੱਧਰ ਗੱਲ ਕਰੋ।

**ਮੰਤਰੀ :** ਤੁਸੀਂ ਦੋ ਗੱਲਾਂ ਮਿਕਸ ਨਾ ਕਰੋ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ ਕਿ ਜਿਹੜੀਆਂ ਪ੍ਰਾਈਵੇਟ ਬੱਸਾਂ ਹਨ, ਉਹ ਏਅਰ ਪੋਰਟ ਤੱਕ ਜਾ ਰਹੀਆਂ ਹਨ, ਪਰ ਗੌਰਮਿੰਟ ਦੀਆਂ ਬੱਸਾਂ ਨਹੀਂ ਜਾ ਰਹੀਆਂ। ਜਿਹੜੀ ਆਮ ਆਦਮੀ ਦੀ ਸਰਕਾਰ ਦਿੱਲੀ ਵਿਚ ਬੈਠੀ ਹੈ, ਮੈਂ ਕਹਾਂਗੀ ਕਿ ਉਨ੍ਹਾਂ ਦੀ ਮਿਲੀ-ਭੁਗਤ ਦੇ ਨਾਲ, ਆਰਬਿਟ ਰਿਜ਼ਾਰਟ ਦੇ ਨਾਲ ਰਲ ਕੇ, ਮਿਲੀ-ਭੁਗਤ ਨਾਲ ਇਹ ਸਾਡੀਆਂ ਪੰਜਾਬ ਰੋਡਵੇਜ਼ ਦੀਆਂ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਬੰਦ ਕੀਤੀਆਂ ਹਨ। ਹਾਲਾਂ ਕਿ ਅਸੀਂ ਟੂਰਿਸਟ ਪਰਮਿਟ ਦੇ ਕੇ ਵੀ ਉਹ ਬੱਸਾਂ ਚਲਾਉਣ ਦੀ ਕੋਸ਼ਿਸ਼ ਕੀਤੀ ਲੇਕਿਨ ਫਿਰ ਵੀ ਉਨ੍ਹਾਂ ਨੇ ਸਾਡੀਆਂ ਬੱਸਾਂ ਬੰਦ ਕਰ ਦਿੱਤੀਆਂ। ਕੀ ਇਹ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਇਥੇ ਜਵਾਬ ਦੇਣਗੇ? ਇਥੇ ਬੈਠ ਕੇ ਗੱਲਾਂ ਕਰਨੀਆਂ ਕਿ ਆਮ ਲੋਕਾਂ ਦੀ ਸਹੂਲਤ ਵਾਸਤੇ ਤੁਸੀਂ ਕੰਮ ਕਰਦੇ ਹੋ ਲੇਕਿਨ हाथी के दांत खाने के और हैं और दिखाने के और हैं। (ਥੰਪਿੰਗ) (ਵਿਘਨ)

**ਮਾਨਯੋਗ ਸਪੀਕਰ :** ਬੈਠੋ ਪਲੀਜ਼। ਬੈਠੋ ਪਲੀਜ਼। ਬੈਂਸ ਸਾਹਿਬ, ਬੈਠੋ। ਅਗਲਾ ਸਵਾਲ। ਸਰਦਾਰ ਸੁਰਜੀਤ ਸਿੰਘ ਧੀਮਾਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਅਗਲਾ ਸਵਾਲ, ਸਰਦਾਰ ਸੁਰਜੀਤ ਸਿੰਘ ਧੀਮਾਨ। (ਵਿਘਨ)(ਸ਼ੋਰ) ਤੁਸੀਂ ਕਿਉਂ ਤੜਫਦੇ ਹੋ? ਇੰਨੇ ਕਿਉਂ ਤੜਫ ਗਏ ਤੁਸੀਂ ਸਾਰੇ (ਵਿਘਨ)(ਸ਼ੋਰ) ਤੁਸੀਂ ਬੈਠੋ, ਨਹੀਂ, ਤੁਸੀਂ ਸਾਰੇ ਇੰਨੇ ਕਿਉ ਤੜਫ ਗਏ (ਵਿਘਨ)(ਸ਼ੋਰ) ਤੜਫ ਕਿਉਂ ਗਏ ਸਾਰੇ (ਵਿਘਨ)(ਸ਼ੋਰ) ਚਲੋ, ਅਗਲਾ ਸਵਾਲ, ਸੁਰਜੀਤ ਸਿੰਘ ਧੀਮਾਨ। (ਵਿਘਨ)( ਸ਼ੋਰ) ਹਾਂ ਜੀ, ਸਰਕਾਰੀਆ ਜੀ, ਸਰਕਾਰੀਆ ਜੀ, ਤੁਸੀਂ ਜਵਾਬ ਦਿਉ।

-----

## ਸਬ-ਡਵੀਜ਼ਨ ਅਹਿਮਦਗੜ੍ਹ ਦੇ ਦਫਤਰਾਂ ਲਈ ਨਵੀਂ ਇਮਾਰਤ ਦੇ ਨਿਰਮਾਣ ਦੀ ਮੌਜੂਦਾ ਸਥਿਤੀ

***1779. ਸਰਦਾਰ ਸੁਰਜੀਤ ਸਿੰਘ ਧੀਮਾਨ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਸਬ-ਡਵੀਜ਼ਨ ਅਹਿਮਦਗੜ੍ਹ (ਸੰਗਰੂਰ) ਦੇ ਦਫਤਰਾਂ ਲਈ ਨਵੀਂ ਇਮਾਰਤ ਦੇ ਨਿਰਮਾਣ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਕੀ ਹਨ ਅਤੇ ਇਸ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਸਬ-ਡਵੀਜ਼ਨ ਅਹਿਮਦਗੜ੍ਹ (ਸੰਗਰੂਰ) ਦੇ ਦਫਤਰਾਂ ਲਈ ਨਵੀਂ ਇਮਾਰਤ ਦਾ ਨਿਰਮਾਣ ਕਰਨ ਲਈ ਡਿਪਟੀ ਕਮਿਸ਼ਨਰ, ਸੰਗਰੂਰ ਵੱਲੋਂ ਤਿੰਨ ਵੱਖ ਵੱਖ ਥਾਵਾਂ ਦੀ ਸ਼ਨਾਖਤ ਕੀਤੀ ਗਈ ਹੈ। ਇਨ੍ਹਾਂ ਤਿੰਨਾਂ ਥਾਵਾਂ ਦੇ ਸਬੰਧਿਤ ਵਿਭਾਗ ਜਿਵੇਂ ਕਿ ਜੰਗਲਾਤ ਵਿਭਾਗ, ਕੋਆਪਰੇਟਿਵ ਮਾਰਕੀਟਿੰਗ ਸੁਸਾਇਟੀ ਅਤੇ ਮਹਿਕਮਾ ਕਾਲੋਨਾਈਜ਼ੇਸ਼ਨ ਪਾਸੋਂ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਕਾਰਵਾਈ ਚੱਲ ਰਹੀ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਅਮਰਜੀਤ ਸਿੰਘ ਸੰਦੋਆ, ਸ਼੍ਰੀ ਬੁੱਧ ਰਾਮ, ਸਰਦਾਰ ਕੁਲਤਾਰ ਸਿੰਘ ਸੰਧਵਾਂ, ਸਰਦਾਰ ਕੁਲਵੰਤ ਸਿੰਘ ਪੰਡੋਰੀ, ਸ਼੍ਰੀ ਅਮਨ ਅਰੋੜਾ, ਸ਼੍ਰੀਮਤੀ ਸਰਵਜੀਤ ਕੌਰ

[ਮਾਲ ਮੰਤਰੀ ]

ਮਾਣੂਕੇ, ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਸਰਦਾਰ ਮਨਜੀਤ ਸਿੰਘ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਅਤੇ ਸਰਦਾਰ ਜੈ ਕ੍ਰਿਸ਼ਨ ਸਿੰਘ ਸਦਨ ਦੇ ਵੈੱਲ ਵਿੱਚ ਆ ਗਏ ਅਤੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ। ਇਸ ਸਮੇਂ ਸਦਨ ਵਿੱਚ ਕਾਫੀ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ :** ਨਹੀਂ ਹੋਣਾ, ਬੈਠੋ, ਬੈਠੋ, ਬੈਠੋ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ, ਉਹ ਦਰਜ ਨਾ ਕੀਤਾ ਜਾਵੇ।** ਤੁਸੀਂ ਨਹੀਂ ਜਵਾਬ ਦੇਣਾ।(ਵਿਘਨ)(ਸ਼ੋਰ) ਤੁਸੀਂ ਜਵਾਬ ਨਹੀਂ ਦੇਣਾ। ਸਵਾਲ ਜਵਾਬ ਤੁਹਾਡੇ ਨਾਲ ਨਹੀਂ ਹੋ ਰਹੇ। ਤੁਹਾਡੇ ਨਾਲ ਨਹੀਂ ਹੈ।ਹਾਂ ਜੀ, ਧੀਮਾਨ ਸਾਹਿਬ ....(ਵਿਘਨ...ਸ਼ੋਰ).... ਧੀਮਾਨ ਸਾਹਿਬ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਦੁਬਾਰਾ ਜਵਾਬ ਦੇਣਗੇ ਜੀ? ਮੈਨੂੰ ਤਾਂ ਸੁਣਿਆ ਨਹੀਂ ਜੀ, ਰੌਲੇ ਵਿੱਚ ਸੁਣਿਆ ਨਹੀਂ ਜੀ। .....(ਵਿਘਨ...ਸ਼ੋਰ)....

**ਮਾਨਯੋਗ ਸਪੀਕਰ :** ਮੰਤਰੀ ਜੀ, ਜ਼ਰਾ ਸਮਝਾ ਦਿਓ ਇਨ੍ਹਾਂ ਨੂੰ .....(ਵਿਘਨ....ਸ਼ੋਰ)....

**ਮੰਤਰੀ :** ਸਪੀਕਰ ਸਾਹਿਬ, ਇਥੇ ਹੀ ਦੱਸ ਦੇਵਾਂ (ਸਰਦਾਰ ਸੁਰਜੀਤ ਸਿੰਘ ਧੀਮਾਨ ਵੱਲ ਇਸ਼ਾਰਾ ਕਰਦੇ ਹੋਏ)....(ਹਾਸਾ)..... (ਵਿਘਨ....ਸ਼ੋਰ)....

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ। ਅੱਗੇ ਬਹਿਸ ਆਏਗੀ, ਬਹਿਸ ਵਿੱਚ ਕਹਿ ਲੈਣਾ ਜੋ ਕਹਿਣਾ ਹੈ। ਤੁਸੀਂ ਬਹਿਸ ਵਿੱਚ ਕਹਿ ਲੈਣਾ। ਕੁਐਸਚਨ ਆਵਰ ਵਿੱਚ ਨਹੀਂ ਹੁੰਦਾ। ਤੁਸੀਂ ਬਹਿਸ ਵਿੱਚ ਕਹਿ ਲਓ ਜੋ ਕਹਿਣਾ ਹੈ। (ਵਿਘਨ) (ਸ਼ੋਰ) ਧੀਮਾਨ ਸਾਹਿਬ, ਤੁਸੀਂ ਬੋਲੋ। (ਵਿਘਨ)(ਸ਼ੋਰ) ਤੁਸੀਂ ਗਵਰਨਰ ਐਡਰੈਸ ਦੀ ਬਹਿਸ ਉਤੇ ਕਹਿ ਲੈਣਾ ਜੋ ਕਹਿਣਾ ਹੈ। ਤੁਸੀਂ ਬਹਿਸ ਵਿੱਚ ਕਹਿ ਲਓ (ਵਿਘਨ) (ਸ਼ੋਰ) ਬਹਿਸ ਵਿੱਚ ਕਹਿ ਲਓ। ਬਹਿਸ ਵਿੱਚ ਕਹਿ ਦਿਓ। ਬੈਠੋ, ਬੈਠੋ, ਬੈਠੋ। ਬਹਿਸ ਵਿੱਚ ਕਹਿ ਦਿਓ, ਗਵਰਨਰ ਐਡਰੈਸ ਵਿੱਚ ਕਹਿ ਦਿਓ ਜੋ ਕਹਿਣਾ ਹੈ। (ਵਿਘਨ)(ਸ਼ੋਰ) ਤੁਸੀਂ ਗਵਰਨਰ ਐਡਰੈਸ ਤੇ ਜੋ ਕਹਿਣਾ ਹੈ, ਕਹਿ ਦਿਓ। ਗਵਰਨਰ ਐਡਰੈਸ ਤੇ ਕਹਿ ਦਿਓ ਜੋ ਕਹਿਣਾ ਹੈ (ਵਿਘਨ) (ਸ਼ੋਰ) ਤੁਸੀਂ ਗਵਰਨਰ ਐਡਰੈਸ ਤੇ ਕਹਿ ਦਿਓ। ਗਵਰਨਰ ਐਡਰੈਸ ਤੇ ਕਹਿ ਲਓ। ਗਵਰਨਰ ਐਡਰੈਸ ਤੇ ਜੋ ਕਹਿਣਾ ਹੈ, ਕਹਿ ਲਓ (ਵਿਘਨ)(ਸ਼ੋਰ) ਤੁਸੀਂ ਗਵਰਨਰ ਐਡਰੈਸ ਤੇ ਕਹਿ ਲਿਓ, ਗਵਰਨਰ ਐਡਰੈਸ ਤੇ ਕਹਿ ਲੈਣਾ। ਹਾਂ ਜੀ,

** Not recorded as ordered by the Chair.

ਧੀਮਾਨ ਸਾਹਿਬ, ਤੁਸੀਂ ਕੁਝ ਕਹਿਣਾ ਹੈ ਤਾਂ ਕਹੋ (ਵਿਘਨ)(ਸ਼ੋਰ) ਤੁਸੀਂ ਬੈਠੋ, ਬੈਠੋ, ਬੈਠੋ, ਬੈਠੋ, ਬੈਠੋ। ਹਾਂ ਜੀ, ਧੀਮਾਨ ਸਾਹਿਬ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਤਰਾਜ਼ਹੀਣਤਾ ਸਰਟੀਫਿਕੇਟ ਕਦੋਂ ਤੱਕ ਪ੍ਰਾਪਤ ਹੋ ਜਾਵੇਗਾ ਅਤੇ ਕਦੋਂ ਤੱਕ ਜ਼ਮੀਨਾਂ ਦੀ ਨਿਸ਼ਾਨਦੇਹੀ ਕਰਕੇ ਇਨ੍ਹਾਂ ਦਫਤਰਾਂ ਦਾ ਕੰਮ ਸ਼ੁਰੂ ਕੀਤਾ ਜਾਵੇਗਾ? ਕਿਉਂਕਿ ਜਿਹੜੇ ਸਬ-ਡਵੀਜ਼ਨ ਦੇ ਕੰਮ ਹਨ, ਉਹ ਬਹੁਤ ਪ੍ਰਭਾਵਿਤ ਹੁੰਦੇ ਹਨ। ਐਸ.ਡੀ.ਐਮ. ਕਿਤੇ ਬੈਠੇ ਹਨ, ਬੀ.ਡੀ.ਓ. ਕਿਤੇ ਬੈਠੇ ਹਨ, ਡਿਪਟੀ ਕਿਤੇ ਬੈਠੇ ਹਨ। ਇਸ ਕਰਕੇ ਜਿੰਨਾ ਚਿਰ ਸਬ-ਡਵੀਜ਼ਨਾਂ ਦੇ ਕੰਮ ਮੁਕੰਮਲ ਨਹੀਂ ਹੁੰਦੇ, ਉਨਾ ਚਿਰ ਤੱਕ ਸਬ-ਡਵੀਜ਼ਨ ਦਾ ਕੰਮ ਸਹੀ ਤਰੀਕੇ ਨਾਲ ਨਹੀਂ ਚਲਦਾ। ਉਥੇ ਲੋਕਾਂ ਨੂੰ ਬਹੁਤ ਪ੍ਰਾਬਲਮ ਆ ਰਹੀ ਹੈ। ਮੰਤਰੀ ਸਾਹਿਬ ਇਹ ਐਨਸ਼ਿਓਰ ਕਰਨ, ਸਮਾਂ-ਬੱਧ ਕਰਨ ਕਿ ਕਦੋਂ ਤੱਕ ਇਹ ਦਫਤਰ ਤਿਆਰ ਹੋ ਜਾਣਗੇ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀ ਸਬ-ਡਵੀਜ਼ਨ ਬਣਾਈ ਗਈ ਸੀ, ਇਹ 2016 ਵਿਚ ਬਣਾਈ ਸੀ। ਪਿਛਲੀ ਵਾਰੀ ਚੰਦੂਮਾਜਰਾ ਸਾਹਿਬ ਜੀ ਦਾ ਵੀ ਸਵਾਲ ਆਇਆ ਸੀ । ਇਹ ਜਦੋਂ ਜਾਣ ਲੱਗੇ ਤਾਂ ਇਨ੍ਹਾਂ ਨੇ ਕਾਹਲੀ ਵਿੱਚ ਜਾਂਦੇ ਹੋਏ ਅੱਠ ਸਬ-ਤਹਿਸੀਲਾਂ ਨੂੰ ਅੱਪਗਰੇਡ ਕਰਕੇ ਸਬ-ਡਵੀਜ਼ਨਾਂ ਬਣਾ ਦਿੱਤਾ, ਇਨ੍ਹਾਂ ਵਾਸਤੇ ਨਾ ਤਾਂ ਕੋਈ ਜਗ੍ਹਾ ਦੀ ਸ਼ਨਾਖਤ ਕੀਤੀ, ਉਨ੍ਹਾਂ ਲਈ ਕੀ ਕੀ ਹੋਰ ਉਪਰਾਲੇ ਚਾਹੀਦੇ ਹਨ ਉਨ੍ਹਾਂ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ। ਸਿਰਫ ਇਕ ਕੰਮ ਕਰ ਦਿੱਤਾ ਕਿ ਜਾਣ ਲੱਗਿਆਂ ਇਹ ਕੰਮ ਕਰ ਗਏ। ਹੁਣ ਅਸੀਂ 3 ਜਗ੍ਹਾ ਵੇਖੀਆਂ ਹਨ, ਮੈਂ ਪਹਿਲਾਂ ਵੀ ਦੱਸਿਆ ਹੈ, ਉਸ ਵਾਸਤੇ ਇਤਰਾਜ਼ਹੀਣਤਾ ਸਰਟੀਫਿਕੇਟ ਜਦੋਂ ਵੀ ਸਾਡੇ ਕੋਲ ਆ ਗਏ ਤਾਂ ਉਸੇ ਵੇਲੇ ਕਾਰਵਾਈ ਸ਼ੁਰੂ ਕਰ ਦਿਆਂਗੇ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਤਰਾਜ਼ਹੀਣਤਾ ਸਰਟੀਫਿਕੇਟ ਕਿਸ ਨੇ ਦੇਣਾ ਹੈ ਤੇ ਕਿਸ ਤੋਂ ਲੈਣਾ ਹੈ? ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਰਵਾਈ ਕਰਦਿਆਂ 14 ਮਹੀਨੇ ਹੋ ਗਏ ਲੇਕਿਨ ਅੱਜ ਤੱਕ ਇਤਰਾਜ਼ਹੀਣਤਾ ਸਰਟੀਫਿਕੇਟ ਨਹੀਂ ਮਿਲਿਆ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਰਟੀਫਿਕੇਟ ਕਦੋਂ ਤੱਕ ਮਿਲ ਜਾਵੇਗਾ?

**ਮੰਤਰੀ :** ਇਹ ਵੱਖਰੇ ਵੱਖਰੇ ਡਿਪਾਰਟਮੈਂਟਾਂ ਵੱਲੋਂ ਆਉਣਾ ਹੈ, ਜੰਗਲਾਤ ਵਿਭਾਗ ਵੱਲੋਂ ਆਉਣਾ ਹੈ, ਕੋਆਪਰੇਟਿਵ ਮਾਰਕੀਟਿੰਗ ਸੁਸਾਇਟੀ ਵੱਲੋਂ

[ਮਾਲ ਮੰਤਰੀ]

ਆਉਣਾ ਹੈ, ਮਹਿਕਮਾ ਕਾਲੋਨਾਈਜ਼ੇਸ਼ਨ ਵੱਲੋਂ ਆਉਣਾ ਹੈ, ਇਹ ਜਿਸ ਦਿਨ ਆ ਗਏ ਤਾਂ ਜਲਦੀ ਕਰਵਾ ਦਿਆਂਗੇ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਐਨਸ਼ਿਓਰ ਕਰ ਦਿੱਤਾ ਹੈ ਕਿ ਜਲਦੀ ਕਰ ਦਿਆਂਗੇ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਟਾਈਮ ਬਾਊਂਡ ਚਾਹੀਦਾ ਹੈ ਕਿ ਕਦੋਂ ਤੱਕ ਇਤਰਾਜ਼ਹੀਣਤਾ ਸਰਟੀਫਿਕੇਟ ਆ ਜਾਵੇਗਾ ਤੇ ਕਦੋਂ ਤੱਕ ਕੰਮ ਸ਼ੁਰੂ ਹੋ ਜਾਵੇਗਾ?

**ਮਾਨਯੋਗ ਸਪੀਕਰ :** ਸਰਕਾਰੀਆ ਸਾਹਿਬ, ਸਮਾਂ-ਬੱਧ ਕਰ ਸਕਦੇ ਹੋ?

**ਮੰਤਰੀ :** ਮੈਂ ਫਿਰ ਚਿੱਠੀ ਕੱਢ ਦਿੰਦਾ ਹਾਂ ਕਿ ਜਲਦੀ ਮੰਗ ਲਏ ਜਾਣ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਨਹੀਂ ਜੀ, ਇਸ ਤਰ੍ਹਾਂ ਕੰਮ ਨਹੀਂ ਚੱਲਣਾ । ਸਪੀਕਰ ਸਾਹਿਬ, ਇਸ ਪ੍ਰਾਸੈੱਸ ਨੂੰ ਚਲਦਿਆਂ 14 ਮਹੀਨੇ ਹੋ ਗਏ ਹਨ। 14 ਮਹੀਨਿਆਂ ਵਿਚ ਸਰਟੀਫਿਕੇਟ ਨਹੀਂ ਮਿਲਿਆ ਤਾਂ ਸਮਾਂ ਕੀ ਰਹਿ ਗਿਆ, ਤਿੰਨ ਸਾਲ, ਇਸ ਦਾ ਮਤਲਬ ਹੈ ਕਿ ਕੰਮ ਹੋਣਾ ਨਹੀਂ।

**ਮਾਨਯੋਗ ਸਪੀਕਰ:** ਥੈਂਕ ਯੂ । ਸਰਦਾਰ ਹਰਦਿਆਲ ਸਿੰਘ ਜੀ ਕੁਝ ਕਹਿਣਾ ਚਾਹੁੰਦੇ ਹਨ, ਹਾਂ ਜੀ ਸਰਦਾਰ ਹਰਦਿਆਲ ਸਿੰਘ ਜੀ।ਪਲੀਜ਼, ਤੁਸੀਂ ਬੈਠੋ। ਜ਼ਰਾ, ਸਰਦਾਰ ਹਰਦਿਆਲ ਸਿੰਘ ਜੀ ਦੀ ਗੱਲ ਸੁਣ ਲਈਏ, ਉਹ ਤੁਹਾਡੇ ਪਿੱਛੇ ਖੜ੍ਹੇ ਹਨ। ਪਲੀਜ਼, ਤੁਸੀਂ ਬੈਠੋ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੇਰਾ ਵੀ ਇਸ ਦੇ ਨਾਲ ਹੀ ਰਿਲੇਟਿਡ ਸਵਾਲ ਹੈ। ਸਾਡੀ ਬਨੂੜ ਸਬ-ਤਹਿਸੀਲ ਪੈਂਦੀ ਹੈ, ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ..

**ਮਾਨਯੋਗ ਸਪੀਕਰ :** ਉਹ ਵੱਖਰਾ ਸਵਾਲ ਬਣਦਾ ਹੈ, ਇਸ ਤਰ੍ਹਾਂ ਨਹੀਂ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਮੇਰੀ ਤਾਂ ਇਹੀ ਬੇਨਤੀ ਹੈ ਕਿ ਜੇ ਇਨ੍ਹਾਂ ਦੀ ਬਿਲਡਿੰਗ ਬਣਾਉਣੀ ਹੈ ਤਾਂ ਮੇਰੀ ਵੀ ਬਣਾ ਦਿਉ।

**ਮਾਨਯੋਗ ਸਪੀਕਰ :** ਠੀਕ ਹੈ। ਤੁਹਾਡੀ ਬੇਨਤੀ ਆ ਗਈ ਹੈ। ਅਗਲਾ ਸਵਾਲ।

-----

## ਦੀਨ-ਦਿਆਲ ਬਿਜਲੀਕਰਨ ਦੀ ਸਕੀਮ

***1751. ਸਰਦਾਰ ਦਵਿੰਦਰ ਸਿੰਘ ਘੁਬਾਇਆ :** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਭਾਰਤ ਸਰਕਾਰ ਵੱਲੋਂ ਚਾਲੂ ਦੀਨ-ਦਿਆਲ ਬਿਜਲੀਕਰਨ ਦੀ ਸਕੀਮ ਪੰਜਾਬ ਵਿੱਚ ਚੱਲ ਰਹੀ ਹੈ; ਜੇਕਰ ਚੱਲ ਰਹੀ ਹੈ ਤਾਂ ਉਸ ਦੇ ਨਾਰਮਜ਼ ਕੀ ਹਨ;

(ਅ) ਕੀ ਨਾਰਮਜ਼ ਤੋਂ ਬਾਹਰ ਜਾ ਕੇ ਅਧਿਕਾਰੀਆਂ ਨੇ ਆਪਣੀ ਮਰਜ਼ੀ ਨਾਲ ਫੰਡ ਵਰਤੋਂ ਕੀਤਾ ਹੈ ਜਾਂ ਨਾਰਮਜ਼ ਮੁਤਾਬਿਕ ਹੋਇਆ ਹੈ; ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** (ੳ) ਹਾਂ ਜੀ, ਭਾਰਤ ਸਰਕਾਰ ਵਲੋਂ ਚਾਲੂ ਦੀਨ-ਦਿਆਲ ਉਪਾਧਿਆਏ ਗ੍ਰਾਮੀਣ ਜਯੋਤੀ ਯੋਜਨਾ ਬਿਜਲੀਕਰਨ ਦੀ ਸਕੀਮ ਪੰਜਾਬ ਵਿੱਚ ਚੱਲ ਰਹੀ ਹੈ।

ਦੀਨ-ਦਿਆਲ ਉਪਾਧਿਆਏ ਗ੍ਰਾਮੀਣ ਜਯੋਤੀ ਯੋਜਨਾ ਅਧੀਨ ਪੰਜਾਬ ਰਾਜ ਦੇ 20 ਜ਼ਿਲ੍ਹਿਆਂ ਦੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ 251.78 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ ਅਤੇ ਰਾਜ ਦੇ ਕੰਢੀ ਖੇਤਰਾਂ ਅਧੀਨ 5 ਜ਼ਿਲ੍ਹਿਆਂ ਵਿੱਚ ਪੈਂਦੇ ਫੀਡਰ ਸੈਗਰੀਗੇਸ਼ਨ/ਖੇਤੀਬਾੜੀ ਟਿਊਬਵੈੱਲਾਂ ਦੀ ਮੀਟਰਿੰਗ ਦੇ ਕੰਮਾਂ ਲਈ 191.19 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ।

ਸਕੀਮ ਦੇ ਨਾਰਮਜ਼ ਮੁਤਾਬਿਕ ਮਨਜ਼ੂਰ ਕੀਤੇ ਗਏ ਫੰਡ ਵਿਚੋਂ 60% ਦੀ ਸਿੱਧੀ ਗਰਾਂਟ ਹੈ। ਮਨਜ਼ੂਰ ਕੀਤੇ ਗਏ ਫੰਡ ਦਾ 30% ਹਿੱਸਾ ਲੋਨ ਵਜੋਂ ਲਿਆ ਜਾਣਾ ਹੈ ਅਤੇ 10% ਹਿੱਸਾ ਪੀ.ਐਸ.ਪੀ.ਸੀ.ਐਲ. ਵਲੋਂ ਆਪਣੇ ਪੱਧਰ ਤੇ ਖਰਚ ਕੀਤਾ ਜਾਣਾ ਹੈ। 30% ਲੋਨ ਦਾ ਅੱਧਾ ਹਿੱਸਾ ਮਨਜ਼ੂਰ ਕੀਤੇ ਕੰਮ ਨੂੰ ਸਮੇਂ ਸਿਰ ਅਤੇ ਹੋਰ ਸ਼ਰਤਾਂ ਮੁਤਾਬਿਕ ਨੇਪਰੇ ਚਾੜ੍ਹਨ ਉਪਰੰਤ ਗਰਾਂਟ ਵਿੱਚ ਤਬਦੀਲ ਹੋਣ ਯੋਗ ਹੈ।

**ਸਰਦਾਰ ਦਵਿੰਦਰ ਸਿੰਘ ਘੁਬਾਇਆ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਫਾਜ਼ਿਲਕਾ ਜ਼ਿਲ੍ਹੇ ਵਿੱਚ ਇਸ ਸਕੀਮ ਤਹਿਤ ਅਜਿਹੀਆਂ ਕਾਫੀ ਢਾਣੀਆਂ ਹਨ ਜਿਨ੍ਹਾਂ ਨੂੰ ਲਾਈਟ ਨਹੀਂ ਮਿਲ ਸਕੀ । ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਜਿਹੜੀਆਂ ਢਾਣੀਆਂ ਨੂੰ ਇਸ ਸਕੀਮ ਦੇ ਤਹਿਤ ਲਾਈਟ ਨਹੀਂ ਮਿਲੀ, ਉਨ੍ਹਾਂ ਨੂੰ ਕਿੰਨੇ ਟਾਈਮ ਦੇ ਵਿੱਚ ਵਿੱਚ ਲਾਈਟ ਲਗਾ ਕੇ ਦੇਣਗੇ?

**ਮਾਨਯੋਗ ਸਪੀਕਰ :** ਢਾਣੀਆਂ ਤੇ ਬਿਜਲੀ ਪਹੁੰਚਾਉਣ ਦਾ ਕੰਮ।

**ਮੰਤਰੀ :** ਸਪੀਕਰ ਸਾਹਿਬ, ਮੈਂ ਫਾਜ਼ਿਲਕਾ ਗਿਆ ਸੀ, ਉਦੋਂ ਵੀ ਮੈਂਬਰ ਸਾਹਿਬ ਨੇ ਮੈਨੂੰ ਇਹ ਦੱਸਿਆ ਸੀ । ਇਹ ਬਿਲਕੁਲ ਸਾਡੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਮੈਂ ਮੈਂਬਰ ਸਾਹਿਬ ਨੂੰ ਇਸ ਸਦਨ ਦੀ ਫਲੋਰ ਤੇ ਵਿਸ਼ਵਾਸ ਦਿਵਾਉਦਾ ਹਾਂ ਕਿ ਜਿਥੇ ਵੀ ਢਾਣੀਆਂ ਵਿਚ ਲਾਈਟ ਨਹੀਂ ਗਈ, ਉਥੇ ਬਹੁਤ ਜਲਦੀ ਉਨ੍ਹਾਂ ਢਾਣੀਆਂ ਨੂੰ ਲਾਈਟ ਦਿੱਤੀ ਜਾਵੇਗੀ।

**ਸਰਦਾਰ ਦਵਿੰਦਰ ਸਿੰਘ ਘੁਬਾਇਆ:** ਸਪੀਕਰ ਸਾਹਿਬ, ਸਾਡੇ ਫਾਜ਼ਿਲਕਾ ਨੂੰ ਕੋਈ ਪੈਸਾ ਬਿਜਲੀ ਦੇ ਤਹਿਤ ਨਹੀਂ ਮਿਲਿਆ। ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਉਥੇ ਕਾਫੀ ਰਿਹਾਇਸ਼ੀ ਪਾਪੂਲੇਸ਼ਨ ਏਰੀਆਜ਼ ਦੇ ਉਪਰੋਂ ਦੀ ਲਾਈਨਾਂ ਲੰਘਦੀਆਂ ਹਨ ਉਨ੍ਹਾਂ ਨੂੰ ਸਾਈਡ ਕਰਨ ਵਾਸਤੇ ਕੋਈ ਪੈਸੇ ਦੇਣਗੇ?

**ਮੰਤਰੀ :** ਸਪੀਕਰ ਸਾਹਿਬ, ਜਿਹੜੀਆਂ ਲਾਈਨਾਂ ਪਾਸੇ ਕਰਨੀਆਂ ਹਨ। ਜੇ ਤਾਂ ਕੋਈ ਜਿਹੜੀ ਪ੍ਰਾਈਵੇਟ ਲਾਈਨ ਹੈ, ਜਿਸ ਬੰਦੇ ਨੂੰ ਆਪਦਾ ਮੋਟਰ ਕੁਨੈਕਸ਼ਨ ਜਾਂਦਾ ਹੈ, ਵੱਡੀ ਲਾਈਨ ਜਾਂਦੀ ਹੈ ਉਹ ਤਾਂ ਉਸ ਦਾ ਆਪਣਾ ਐਸਟੀਮੇਟ ਬਣ ਕੇ, ਉਹ ਆਪ ਖਰਚ ਕਰਦਾ ਹੈ ਲੇਕਿਨ ਜੇ ਫਿਰ ਵੀ ਸਰਕਾਰੀ ਪੱਧਰ ਉਤੇ ਕੋਈ ਇਹੋ ਜਿਹੀ ਲਾਈਨ ਪਾਸੇ ਕਰਨ ਵਾਲੀ ਹੈ, ਉਹ ਮੈਂਬਰ ਸਾਹਿਬ ਸਾਡੇ ਧਿਆਨ ਵਿਚ ਲਿਆ ਦੇਣ, ਸਾਨੂੰ ਲਿਖ ਕੇ ਭੇਜ ਦੇਣ । ਉਹ ਬੋਰਡ ਰਾਹੀਂ ਚੈੱਕ ਕਰਵਾ ਕੇ ਪਾਸੇ ਕੀਤੀਆਂ ਜਾਣਗੀਆਂ।

**ਮਾਨਯੋਗ ਸਪੀਕਰ :** ਤੁਸੀਂ ਧਿਆਨ ਵਿਚ ਲਿਆ ਦਿਉ ਜੀ। ਹਾਂ ਜੀ, ਸ਼੍ਰੀ ਰੋੜੀ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਕੰਢੀ ਇਲਾਕੇ ਵਿੱਚ ਜਿੱਥੇ ਕੋਈ ਉਦਯੋਗ ਨਹੀਂ ਹੈ, ਉਥੋਂ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ । ਖੇਤੀਬਾੜੀ ਲਈ ਜਿੰਨੀਆਂ ਵੀ ਮੋਟਰਾਂ ਦੇ ਕੁਨੈਕਸ਼ਨ ਹਨ, ਉਨ੍ਹਾਂ ਦੀਆਂ ਲਾਈਨਾਂ ਅਲੱਗ ਕੱਢੀਆਂ ਜਾ ਰਹੀਆਂ ਹਨ, ਨਵੇਂ ਖੰਭੇ ਲੱਗ ਰਹੇ ਹਨ ਅਤੇ ਨਵੀਆਂ ਤਾਰਾਂ ਪਾਈਆਂ ਜਾ ਰਹੀਆਂ ਹਨ। ਮੋਟਰਾਂ ਦੇ ਕੁਨੈਕਸ਼ਨ ਅਲੱਗ ਅਤੇ ਰਿਹਾਇਸ਼ੀ ਇਲਾਕਿਆਂ ਦੇ ਕੁਨੈਕਸ਼ਨ ਅਲੱਗ ਕੀਤੇ ਜਾ ਰਹੇ ਹਨ। ਕੀ ਮੰਤਰੀ ਸਾਹਿਬ ਵਿਸ਼ਵਾਸ ਦਿਵਾਉਣਗੇ ਕਿ ਜਿਹੜੀ ਕੰਢੀ ਇਲਾਕੇ ਨੂੰ 24 ਘੰਟੇ ਦੀ ਬਿਜਲੀ ਦੀ ਸਰਵਿਸ ਹੈ, ਉਹ ਲਾਗੂ ਰਹੇਗੀ। ਕਿਤੇ ਇਹ ਨਾ ਹੋਵੇ ਕਿ ਬਾਅਦ ਵਿੱਚ 8 ਘੰਟੇ ਵਾਲਾ ਸਿਸਟਮ ਉਨ੍ਹਾਂ ਲਈ ਕਰ ਦਿੱਤਾ ਜਾਵੇ। ਇਹੋ ਜਿਹਾ ਲੋਕਾਂ ਵਿੱਚ ਵਹਿਮ ਹੈ, ਇਸ ਬਾਰੇ ਮੰਤਰੀ ਜੀ ਕੀ ਕਹਿਣਗੇ?

**ਮੰਤਰੀ :** ਸਪੀਕਰ ਸਾਹਿਬ, ਲੋਕਾਂ ਵਿੱਚ ਇਸ ਸਬੰਧੀ ਬੜੀ ਰਿਜ਼ੈਂਟਮੈਂਟ ਹੈ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੁਰਾਣੀਆਂ ਤਾਰਾਂ ਸਨ, ਜਿਨ੍ਹਾਂ ਵਿੱਚ ਪੂਰੀ ਵੋਲਟੇਜ ਨਹੀਂ ਜਾਂਦੀ ਸੀ, ਉਸ ਵਾਸਤੇ ਅਸੀਂ ਨਵੇਂ ਸਿਰਿਓਂ ਨਵੀਆਂ ਤਾਰਾਂ ਪਾ ਕੇ ਨਵੀਨੀਕਰਨ ਕਰ ਰਹੇ ਹਾਂ। ਇਸ ਵਿੱਚ ਕੋਈ ਅਜਿਹੀ ਗੱਲ ਨਹੀਂ ਹੈ ਕਿ ਉਨ੍ਹਾਂ ਨੂੰ ਬਿਜਲੀ ਨਹੀਂ ਦਿੱਤੀ ਜਾਵੇਗੀ। ਡੋਮੈਸਟਿਕ ਲਈ ਅਲੱਗ ਲਾਈਨਾਂ ਕੱਢੀਆਂ ਜਾਣੀਆਂ ਹਨ ਅਤੇ ਟਿਊਬਵੈੱਲਾਂ ਵਾਸਤੇ ਅਲੱਗ ਲਾਈਨਾਂ ਹਨ। ਜਿੰਨੀ ਖੇਤੀ ਨੂੰ ਲੋੜ ਹੋਵੇਗੀ, ਉਸ ਵਾਸਤੇ ਪੂਰੀ ਬਿਜਲੀ ਦਿੱਤੀ ਜਾਵੇਗੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਕੁਐਸਚਨ ਤਾਂ ਇਹੋ ਹੈ....

**ਮਾਨਯੋਗ ਸਪੀਕਰ :** ਤੁਹਾਡਾ ਹੋ ਗਿਆ ਜੀ। ਹਾਂ ਜੀ, ਅਗਲਾ ਸਵਾਲ। ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ।

-----

### ਫਿਲੌਰ-ਕਪੂਰਥਲਾ ਸੜਕ ਨੂੰ ਚੌੜਾ ਕਰਕੇ ਮੁਕੰਮਲ ਕਰਨਾ

*1710. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਲੋਕ ਨਿਰਮਾਣ ( ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਫਿਲੋਰ-ਕਪੂਰਥਲਾ ਸੜਕ ਦੀ ਹਾਲਤ ਬਹੁਤ ਖਸਤਾ ਹੈ;

(ਅ) ਕੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਵੱਡੇ ਪੱਧਰ ਤੇ ਮਨਾਉਣ ਨੂੰ ਮੁੱਖ ਰੱਖ ਕੇ ਗੁਰਦੁਆਰਾ ਸ਼੍ਰੀ ਬੇਰ ਸਾਹਿਬ, ਸ਼੍ਰੀ ਸੁਲਤਾਨਪੁਰ ਲੋਧੀ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਬਹੁਤ ਸਾਰੀਆਂ ਸੰਗਤਾਂ ਦੇ ਇਸ ਸੜਕ ਨੂੰ ਇਸਤੇਮਾਲ ਕਰਨ ਦੇ ਮੱਦੇਨਜ਼ਰ ਲੋਕ ਨਿਰਮਾਣ ਮਹਿਕਮੇ ਨੇ ਇਸ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਨੂੰ ਭੇਜੀ ਹੋਈ ਸੀ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵਲੋਂ ਇਸ ਸੜਕ ਨੂੰ ਕਦੋਂ ਤੱਕ ਚੌੜਾ ਕਰਕੇ ਮੁਕੰਮਲ ਤੌਰ ਤੇ ਬਣਾ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ। (ੳ) ਫਿਲੌਰ-ਨਕੋਦਰ-ਕਪੂਰਥਲਾ ਸੜਕ ਮੁਰੰਮਤ ਲਈ ਡਿਊ ਹੈ।

(ਅ) ਫਿਲੌਰ-ਨਕੋਦਰ-ਕਪੂਰਥਲਾ ਪਲੈਨ ਰੋਡ ਐਮ.ਡੀ.ਆਰ.-48 ਦੀ ਕੁੱਲ ਲੰਬਾਈ 66.20 ਕਿਲੋਮੀਟਰ ਹੈ। ਫਿਲੌਰ ਤੋਂ ਕਾਲਾ ਸੰਘਿਆਂ ਤੱਕ 48.49 ਕਿਲੋਮੀਟਰ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਕਾਲਾ ਸੰਘਿਆਂ ਤੋਂ ਕਪੂਰਥਲਾ ਤੱਕ 66.20-48.49 (17.71 ਕਿਲੋਮੀਟਰ) ਲੰਬਾਈ ਨੂੰ ਅੱਪਗ੍ਰੇਡ ਅਤੇ ਰਿਪੇਅਰ ਦਾ ਕੰਮ ਚੱਲ ਰਿਹਾ ਹੈ ਜੋ ਕਿ 2.8.2019 ਤੱਕ ਮੁਕੰਮਲ ਕਰ ਲਿਆ ਜਾਵੇਗਾ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਠੀਕ ਹੈ ਜੀ, ਪਰ ਮੈਂ ਇਹ ਵੀ ਪੁੱਛਿਆ ਹੈ ਕਿ ਇਸ ਦੀ ਰਿਪੇਅਰ ਕਦੋਂ ਕਰਵਾਉਗੇ ਅਤੇ ਇਸ ਦੀ ਸੈਂਕਸ਼ਨ ਕਦੋਂ ਦਿਓਗੇ? ਮੈਂ ਸਿੰਗਲਾ ਸਾਹਿਬ ਕੋਲ ਗਿਆ ਸੀ ਅਤੇ ਇਨ੍ਹਾਂ ਨੇ ਮੈਨੂੰ ਬਹੁਤ ਪਾਜ਼ੇਟਿਵ ਰਿਸਪਾਂਸ ਦਿੱਤਾ। ਮੰਤਰੀ ਸਾਹਿਬ, thank you very much. ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ, ਮੁੱਖ ਮੰਤਰੀ ਸਾਹਿਬ ਬੈਠੇ ਹਨ, ਇਹ ਸੜਕ ਸੁਲਤਾਨਪੁਰ ਲੋਧੀ ਨੂੰ ਬੜਾ vital link ਹੈ। 550 ਸਾਲਾ ਸ਼ਤਾਬਦੀ ਦੇ ਸਮਾਗਮ ਚੱਲ ਰਹੇ ਹਨ ਅਤੇ ਲਗਾਤਾਰ ਸਾਰਾ ਸਾਲ ਚੱਲਣੇ ਹਨ। ਜਿੰਨੀ ਵੀ ਸੰਗਤ ਨੇ from Ludhiana towards Kapurthala Sultanpur Lodhi ਆਉਣਾ ਹੈ, ਉਨ੍ਹਾਂ ਸਾਰਿਆਂ ਨੇ ਇਸ ਸੜਕ ਨੂੰ ਇਸਤੇਮਾਲ ਕਰਨਾ ਹੈ। ਇਸ ਸੜਕ ਦੀ total length about 66 ਕਿਲੋਮੀਟਰ ਹੈ। ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਕਾਲਾ ਸੰਘਿਆਂ ਕਪੂਰਥਲਾ ਨੂੰ ਤਾਂ ਸੈਂਕਸ਼ਨ ਦੇ ਦਿੱਤੀ, ਉਹ ਰਿਪੇਅਰ ਹੋ ਰਹੀ ਹੈ ਪਰੰਤੂ ਇਸ ਸੜਕ ਨੂੰ bifurcate ਕਰ ਦਿੱਤਾ ਗਿਆ ਹੈ। This road was Phillaur-Kapurthala road and it was 66 kms. ਇਸ ਵਿਚੋਂ 17 ਕਿਲੋਮੀਟਰ ਸੜਕ ਦੀ ਰਿਪੇਅਰ ਚੱਲ ਰਹੀ ਹੈ, ਬਾਕੀ ਜਿਹੜੀ ਰਹਿੰਦੀ ਹੈ ਉਹ 50 ਕਿਲੋਮੀਟਰ ਸੜਕ ਹੈ, ਇਸ ਸੜਕ ਦੀ ਬੜੀ ਮਾੜੀ ਹਾਲਤ ਹੈ, ਇਸ ਵਿੱਚ 20-20 ਕਿਲੋਮੀਟਰ ਦਾ stretch ਅਜਿਹਾ ਹੈ ਜਿਥੇ ਸੜਕ ਨਾਂ ਦੀ ਕੋਈ ਚੀਜ਼ ਨਹੀਂ ਹੈ। ਪਬਲਿਕ ਨੇ ਧਰਨੇ ਲਗਾਏ, ਬੜੇ ਮੁਜ਼ਾਹਰੇ ਹੋਏ, ਡਿਪਟੀ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਬਣਾ ਦੇਵਾਂਗੇ। ਮੈਂ ਸਿੰਗਲਾ ਜੀ ਤੁਹਾਡੇ ਤੋਂ ਇਹ ਵਿਸ਼ਵਾਸ ਚਾਹੁੰਦਾ ਹਾਂ ਕਿ either administrative approval or sanction ਨਹੀਂ, ਮੁੱਖ ਮੰਤਰੀ ਜੀ ਬੈਠੇ ਹਨ, ਇਹ ਤੁਹਾਡੇ ਪੈਸੇ ਦੇ ਦੇਣਗੇ। ਤੁਸੀਂ ਕਿਹਾ ਸੀ ਕਿ 550 ਸਾਲਾ ਸ਼ਤਾਬਦੀ ਵਾਸਤੇ ਸਮਾਗਮਾਂ ਵਿੱਚ ਇਹ ਸੜਕ ਪਾਈ ਹੈ ਪਰੰਤੂ ਇਸ ਤੇ ਕਦੋਂ ਕੰਮ ਸ਼ੁਰੂ ਕਰੋਗੇ ਅਤੇ ਕਦੋਂ ਮੁਕੰਮਲ ਕਰੋਗੇ? ਇਹ ਮੇਰਾ ਸਵਾਲ ਹੈ।

**ਸਰਦਾਰ ਹਰਦੇਵ ਸਿੰਘ ਲਾਡੀ :** ਸਪੀਕਰ ਸਾਹਿਬ...

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਹਰਦੇਵ ਸਿੰਘ ਜੀ, ਤੁਸੀਂ ਵੀ ਦੱਸ ਦਿਓ, ਮੰਤਰੀ ਸਾਹਿਬ ਵੱਲੋਂ ਇਕੱਠਾ ਜਵਾਬ ਆ ਜਾਵੇਗਾ।

**ਸਰਦਾਰ ਹਰਦੇਵ ਸਿੰਘ ਲਾਡੀ :** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਅਤੇ ਮੁੱਖ ਮੰਤਰੀ ਸਾਹਿਬ ਵੀ ਬੈਠੇ ਹਨ, ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ 550 ਸਾਲਾ ਸ਼ਤਾਬਦੀ ਸ੍ਰੀ ਗੁਰੂ ਨਾਨਕ ਦੇਵ ਜੀ, ਪਹਿਲੀ ਪਾਤਸ਼ਾਹੀ ਜੀ ਦੀ ਆ ਰਹੀ ਹੈ। ਇਸ ਵਾਸਤੇ ਮੈਂ ਪਹਿਲਾਂ ਵੀ ਲਿਖ ਕੇ ਦਿੱਤਾ ਸੀ ਅਤੇ ਮੰਤਰੀ ਸਾਹਿਬ ਕੋਲ ਵੀ ਗਏ ਸੀ। ਫਿਲੌਰ ਤੋਂ ਨਕੋਦਰ ਅਤੇ ਮਲਸੀਆਂ ਤੋਂ ਸੁਲਤਾਨਪੁਰ ਲੋਧੀ ਨੂੰ ਜਿਹੜੀ ਸੜਕ ਜਾਂਦੀ ਹੈ, ਇਸ ਦੀ ਵਾਕਿਆ ਹੀ ਇੰਨੀ ਤਰਸਯੋਗ ਹਾਲਤ ਹੈ। ਅਸੀਂ 550 ਸਾਲਾ ਸ਼ਤਾਬਦੀ ਦੇ ਸਮਾਗਮ ਬੜੇ ਧੂਮ-ਧਾਮ ਨਾਲ ਮਨਾ ਰਹੇ ਹਾਂ, ਇਸ ਵਿੱਚ ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਇਹ ਜਿਹੜੀ ਸੜਕ ਹੈ, ਇਸ ਨੂੰ ਪਹਿਲ ਦੇ ਅਧਾਰ ਤੇ ਕੰਪਲੀਟ ਅਤੇ ਚੌੜਾ ਕੀਤਾ ਜਾਵੇ ਕਿਉਂਕਿ ਇਹ ਸੜਕ ਛੋਟੀ ਵੀ ਹੈ, ਮਾਲਵੇ ਤੋਂ ਲੁਧਿਆਣਾ ਆਦਿ ਤੋਂ 550 ਸਾਲਾ ਸ਼ਤਾਬਦੀ ਸਮਾਗਮਾਂ ਵਾਸਤੇ ਇਸ ਸੜਕ ਤੋਂ ਬਹੁਤ ਜ਼ਿਆਦਾ ਰਸ਼ ਆਉਣਾ ਹੈ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੋਵੇਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਸੜਕ ਫਿਲੌਰ-ਨਕੋਦਰ ਤੋਂ ਲੈ ਕੇ ਕਪੂਰਥਲਾ ਤੱਕ ਜਿਸ ਦੀ total length 66 ਕਿਲੋਮੀਟਰ ਸੀ, ਇਹ ਸਾਲ 2015 ਤੋਂ ਡਿਊ ਸੀ ਲੇਕਿਨ ਇਸ ਪੂਰੇ ਸੈਕਸ਼ਨ ਵਿਚੋਂ 17 ਕਿਲੋਮੀਟਰ ਸੜਕ ਕਾਲਾ ਸੰਘਿਆਂ ਤੋਂ ਲੈ ਕੇ ਕਪੂਰਥਲਾ ਤੱਕ ਅਜਿਹੀ ਸੀ, ਜਿਸ ਦੀ ਹਾਲਤ ਬੜੀ ਖਰਾਬ ਸੀ। ਸਰਕਾਰ ਨੇ ਪਹਿਲਾਂ 9 ਕਰੋੜ ਰੁਪਏ ਦੀ ਲਾਗਤ ਨਾਲ ਉਸ ਨੂੰ ਠੀਕ ਕਰਨ ਵਾਸਤੇ ਉਪਰਾਲਾ ਕੀਤਾ। ਇਸ ਸੜਕ ਦਾ ਕੰਮ ਆਲਰੇਡੀ ਚੱਲ ਰਿਹਾ ਹੈ ਅਤੇ 2 ਅਗਸਤ ਤੋਂ ਪਹਿਲਾਂ ਪਹਿਲਾਂ ਉਸ ਕੰਮ ਨੂੰ ਮੁਕੰਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਿਥੋਂ ਤੱਕ ਮੈਂਬਰ ਸਾਹਿਬਾਨ ਨੇ ਗੁਰੂ ਸਾਹਿਬ ਦੇ ਸ਼ਤਾਬਦੀ ਸਮਾਗਮ ਸਬੰਧੀ ਵੱਖ ਵੱਖ ਸੜਕਾਂ ਦੀ ਗੱਲ ਕੀਤੀ ਹੈ, ਸਮੁੱਚੇ ਪੰਜਾਬ ਦੀਆਂ ਸਾਰੀਆਂ ਸੜਕਾਂ ਸੁਲਤਾਨਪੁਰ ਲੋਧੀ ਜਾਣਗੀਆਂ ਜੋ ਕਿ ਇਸ ਸ਼ਤਾਬਦੀ ਸਮਾਗਮ ਨਾਲ ਜੁੜੀਆਂ ਹੋਈਆਂ ਹਨ। ਮੈਂ ਇਸ ਗੱਲ ਦਾ ਵਿਸ਼ਵਾਸ ਹਾਊਸ ਵਿੱਚ ਦਿਵਾਉਣਾ ਚਾਹੁੰਦਾ ਹਾਂ ਕਿ ਕੋਈ ਵੀ ਸੜਕ ਉਦੋਂ ਤੱਕ ਅਜਿਹੀ ਨਹੀਂ ਰਹਿਣ ਦੇਵਾਂਗੇ ਜਿਸ ਨਾਲ ਲੋਕਾਂ ਨੂੰ ਕੋਈ ਤਕਲੀਫ ਆਵੇ।

ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਜ਼ਰੂਰ ਸ਼ੇਅਰ ਕਰਨੀ ਚਾਹੁੰਦਾ ਹਾਂ ਅਤੇ ਤੁਹਾਡੇ ਰਾਹੀਂ ਹਾਊਸ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਕਿਉਂਕਿ ਗੁਰੂ ਸਾਹਿਬ ਪਾਤਸ਼ਾਹੀ ਜੀ ਦੀ ਜਿਹੜੀ ਗੱਲ ਹੈ, ਇਹ ਸਭ ਦੇ ਦਿਲਾਂ ਨਾਲ ਜੁੜੀ ਹੋਈ ਹੈ ਅਤੇ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਵੀ ਇਸ ਦੇ ਨਾਲ ਜੁੜੀ ਹੋਈ ਹੈ। ਪੰਜਾਬ ਸਰਕਾਰ ਨੇ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸੋਚ ਨੇ 122 ਕਰੋੜ ਪਹਿਲਾਂ ਤੋਂ ਹੀ ਸੁਲਤਾਨਪੁਰ ਲੋਧੀ ਦੀਆਂ 15 ਸੜਕਾਂ, 6 ਪੁਲਾਂ ਅਤੇ ਇੱਕ ਰੈਸਟ ਹਾਊਸ ਵਾਸਤੇ ਮਨਜ਼ੂਰ ਕੀਤਾ ਹੈ, ਉਸ ਦੇ ਟੈਂਡਰ ਦਾ ਪ੍ਰਾਸੈੱਸ ਖਤਮ ਹੋ ਗਿਆ ਹੈ। ਕਿਉਂਕਿ ਜਿਹੜੀ ਸੜਕਾਂ ਅਤੇ ਪੁਲਾਂ ਦੀ ਉਸਾਰੀ ਹੁੰਦੀ ਹੈ, ਉਨ੍ਹਾਂ 'ਤੇ ਬਹੁਤ ਸਾਰਾ ਸਮਾਂ ਲੱਗ ਜਾਂਦਾ ਹੈ, ਇਸ ਲਈ 23 ਨਵੰਬਰ, 2018 ਨੂੰ ਮੁੱਖ ਮੰਤਰੀ ਸਾਹਿਬ ਨੇ ਉਥੇ ਜਾ ਕੇ ਸਾਰੇ ਕੰਮਾਂ ਨੂੰ ਚਾਲੂ ਕਰਨ ਦਾ ਨੀਂਹ ਪੱਥਰ ਵੀ ਰੱਖਿਆ ਸੀ ਤਾਂ ਕਿ ਜਿਹੜੀ ਸੰਗਤ ਨੇ ਆਉਣਾ ਹੈ, ਉਸ ਦੇ ਆਉਣ ਤੋਂ ਪਹਿਲਾਂ ਪਹਿਲਾਂ ਸਾਰੀ ਤਿਆਰੀ ਸਹੀ ਤਰੀਕੇ ਨਾਲ ਹੋ ਸਕੇ। ਸੋ, ਇਸ ਕਰਕੇ ਅਸੀਂ ਇਸ ਇਲਾਕੇ ਵਾਸਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ 550 ਸਾਲਾ ਸ਼ਤਾਬਦੀ ਨੂੰ ਮੁੱਖ ਰੱਖਦੇ ਹੋਏ, ਹਰ ਸੜਕ ਜਿਥੋਂ ਵੀ ਜੁੜਦੀ ਹੋਵੇ, ਇਸ ਤੋਂ ਪਹਿਲਾਂ ਸਾਰੀਆਂ ਸੜਕਾਂ ਦੀ ਤਿਆਰੀ ਕਰਾਂਗੇ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਦੁਆਬਾ ਵੀ ਪੰਜਾਬ ਦਾ ਹਿੱਸਾ ਹੈ। ਤੁਸੀਂ ਮਾਲਵੇ ਵਿੱਚ ਜਾਂਦੇ ਹੋ ਤਾਂ ਦੇਖਦੇ ਹੋ ਕਿ ਉਥੇ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ ਪ੍ਰੰਤੂ ਦੁਆਬੇ ਵਿੱਚ ਕਿਤੇ ਵੀ ਚਲੇ ਜਾਵੋ, ਚਾਹੇ ਫਿਲੌਰ ਤੋਂ ਲੈ ਕੇ ਕਪੂਰਥਲੇ ਵਿੱਚ, ਕਪੂਰਥਲੇ ਤੋਂ ਲੈ ਕੇ ਭੁਲੱਥ ਤੱਕ, ਚਾਹੇ ਫਗਵਾੜੇ ਤੋਂ ਆ ਜਾਵੋ, ਸਾਡੀਆਂ ਸਾਰੀਆਂ ਸੜਕਾਂ ਟੁੱਟੀਆਂ ਹੋਈਆਂ ਹਨ। ਇਹ ਗੱਲ ਬਿਲਕੁਲ ਠੀਕ ਹੈ। (ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

**ਮਾਨਯੋਗ ਸਪੀਕਰ :** ਰਾਣਾ ਜੀ, ਸਵਾਲ ਪੁੱਛੋ।

**ਰਾਣਾ ਗੁਰਜੀਤ ਸਿੰਘ :** ਸ਼ੇਮ ਦੀ ਗੱਲ ਨਹੀਂ। ਕੋਈ ਗੱਲ ਨਹੀਂ, ਬਣਵਾਵਾਂਗੇ। ਸਪੀਕਰ ਸਾਹਿਬ, ਸਵਾਲ ਮੇਰਾ ਇਹ ਹੈ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਕਰਾਸ ਪਾਰਟੀ ਲਾਈਨਜ਼ ਦੁਆਬੇ ਦੇ ਸਾਰੇ ਮੈਂਬਰਜ਼ ਨੂੰ ਬੁਲਾਉ ਕਿਉਂਕਿ ਸਾਨੂੰ ਪਤਾ ਹੈ ਕਿ ਕਿਹੜੀ ਸੜਕ ਟੁੱਟੀ ਹੋਈ ਹੈ ਅਤੇ ਕਿਹੜੀ ਨਹੀਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਵੀ ਮੀਟਿੰਗਾਂ ਹੋਈਆਂ ਹਨ, ਉਹ ਸੁਲਤਾਨਪੁਰ ਲੋਧੀ ਸ਼ਹਿਰ ਵਿੱਚ ਜਾ ਕੇ ਹੋਈਆਂ ਹਨ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਬੈਠੇ-ਬੈਠੇ) :** ਮੁੱਖ ਮੰਤਰੀ ਸਾਹਿਬ ਦੇ ਘਰ ਨੂੰ ਜਾਣ ਵਾਲੀ ਸੜਕ ਵੀ ਟੁੱਟੀ ਹੋਈ ਹੈ...(ਵਿਘਨ) ਅਸੀਂ ਸਵਾਲ ਲਗਾਇਆ ਹੈ.. (ਵਿਘਨ)

**ਰਾਣਾ ਗੁਰਜੀਤ ਸਿੰਘ :** ਕੀ ਤੁਹਾਡੇ ਵਾਲੀ ਸੜਕ ਸਾਬਤ ਹੈ? ਜੇ ਨਹੀਂ ਤਾਂ ਅਸੀਂ ਬਣਵਾ ਦਿੰਦੇ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਪੁੱਛਿਆ ਜਾਵੇ, ਜਦੋਂ ਜਦੋਂ ਇਹ ਸੜਕਾਂ ਬਣਨੀਆਂ ਹਨ, ਇਹ ਸੜਕਾਂ ਚੌੜੀਆਂ ਹੋਣੀਆਂ ਚਾਹੀਦੀਆਂ ਹਨ, ਇਹ ਜਿਹੜੀ ਫਿਲੌਰ ਤੋਂ ਲੈ ਕੇ ਕਪੂਰਥਲਾ-ਸੁਭਾਨਪੁਰ-ਕਰਤਾਰਪੁਰ ਸੜਕ ਹੈ, ਇਹ ਸੜਕ ਫੋਰ ਲੇਨ ਬਣਨੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਦੁਆਬੇ ਦੇ ਨੁਮਾਇੰਦਿਆਂ ਨਾਲ ਗੱਲ ਹੋਵੇ।

**ਰਾਣਾ ਗੁਰਜੀਤ ਸਿੰਘ :** ਦੁਆਬੇ ਨਾਲ ਵਿਤਕਰਾ ਹੁੰਦਾ ਹੈ, ਪਹਿਲਾਂ ਵਾਲੇ ਕਰਦੇ ਰਹੇ। ਹੁਣ ਮੈਨੂੰ ਆਸ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਨਹੀਂ ਕਰਨਗੇ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਵਡਾਲਾ ਜੀ। ਕੁਝ ਰਹਿ ਗਿਆ ਹੈ? ਮੈਨੂੰ ਲੱਗਦਾ ਹੈ ਕਿ ਕੁਝ ਰਿਹਾ ਤਾਂ ਹੈ ਨਹੀਂ, ਚਲੋ ਦੱਸੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਇੱਕ ਸਪਲੀਮੈਂਟਰੀ ਹੈ ਜੀ। ਮੰਤਰੀ ਜੀ, ਇਸ ਸਵਾਲ ਦਾ ਸੈਕਿੰਡ ਪੋਰਸ਼ਨ ਹੈ ਕਿ ਕੀ ਆਪਾਂ ਇਸ ਸੜਕ ਨੂੰ ਚੌੜਾ ਕਰਨ ਬਾਰੇ ਵੀ ਸੋਚ ਰਹੇ ਹਾਂ ਕਿ ਨਹੀਂ? ਮੰਤਰੀ ਜੀ, ਤੁਸੀਂ ਇਸ ਦਾ ਜਵਾਬ ਨਹੀਂ ਦਿੱਤਾ। ਜਿਹੜੀ ਰਾਣਾ ਜੀ ਗੱਲ ਕਰਕੇ ਹਟੇ ਹਨ, ਅਸੀਂ ਰਾਣਾ ਜੀ ਨਾਲ ਸਹਿਮਤ ਹਾਂ ਪਰ ਗੱਲ ਇਹ ਹੈ ਕਿ ਇਹ ਸੜਕ ਕਿਸੇ ਵੇਲੇ ਫੋਰ ਲੇਨਿੰਗ ਲਈ ਪਰਪੋਜ਼ਡ ਸੀ। ਚਾਹੇ ਟ੍ਰੈਫਿਕ ਘੱਟ ਹੈ ਜਾਂ ਵੱਧ ਹੈ, ਭਾਵੇਂ ਕੋਈ ਵੀ ਕਾਰਨ ਹੈ, ਜੇ ਆਪਾਂ ਇਸ ਨੂੰ ਫੋਰ ਲੇਨਿੰਗ ਨਹੀਂ ਕਰ ਸਕਦੇ, ਘੱਟੋ ਘੱਟ ਇਸ ਨੂੰ ਚੌੜਾ ਤਾਂ ਕਰਨਾ ਚਾਹੀਦਾ ਹੈ। (ਵਿਘਨ)

**ਮਾਨਯੋਗ ਸਪੀਕਰ :** ਇਸ ਦੀ widening ਦੀ ਪਰਪੋਜ਼ਲ ਨਹੀਂ ਹੈ। ਬੈਠੋ ਜੀ। ਸਵਾਲ ਹੋ ਗਿਆ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਮੰਤਰੀ ਜੀ ਦੱਸਣ ਕਿ ਜੋ ਫਿਲੌਰ ਤੋਂ ਕਾਲਾ ਸੰਘਿਆਂ ਸਟਰੈੱਚ ਹੈ, ਇਸ ਨੂੰ ਕਦੋਂ ਤੱਕ ਕਰ ਦੇਣਗੇ?

**ਮਾਨਯੋਗ ਸਪੀਕਰ :** ਇਸ ਦੀ widening ਬਾਰੇ ਪੁੱਛਦੇ ਹਨ।

**ਮੰਤਰੀ :** ਨਹੀਂ ਜੀ, widening ਦੀ ਕੋਈ ਪਰਪੋਜ਼ਲ ਨਹੀਂ ਹੈ, ਨਾ ਇਸ

[ਲੋਕ ਨਿਰਮਾਣ (ਭ ਤੇ ਮ) ਮੰਤਰੀ]

ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਹੈ, ਕਿਉਂਕਿ ਜਿਹੜੀ ਉਥੇ ਟ੍ਰੈਫਿਕ ਦੀ ਰੇਸ਼ੋ ਆਈ ਹੈ, ਉਹ ਇੰਨੀ ਜ਼ਿਆਦਾ ਨਹੀਂ ਹੈ ਕਿ ਇਸ ਸੜਕ ਨੂੰ ਚੌੜਾ ਕੀਤਾ ਜਾ ਸਕੇ। ਜਿਹੜਾ ਰਾਣਾ ਸਾਹਿਬ ਨੇ ਸਵਾਲ ਚੁੱਕਿਆ ਹੈ, ਮੈਂ ਜ਼ਰੂਰ ਮੈਂਬਰ ਸਾਹਿਬ ਨੂੰ ਕਹਿੰਦਾ ਹਾਂ ਕਿ ਅਸੀਂ ਇਨ੍ਹਾਂ ਸਾਰੇ ਮੈਂਬਰ ਸਾਹਿਬਾਨ ਨੂੰ ਬੁਲਾ ਕੇ ਪੂਰੇ ਦੁਆਬੇ ਦੀ ਤਜਵੀਜ਼ ਨੂੰ ਆਉਣ ਵਾਲੇ ਸਮੇਂ ਵਿੱਚ ਬਣਵਾ ਲਵਾਂਗੇ। ਜਿਥੋਂ ਤੱਕ ਮੈਂਬਰ ਸਾਹਿਬ ਦੀ ਚਿੰਤਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕੇਂਦਰ ਦੀ ਸਰਕਾਰ ਨੇ, ਜਿਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਅਸੀਂ ਗੁਰੂ ਸਾਹਿਬ ਦੀ 550ਵੀਂ ਸ਼ਤਾਬਦੀ 'ਤੇ ਵੱਡੇ ਪੈਮਾਨੇ ਵਿੱਚ ਵਿਕਾਸ ਕੰਮਾਂ ਵਿੱਚ ਹਿੱਸਾ ਪਾਵਾਂਗੇ, ਹਾਲੇ ਤੱਕ ਨਹੀਂ ਪਾਇਆ, ਉਥੇ ਜਾ ਕੇ ਇਹ ਥੋੜ੍ਹੀ ਜਿਹੀ ਬੇਨਤੀ ਕਰ ਲੈਣ ਤਾਂ ਕਿ ਕੋਈ ਪੈਸਾ ਉਥੋਂ ਆ ਜਾਵੇ ਅਤੇ ਆਪਾਂ ਸਾਰੇ ਗੁਰੂ ਸਾਹਿਬ ਦੇ 550 ਸਾਲਾ ਨੂੰ ਬੜੀ ਧੂਮ-ਧਾਮ ਨਾਲ ਮਨਾ ਸਕੀਏ।

-----

## ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਅਤੇ ਉਦਯੋਗਿਕ ਟ੍ਰੇਨਿੰਗ ਸੈਂਟਰ ਬਣਾਉਣਾ

*1916. **ਸਰਦਾਰ ਰਣਦੀਪ ਸਿੰਘ :** ਕੀ ਉਦਯੋਗ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਮੰਤਰੀ ਜੀ ਨੇ ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਅਤੇ ਉਦਯੋਗਿਕ ਟ੍ਰੇਨਿੰਗ ਸੈਂਟਰ ਬਣਾਉਣ ਦੀ ਘੋਸ਼ਣਾ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਲਈ ਅਲਾਟ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ?

(ਅ) ਸਰਕਾਰ ਦੁਆਰਾ ਇਸ ਉਦੇਸ਼ ਲਈ ਮਿਤੀ ਅੰਤ ਤੱਕ ਕੁੱਲ ਕਿੰਨੇ ਫੰਡ ਜਾਰੀ ਕੀਤੇ ਗਏ ਹਨ ਅਤੇ ਹੁਣ ਤੱਕ ਇਸ ਉਪਰ ਹੋਏ ਖਰਚੇ ਦੇ ਵੇਰਵੇ ਕੀ ਹਨ?

**ਸ਼੍ਰੀ ਸੁੰਦਰ ਸ਼ਾਮ ਅਰੋੜਾ :** (ੳ) ਹਾਂ ਜੀ, ਇਹ ਠੀਕ ਹੈ ਕਿ ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਚੈਂਬਰ ਅਤੇ ਉਦਯੋਗਿਕ ਟ੍ਰੇਨਿੰਗ ਸੈਂਟਰ ਬਣਾਉਣ ਲਈ ਘੋਸ਼ਣਾ ਕੀਤੀ ਗਈ ਹੈ। ਪ੍ਰੰਤੂ ਇਸ ਸਬੰਧੀ ਗੋਬਿੰਦਗੜ੍ਹ ਸਟੀਲ ਚੈਂਬਰ ਆਫ ਕਮਰਸ ਅਤੇ ਇੰਡਸਟਰੀ ਵੱਲੋਂ ਆਪਣੀ ਤਜਵੀਜ਼ (ਪ੍ਰਪੋਜ਼ਲ) ਪੇਸ਼ ਕੀਤੀ ਜਾਣੀ ਸੀ ਪ੍ਰੰਤੂ ਅਜੇ ਤੱਕ ਸਬੰਧਿਤ ਐਸੋਸੀਏਸ਼ਨ ਵਲੋਂ ਸਰਕਾਰ ਨੂੰ ਕੋਈ ਤਜਵੀਜ਼ ਨਹੀਂ ਭੇਜੀ ਗਈ। ਤਜਵੀਜ਼ ਪ੍ਰਾਪਤ ਹੋਣ ਤੇ ਰੂਲਾਂ ਅਨੁਸਾਰ ਫੰਡਾਂ ਦੀ ਅਲਾਟਮੈਂਟ

ਸਬੰਧੀ ਵਿਚਾਰ ਲਿਆ ਜਾਵੇਗਾ।

(ਅ) ਸਰਕਾਰ ਨੂੰ ਗੋਬਿੰਦਗੜ੍ਹ ਸਟੀਲ ਚੈਂਬਰ ਆਫ ਕਮਰਸ ਐਂਡ ਇੰਡਸਟਰੀ ਵਲੋਂ ਤਜਵੀਜ਼ ਪ੍ਰਾਪਤ ਨਹੀਂ ਹੋਈ ਇਸ ਲਈ ਇਸ ਮੰਤਵ ਲਈ ਕੋਈ ਫੰਡ ਜਾਰੀ ਨਹੀਂ ਕੀਤੇ ਗਏ ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਪਤਾ ਨਹੀਂ ਸ਼ਾਇਦ ਮੇਰੀ ਵਿੱਦਿਆ ਵਿਚ ਕੋਈ ਘਾਟ ਹੈ। ਜਿਹੜਾ ਸਵਾਲ ਮੈਂ ਪੁੱਛਿਆ ਸੀ , ਉਸ ਦਾ ਕੋਈ ਸਪੈਸੀਫਿਕ ਜਵਾਬ ਨਹੀਂ ਆਇਆ। ਮੰਤਰੀ ਜੀ ਨੇ ਜ਼ਿਕਰ ਕੀਤਾ ਹੈ ਕਿ ਇਸ ਦੀ ਤਜਵੀਜ਼ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਸੀ.ਐਲ.ਪੀ. ਮੀਟਿੰਗ ਵਿਚ ਵੀ ਵਿੱਤ ਮੰਤਰੀ ਜੀ ਵੱਲੋਂ ਮੈਨੂੰ ਆਸ਼ਵਾਸਨ ਦਿੱਤਾ ਗਿਆ ਸੀ, 15 ਕਰੋੜ ਰੁਪਿਆ ਦੇਣ ਦਾ ਐਲਾਨ ਕੀਤਾ ਸੀ ਪਰ ਹੁਣ ਜਵਾਬ ਵਿਚ ਮੰਤਰੀ ਜੀ ਨੇ ਲਿਖਿਆ ਹੈ ਕਿ ਜੇਕਰ ਸਟੀਲ ਚੈਂਬਰ, ਮੰਡੀ ਗੋਬਿੰਦਗੜ੍ਹ ਤੋਂ ਪਰਪੋਜ਼ਲ ਆਵੇਗੀ ਤਾਂ ਉਹ ਪੈਸਾ ਭੇਜਿਆ ਜਾਵੇਗਾ। ਮੇਰੀ ਬੇਨਤੀ ਹੈ ਕਿ ਜਿਹੜਾ ਅਸੀਂ ਐਲਾਨ ਕੀਤਾ ਸੀ, ਉਸ ਦਾ ਸਮਾਂ ਦੱਸਣ ਕਿ ਕਦੋਂ ਤੱਕ ਇਹ ਪੈਸਾ ਭੇਜਿਆ ਜਾਵੇਗਾ? ਦੂਜੀ ਗੱਲ ਆਈ.ਟੀ.ਆਈ. ਟਰੇਨਿੰਗ ਸੈਂਟਰ ਦੀ ਹੈ। ਉੱਥੇ ਪ੍ਰਵਾਸੀ ਲੋਕ ਕੰਮ ਕਰਦੇ ਹਨ, ਉਨ੍ਹਾਂ ਨਾਲ ਬਹੁਤ ਹਾਦਸੇ ਹੁੰਦੇ ਹਨ ਕਿਉਂਕਿ ਉੱਥੇ ਸਟੀਲ ਦੀਆਂ ਕਾਫੀ ਯੂਨਿਟਾਂ ਹਨ। ਸੋ, ਮੇਰੀ ਬੇਨਤੀ ਹੈ ਕਿ ਟਰੇਨਿੰਗ ਸੈਂਟਰ ਨੂੰ ਸਮਾਂ-ਬੱਧ ਤਰੀਕੇ ਨਾਲ ਮੁਕੰਮਲ ਕੀਤਾ ਜਾਵੇ। ਦੂਜਾ ਜਿਹੜਾ 15 ਕਰੋੜ ਰੁਪਏ ਦਾ ਐਲਾਨ ਕੀਤਾ ਸੀ, ਉਹ ਕਦੋਂ ਤੱਕ ਭੇਜਿਆ ਜਾਵੇਗਾ?

**ਮੰਤਰੀ :** ਸਪੀਕਰ ਸਾਹਿਬ, ਅੱਜ ਹੀ ਚੈਂਬਰ ਆਫ ਸਟੀਲ ਇੰਡਸਟਰੀ ਐਂਡ ਕਮਰਸ ਦਾ ਇਹ ਲੈਟਰ ਪ੍ਰਾਪਤ ਹੋਇਆ ਹੈ।ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਜਲਦੀ ਹੀ ਤੁਹਾਨੂੰ ਪਰਪੋਜ਼ਲ ਭੇਜ ਰਹੇ ਹਾਂ। ਜਦੋਂ ਵੀ ਉਨ੍ਹਾਂ ਦੀ ਪਰਪੋਜ਼ਲ ਆ ਜਾਵੇਗੀ ਤਾਂ ਅਸੀਂ ਨਾਲ ਹੀ ਫੰਡਾਂ ਦਾ ਪ੍ਰਬੰਧ ਕਰਕੇ ਭੇਜ ਦਿਆਂਗੇ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਸ਼ਾਇਦ ਮੇਰੀ ਵਿੱਦਿਆ ਵਿਚ ਕੋਈ ਘਾਟ ਹੈ। ਮੈਂ ਵਾਰ ਵਾਰ ਬੇਨਤੀ ਕਰ ਰਿਹਾ ਹਾਂ। ਮੈਂ ਕੋਸ਼ਿਸ਼ ਤਾਂ ਕੀਤੀ ਸੀ, ਮੈਂ ਇਕਨਾਮਿਕਸ ਆਨਰਜ਼ ਵੀ ਕੀਤੀ, ਬੀ.ਬੀ.ਏ. ਵੀ ਕੀਤੀ ਪਰ ਸ਼ਾਇਦ ਮੰਤਰੀ ਜੀ ਨੂੰ ਮੈਂ ਆਪਣਾ ਸਵਾਲ ਸਮਝਾ ਨਹੀਂ ਪਾਇਆ। ਮੈਂ ਸਪੈਸੀਫਿਕ ਸਮਾਂ ਮੰਗਿਆ ਹੈ। ਸਟੀਲ ਚੈਂਬਰ ਤੋਂ ਪਰਪੋਜ਼ਲ ਦੀ ਲੋੜ ਨਹੀਂ ਹੈ, ਜੇਕਰ ਤੁਸੀਂ ਪਰਪੋਜ਼ਲ ਮੰਗ ਲਈ ਤਾਂ ਕੋਈ ਗੱਲ ਨਹੀਂ। ਇਹ ਤਾਂ ਇਕ

[ਸਰਦਾਰ ਰਣਦੀਪ ਸਿੰਘ]

formal obligation ਹੈ। ਤੁਸੀਂ ਮੈਨੂੰ ਸਮਾਂ ਦੱਸੋ ਕਿ 15 ਕਰੋੜ ਰੁਪਿਆ ਕਦੋਂ ਤੱਕ ਭੇਜਿਆ ਜਾਵੇਗਾ? ਦੂਜੀ ਮੇਰੀ ਬੇਨਤੀ ਹੈ ਕਿ ਇਹ ਟਰੇਨਿੰਗ ਸੈਂਟਰ ਕਦੋਂ ਤੱਕ ਮੁਕੰਮਲ ਕੀਤਾ ਜਾਵੇਗਾ?

**ਮਾਨਯੋਗ ਸਪੀਕਰ :** ਮੰਤਰੀ ਜੀ ਨੇ ਕਿਹਾ ਹੈ ਕਿ ਸਟੀਲ ਚੈਂਬਰ ਹਾਲੇ ਪਰਪੋਜ਼ਲ ਭੇਜੇਗਾ, ਉਨ੍ਹਾਂ ਦਾ ਲੈਟਰ ਅੱਜ ਹੀ ਆਇਆ ਹੈ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਇਹ ਕਹਿੰਦੇ ਕਿ ਪਰਪੋਜ਼ਲ ਆ ਗਈ ਹੈ।

**ਮਾਨਯੋਗ ਸਪੀਕਰ :** ਨਹੀਂ, ਉਹ ਕਹਿੰਦੇ ਲੈਟਰ ਅੱਜ ਆਇਆ ਹੈ, ਪਰਪੋਜ਼ਲ ਹਾਲੇ ਉਨ੍ਹਾਂ ਨੇ ਘੱਲਣੀ ਹੈ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਟਾਈਮ ਮੰਗ ਰਿਹਾ ਹਾਂ, 6 ਮਹੀਨੇ, 5 ਮਹੀਨੇ ਮੰਗ ਰਿਹਾ ਹਾਂ। ਮੰਤਰੀ ਜੀ, ਸਮਾਂ ਤਾਂ ਦੱਸ ਸਕਦੇ ਹਨ।

**ਮਾਨਯੋਗ ਸਪੀਕਰ :** ਮੰਤਰੀ ਜੀ ਪਰਪੋਜ਼ਲ ਆਉਣ ਤੋਂ ਬਾਅਦ ਕਿੰਨਾ ਸਮਾਂ ਲਗਾਓਗੇ? ਕੀ ਇਸ ਨੂੰ ਸਮਾਂ-ਬੱਧ ਕਰੋਗੇ?

**ਮੰਤਰੀ :** ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦ ਵੀ ਪਰਪੋਜ਼ਲ ਆ ਜਾਵੇਗੀ ਤਾਂ ਤੁਰੰਤ ਫੰਡਾਂ ਦਾ ਪ੍ਰਬੰਧ ਕਰਕੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਨੇ ਆਪਣੇ ਲੈਟਰ ਵਿਚ ਲਿਖਿਆ ਹੈ ਕਿ ਅਸੀਂ ਜਲਦੀ ਹੀ ਪਰਪੋਜ਼ਲ ਭੇਜਾਂਗੇ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਚੌਥੀ ਵਾਰ ਵਿਧਾਇਕ ਬਣਿਆ ਹਾਂ। ਮੈਂ ਆਪ ਇਨ੍ਹਾਂ ਦੀ ਅਨਾਊਸਮੈਂਟ ਉਥੇ ਕਰਕੇ ਆਇਆ ਸੀ। ਸਟੀਲ ਚੈਂਬਰ ਨੇ ਇਨ੍ਹਾਂ ਤੋਂ ਮੰਗ ਕੀਤੀ ਸੀ। ਕੀ ਹੁਣ ਮੈਂ ਸਦਨ ਵਿਚ ਝੂਠ ਬੋਲ ਰਿਹਾ ਹਾਂ? ਜੇਕਰ ਮੈਂ ਝੂਠ ਬੋਲ ਰਿਹਾ ਹਾਂ ਤਾਂ ਮੇਰੇ ਤੇ ਕਾਰਵਾਈ ਕਰ ਦਿਓ।

**ਮਾਨਯੋਗ ਸਪੀਕਰ :** ਨਹੀਂ, ਉਨ੍ਹਾਂ ਨੇ ਕਹਿ ਦਿੱਤਾ ਹੈ, Now what you want?

**Sardar Randeep Singh:** Sir, I want it to be time bound, within time frame period i.e. 6 months or 8 months or ten months, Let the Government proceed with it further.

**Mr. Speaker:** No, No, there is an issue. (ਵਿਘਨ) ਤੁਸੀਂ ਗੱਲ ਤਾਂ ਸੁਣੋ।

ਕੀ ਤੁਸੀਂ ਚਾਹੁੰਦੇ ਹੋ ਕਿ ਪਰਪੋਜ਼ਲ ਤੋਂ ਬਿਨਾਂ ਹੀ ਫੰਡ ਰਿਲੀਜ਼ ਕਰ ਦਿੱਤੇ ਜਾਣ? ਜਾਂ ਤਾਂ ਫਿਰ ਤੁਸੀਂ ਇਸ ਤਰ੍ਹਾਂ ਕਹੋ ਕਿ ਪਰਪੋਜ਼ਲ ਤੋਂ ਬਿਨਾਂ ਹੀ ਫੰਡ ਜਾਰੀ ਕਰ ਦਿਓ।

**Sardar Randeep Singh :** Sir, Government has to take it from Government to Government.

**ਮਾਨਯੋਗ ਸਪੀਕਰ :** ਤੁਸੀਂ ਪਰਪੋਜ਼ਲ ਮੰਗ ਲਓ ਤੇ ਇਕ ਹਫਤੇ ਦੇ ਅੰਦਰ- ਅੰਦਰ ਕਰ ਦਿਓ।

**Sardar Randeep Singh :** Sir, they can ask for a proposal and within next 15 days, I assure that it will be sent. What I want is a time bound assurance.

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਰੂਲਿੰਗ ਪਾਰਟੀ ਦੇ ਮੈਂਬਰ 15 ਕਰੋੜ ਦੇ ਫੰਡਾਂ ਦੀ ਗੱਲ ਕਰ ਰਹੇ ਹਨ। ਤੁਸੀਂ ਇਨ੍ਹਾਂ ਤੋਂ ਪਰਪੋਜ਼ਲ ਲੈ ਕੇ ਗੱਲ ਖਤਮ ਕਰੋ, ਕੀ ਐਨਾ ਪੰਗਾ ਪਿਆ ਹੈ। ਤੁਸੀਂ ਐਵੇਂ ਹੀ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹੋ। ਇਹ ਨਹੀਂ ਕਰਨਾ ਚਾਹੁੰਦੇ ਪਰ ਤੁਸੀਂ ਸਮਝਾਉਣ ਦੀ ਕੋਸ਼ਿਸ਼ ਕਰੀ ਜਾ ਰਹੇ ਹੋ। (ਹਾਸਾ)

**ਮਾਨਯੋਗ ਸਪੀਕਰ :** ਇਹ ਕਰ ਲੈਣਗੇ। ਤੁਸੀਂ ਬੈਠੋ। ਮੰਤਰੀ ਜੀ, ਤੁਸੀਂ ਇਸ ਗੱਲ ਦਾ ਸਪੈਸੀਫਿਕ ਜਵਾਬ ਦਿਓ।

**ਮੰਤਰੀ :** ਸਰ, ਇਨ੍ਹਾਂ ਦੀ ਜਿਹੜੀ ਪਰਪੋਜ਼ਲ ਹੈ, ਇਹ ਜਲਦੀ ਭਿਜਵਾ ਦੇਣ, ਅਸੀਂ ਬਹੁਤ ਜਲਦੀ ਹੀ ਪੂਰਾ ਕਰ ਦਿਆਂਗੇ।

**ਮਾਨਯੋਗ ਸਪੀਕਰ :** ਜਲਦੀ ਨੂੰ ਡਿਫਾਇਨ ਕਰੋਗੇ ਕਿ ਜਲਦ ਦਾ ਕੀ ਮਤਲਬ ਹੈ?

**ਮੰਤਰੀ :** ਇਹ ਅੱਜ ਪਰਪੋਜਲ ਭੇਜ ਦੇਣ ਤਾਂ ਅਸੀਂ 6 ਮਹੀਨੇ ਦੇ ਵਿਚ ਵਿਚ ਕੰਮ ਮਕੰਮਲ ਕਰ ਦਿਆਂਗੇ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਮੇਰੀ ਇੱਕ ਗੁਜਾਰਿਸ਼ ਹੋਰ ਹੈ। ਤੁਸੀਂ ਪਹਿਲਾਂ ਵੀ ਫਰਾਖਦਿਲੀ ਦਿਖਾਈ ਹੈ.....

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਸਿਹਤ ਕੇਂਦਰਾਂ ਨੂੰ ਪਬਲਿਕ-ਪ੍ਰਾਈਵੇਟ ਭਾਈਵਾਲੀ ਸਕੀਮ ਤਹਿਤ ਚਲਾਉਣਾ

***1911. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਦੀ ਸੂਬੇ ਦੇ ਸਰਕਾਰੀ ਗ੍ਰਾਮੀਣ ਪ੍ਰਾਇਮਰੀ ਹੈਲਥ ਸੈਂਟਰ, ਕਮਿਊਨਿਟੀ ਹੈਲਥ ਸੈਂਟਰ ਤੇ ਅਰਬਨ ਕਮਿਊਨਿਟੀ ਸਿਹਤ ਕੇਂਦਰਾਂ ਨੂੰ ਪਬਲਿਕ ਪ੍ਰਾਈਵੇਟ ਭਾਈਵਾਲੀ ਸਕੀਮ ਤਹਿਤ ਚਲਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਨਹੀਂ ਜੀ, ਪ੍ਰਾਇਮਰੀ ਹੈਲਥ ਸੈਂਟਰ, ਕਮਿਊਨਿਟੀ ਹੈਲਥ ਸੈਂਟਰ ਤੇ ਅਰਬਨ ਕਮਿਊਨਿਟੀ ਸਿਹਤ ਕੇਂਦਰਾਂ ਨੂੰ ਪਬਲਿਕ-ਪ੍ਰਾਈਵੇਟ ਭਾਈਵਾਲੀ ਸਕੀਮ ਤਹਿਤ ਚਲਾਉਣ ਲਈ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

------

### ਬਟਾਲਾ ਸ਼ਹਿਰ ਵਿੱਚ ਸੀਵਰੇਜ ਪਾਉਣਾ

***1926. ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਟਾਲਾ ਸ਼ਹਿਰ ਦੇ ਸੀਵਰੇਜ ਦਾ ਕੰਮ ਜਿਸ ਦੀ ਦੋ ਸਾਲ ਤੋਂ ਪਲਾਨਿੰਗ ਹੋ ਚੁੱਕੀ ਹੈ ਅਤੇ ਜਿਸ ਦਾ ਨਕਸ਼ਾ ਮਿਊਂਸਿਪਲ ਕਮੇਟੀ, ਬਟਾਲਾ ਦੇ ਦਫਤਰ ਵਿੱਚ ਮੌਜੂਦ ਹੈ, ਦਾ ਕੰਮ ਕਦੋਂ ਸ਼ੁਰੂ ਕੀਤਾ ਜਾਵੇਗਾ ਅਤੇ ਇਸ ਕੰਮ ਵਿੱਚ ਬੇਲੋੜੀ ਦੇਰੀ ਦੇ ਕੀ ਕਾਰਨ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ :** ਬਟਾਲਾ ਸ਼ਹਿਰ ਦੇ ਕੁਝ ਹਿੱਸੇ ਲਈ ਸੀਵਰੇਜ ਵਿਵਸਥਾ ਵਾਸਤੇ 28.66 ਕਰੋੜ ਰੁਪਏ ਦੀ ਡੀ.ਪੀ.ਆਰ ਮਿਤੀ 14.12.2016 ਨੂੰ ਪ੍ਰਵਾਨ ਕੀਤੀ ਗਈ ਸੀ। ਹੁਣ ਬਾਕੀ ਰਹਿੰਦੇ ਸ਼ਹਿਰ ਨੂੰ ਸ਼ਾਮਲ ਕਰਦੇ ਹੋਏ 127.99 ਕਰੋੜ ਰੁਪਏ ਦੀ ਡੀ.ਪੀ.ਆਰ. ਬਣਾਈ ਗਈ ਹੈ। ਇਸ ਕੰਮ ਨੂੰ ਕਰਵਾਉਣ ਦੇ ਟੈਂਡਰ 15 ਦਿਨਾਂ ਦੇ ਅੰਦਰ ਜਾਰੀ ਕਰਨ ਦੀ ਆਸ ਹੈ। ਇਸ ਕੰਮ ਦੀ ਡੀ.ਪੀ.ਆਰ. ਬਣਾਉਣ ਦੀ ਦੇਰੀ ਦੇ ਮੁੱਖ ਕਾਰਨ ਸਾਰੇ ਸ਼ਹਿਰ ਦਾ ਸਰਵੇ ਕਰਵਾਉਣਾ, ਐਸ.ਟੀ.ਪੀ. ਵਾਸਤੇ ਢੁੱਕਵੀਂ ਜ਼ਮੀਨ ਦਾ ਉਪਬੰਧ ਕਰਨਾ

ਅਤੇ ਸੀਵਰੇਜ ਪਾਈਪ ਲਾਈਨ ਦੇ ਸਾਈਜ਼ ਅਤੇ ਡੂੰਘਾਈ ਦਾ ਡਿਜ਼ਾਇਨ ਤਿਆਰ ਕਰਨਾ ਹੈ।

-----

## ਸ਼ਗਨ ਸਕੀਮ ਦੇ ਭੁਗਤਾਨ ਬਾਰੇ

***1925. ਰਾਣਾ ਗੁਰਜੀਤ ਸਿੰਘ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਪੂਰਥਲਾ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਾਭਪਾਤਰੀਆਂ ਨੂੰ ਸ਼ਗਨ ਸਕੀਮ ਦਾ ਭੁਗਤਾਨ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਉਕਤ ਸਕੀਮ ਦਾ ਭੁਗਤਾਨ ਹੋਣ ਦਾ ਸਹੀ ਸਮਾਂ ਕੀ ਹੈ ਅਤੇ ਇਹ ਅਦਾਇਗੀ ਕਦੋਂ ਤੱਕ ਦਿੱਤੀ ਜਾਵੇਗੀ?

**ਸਰਦਾਰ ਸਾਧੂ ਸਿੰਘ :** ਜ਼ਿਲ੍ਹਾ ਕਪੂਰਥਲਾ ਦੇ ਮਹੀਨਾ ਦਸੰਬਰ, 2018 ਤੱਕ ਦੇ ਸਾਰੇ ਯੋਗ ਲਾਭਪਾਤਰੀਆਂ ਲਈ ਰਾਸ਼ੀ ਰਲੀਜ਼ ਕੀਤੀ ਗਈ ਹੈ। ਮਹੀਨਾ ਜਨਵਰੀ, 2019 ਦੇ 176 ਲਾਭਪਾਤਰੀਆਂ ਨੂੰ ਅਦਾਇਗੀ ਕਰਨੀ ਬਕਾਇਆ ਹੈ। ਇਹ ਅਦਾਇਗੀ ਫੰਡਜ਼ ਰਿਲੀਜ਼ ਹੋਣ ਤੇ ਤੁਰੰਤ ਕਰ ਦਿੱਤੀ ਜਾਵੇਗੀ।

-----

## ਬਨੂੜ ਨੂੰ ਬਲਾਕ ਦਾ ਦਰਜਾ ਦੇਣਾ

***1842.ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਨੂੜ ਨੂੰ ਬਲਾਕ ਦਾ ਦਰਜਾ ਦੇਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ, ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਬਲਾਕ ਦਾ ਦਰਜਾ ਦੇ ਦਿੱਤਾ ਜਾਵੇਗਾ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਨਹੀਂ ਜੀ, ਬਨੂੜ ਨੂੰ ਬਲਾਕ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-----

## ਲਾਈਟ ਅਤੇ ਹੈਵੀ ਡਰਾਈਵਿੰਗ ਲਾਇਸੈਂਸ ਲਈ ਯੋਗਤਾ

***1852. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲਾਈਟ ਅਤੇ ਹੈਵੀ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਲਈ ਸਰਕਾਰ ਵਲੋਂ ਨਿਰਧਾਰਤ ਕੀਤੀ ਗਈ ਘੱਟੋ-ਘੱਟ ਯੋਗਤਾ ਕੀ ਹੈ ਅਤੇ ਕੀ ਇਸ ਯੋਗਤਾ ਵਿੱਚ ਢਿੱਲ ਦੇਣ ਲਈ ਕੋਈ ਉਪਬੰਧ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਰਨ ਲਈ

ਕੌਣ ਸਮਰੱਥ ਅਧਿਕਾਰੀ ਹੈ?

**ਸ਼੍ਰੀਮਤੀ ਅਰੁਨਾ ਚੌਧਰੀ :** ਨਾਨ-ਟਰਾਂਸਪੋਰਟ ਗੱਡੀਆਂ ਦੇ ਡਰਾਈਵਿੰਗ ਲਾਇਸੈਂਸ ਬਣਾਉਣ ਲਈ ਘੱਟੋ-ਘੱਟ ਕੋਈ ਵਿਦਿਅਕ ਯੋਗਤਾ ਨਹੀਂ ਹੈ। ਟਰਾਂਸਪੋਰਟ ਗੱਡੀਆਂ ਦੇ ਡਰਾਈਵਿੰਗ ਲਾਇਸੈਂਸ ਬਣਾਉਣ ਲਈ ਵਿਦਿਅਕ ਯੋਗਤਾ ਘੱਟੋ-ਘੱਟ ਅੱਠਵੀਂ ਪਾਸ ਹੈ। ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨ ਲਈ ਵਿਦਿਅਕ ਯੋਗਤਾ ਵਿੱਚ ਢਿੱਲ ਦੇਣ ਸਬੰਧੀ ਕੋਈ ਉਪਬੰਧ ਨਹੀਂ ਹੈ।

-----

## ਸਰਹਿੰਦ ਫੀਡਰ ਦੀ ਰੀ-ਲਾਈਨਿੰਗ ਕਰਨਾ

***1899. ਸ਼੍ਰੀ ਨੱਥੂ ਰਾਮ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪੰਜਾਬ ਸਰਕਾਰ ਸਰਹਿੰਦ ਫੀਡਰ ਜੋ ਲਗਭਗ 1955-57 ਦੇ ਵਿੱਚ ਬਣੀ ਸੀ ਅਤੇ ਆਪਣਾ ਸਮਾਂ ਪੂਰਾ ਕਰ ਚੁੱਕੀ ਹੈ, ਦੀ ਰੀ-ਲਾਈਨਿੰਗ ਕਰਨ ਦਾ ਇਰਾਦਾ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ;

(ਅ) ਜੇਕਰ ਨਹੀਂ ਤਾਂ ਮੱਲਾਂ ਵਾਲਾ ਹੈੱਡ ਤੋਂ ਲੈ ਕੇ ਟੇਲ ਤੱਕ ਇਸ ਦੀ ਸਫਾਈ ਕਰਨ ਦੇ ਬਾਰੇ ਸਰਕਾਰ ਦਾ ਕੀ ਵਿਚਾਰ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** (ੳ) ਹਾਂ ਜੀ।

(ਅ) ਸਰਹਿੰਦ ਫੀਡਰ ਦੇ ਆਖਰੀ 100 ਕਿਲੋਮੀਟਰ ਦੇ ਨਵੀਨੀਕਰਨ ਦਾ ਕੰਮ 671.478 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਤੇ ਅਗਲੇ 4 ਸਾਲਾਂ ਵਿੱਚ ਪੂਰਾ ਕੀਤਾ ਜਾਵੇਗਾ।

-----

## ਖਪਤਕਾਰਾਂ ਨੂੰ ਬਿਜਲੀ ਦੇ ਪ੍ਰਤੀ ਯੂਨਿਟ ਰੇਟ ਸਬੰਧੀ

***1707. 1. ਸਰਦਾਰ ਬਿਕਰਮ ਸਿੰਘ ਮਜੀਠੀਆ:**

**2. ਸਰਦਾਰ ਰਣਦੀਪ ਸਿੰਘ :** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪੰਜਾਬ ਵਿੱਚ ਵੱਖ-ਵੱਖ ਛੋਟੇ ਅਤੇ ਦਰਮਿਆਨੇ ਉਦਯੋਗਿਕ ਖਪਤਕਾਰਾਂ ਨੂੰ ਬਿਜਲੀ 5/- ਰੁਪਏ ਪ੍ਰਤੀ ਯੂਨਿਟ ਦੇ ਰੇਟ ਨਾਲ ਮਿਲਣੀ ਸ਼ੁਰੂ ਹੋ ਗਈ ਹੈ ਜਾਂ ਨਹੀਂ;

(ਅ) ਵੱਡੇ ਉਦਯੋਗਿਕ ਖਪਤਕਾਰਾਂ ਤੋਂ ਕਿੰਨੇ ਰੁਪਏ/ਪੈਸੇ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਦੇ ਬਿੱਲ ਵਸੂਲੇ ਜਾ ਰਹੇ ਹਨ ਅਤੇ ਉਨ੍ਹਾਂ ਦੇ ਕੈਟਾਗਰੀ-ਵਾਈਜ਼ fixed rates ਕੀ ਹਨ, ਵੇਰਵੇ ਸਹਿਤ ਦੱਸਿਆ ਜਾਵੇ;

(ੲ) ਕੀ ਇਨ੍ਹਾਂ ਉਦਯੋਗਿਕ ਖਪਤਕਾਰਾਂ ਨੂੰ ਭਵਿੱਖ ਵਿੱਚ ਵੀ ਕੁਝ ਹੋਰ ਵਿਸ਼ੇਸ਼ ਰਿਆਇਤਾਂ ਦੇਣ ਸਬੰਧੀ ਕੋਈ ਹੋਰ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** (ੳ) ਹਾਂ ਜੀ, ਪੰਜਾਬ ਦੇ ਛੋਟੇ ਅਤੇ ਦਰਮਿਆਨੇ ਉਦਯੋਗਿਕ ਖਪਤਕਾਰਾਂ ਨੂੰ ਪਿਛਲੇ ਵਿੱਤੀ ਸਾਲ ਦੀ ਤਰਜ਼ ਤੇ ਇਸ ਸਾਲ 2018-19 ਵੀ ਸਬਸੀਡਾਈਜ਼ਡ ਪਾਵਰ ਮੁਹੱਈਆ ਕਰਵਾਈ ਜਾ ਰਹੀ ਹੈ। ਪੰਜਾਬ ਸਟੇਟ ਇਲੈਕਟਰੀਸਿਟੀ ਰੈਗੂਲੇਟਰੀ ਕਮਿਸ਼ਨ ਦੇ ਹੁਕਮਾਂ ਅਨੁਸਾਰ ਸਮਾਲ ਪਾਵਰ ਉਦਯੋਗਿਕ ਖਪਤਕਾਰਾਂ ਨੂੰ ਓਵਰਆਲ ਟੈਰਿਫ ਰੇਟ ਰੁਪਏ 4.99 ਪ੍ਰਤੀ ਕੇ.ਵੀ.ਏ.ਐਚ. ਅਤੇ ਦਰਮਿਆਨੇ ਉਦਯੋਗਿਕ ਖਪਤਕਾਰਾਂ ਨੂੰ ਸਬਸਿਡਾਇਜਡ ਵੈਰੀਏਬਲ ਐਨਰਜੀ ਚਾਰਜਿਜ਼ ਰੁਪਏ 5/- ਕੇ.ਵੀ.ਏ.ਐਚ. ਚਾਰਜ ਕੀਤੇ ਜਾ ਰਹੇ ਹਨ।

(ਅ) ਸਾਲ 2018-19 ਦੌਰਾਨ ਵੱਡੇ ਉਦਯੋਗਿਕ ਖਪਤਕਾਰਾਂ ਨੂੰ ਸਬਸੀਡਾਈਜ਼ਡ ਰੇਟ 5/- ਰੁਪਏ ਪ੍ਰਤੀ ਕੇ.ਵੀ.ਏ.ਐਚ. ਵੇਰੀਏਬਲ ਐਨਰਜੀ ਚਾਰਜਿਜ਼ ਦੀ ਦਰ ਤੇ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ। ਉਦਯੋਗਿਕ ਖਪਤਕਾਰਾਂ ਲਈ ਪੰਜਾਬ ਰਾਜ ਰੈਗੂਲੇਟਰੀ ਕਮਿਸ਼ਨ ਦੁਆਰਾ ਨਿਰਧਾਰਿਤ ਕੀਤੇ ਕੈਟਾਗਰੀਵਾਈਜ਼ ਫਿਕਸਡ ਚਾਰਜਿਜ਼ ਨਾਲ ਨੱਥੀ ਅਨੈਕਸਚਰ-ੳ ਅਨੁਸਾਰ ਹਨ।

(ੲ) ਅਜੇ ਕੋਈ ਹੋਰ ਯੋਜਨਾ ਵਿਚਾਰ ਅਧੀਨ ਨਹੀਂ ਹੈ।

ਅਨੈਕਸਚਰ- ੳ

| ਲੜੀ ਨੰ: | ਕੈਟਾਗਰੀ | ਟੈਰਿਫ ਸਾਲ 2018-19 |
|---|---|---|
| | | ਫਿਕਸਡ ਚਾਰਜਿਜ਼ (ਰੁ:) |
| 1 | ਸਮਾਲ ਪਾਵਰ | |

[ਊਰਜਾ ਮੰਤਰੀ]

| | | | |
|---|---|---|---|
| | ਕੇ.ਡਬਲਿਯੂ/ ਕੇ.ਡਬਲਿਯੂ.ਐਚ. ਟੈਰਿਫ | 20 ਕੇ.ਡਬਲਿਯੂ ਤੱਕ | 90/- ਕੇ.ਡਬਲਿਯੂ. |
| | ਕੇ.ਵੀ.ਏ. / ਕੇ.ਵੀ.ਏ. ਐਚ ਟੈਰਿਫ | 20 ਕੇ.ਵੀ.ਏ.ਤੱਕ | 75/- ਕੇ.ਵੀ.ਏ. |
| 2 | ਮੀਡੀਅਮ ਸਪਲਾਈ 100 ਕੇ.ਵੀ.ਏ.ਤੱਕ | 20 ਕੇ.ਵੀ.ਏ.ਤੋਂ | 115/- ਕੇ.ਵੀ.ਏ. |
| 3 | ਲਾਰਜ ਸਪਲਾਈ | | |
| | ਜਨਰਲ ਉਦਯੋਗ | 100 ਕੇ.ਵੀ.ਏ. ਤੋਂ 1000 ਕੇ.ਵੀ.ਏ. ਤੱਕ | 150/- ਕੇ.ਵੀ.ਏ. |
| | | 1000 ਕੇ.ਵੀ.ਏ. ਤੋਂ 2500 ਕੇ.ਵੀ.ਏ. ਤੱਕ | 205/- ਕੇ.ਵੀ.ਏ. |
| | | 2500 ਕੇ.ਵੀ.ਏ. ਤੋਂ ਉਪਰ | 240/- ਕੇ.ਵੀ.ਏ. |
| | ਪੀ.ਆਈ.ਯੂ / ਆਰਕ ਫਰਨੇਸ | 100 ਕੇ.ਵੀ.ਏ. ਤੋਂ 1000 ਕੇ.ਵੀ.ਏ. ਤੱਕ | 155/- ਕੇ.ਵੀ.ਏ. |
| | | 1000 ਕੇ.ਵੀ.ਏ. ਤੋਂ 2500 ਕੇ.ਵੀ.ਏ. ਤੱਕ | 250/- ਕੇ.ਵੀ.ਏ. |
| | | 2500 ਕੇ.ਵੀ.ਏ. ਤੋਂ ਉਪਰ | 280/- ਕੇ.ਵੀ.ਏ. |

ਫਿਕਸਡ ਚਾਰਜਿਜ਼ ਬਿਲਿੰਗ ਸਾਈਕਲ ਪ੍ਰਤੀ ਮਹੀਨਾ ਮਨਜ਼ੂਰ ਕੰਟਰੈਕਟ ਡਿਮਾਂਡ ਦੇ 80 ਪ੍ਰਤੀਸ਼ਤ ਤੇ ਜਾਂ ਰਿਕਾਰਡ ਕੀਤੀ ਅਸਲ ਕੰਟਰੈਕਟ ਡਿਮਾਂਡ, ਦੋਨਾਂ ਵਿਚੋਂ ਜਿਹੜੀ ਵਾਧੂ ਹੋਵੇਗੀ, ਤੇ ਲਗਾਏ ਜਾਂਦੇ ਹਨ।

------

**ਖੰਨਾ ਸ਼ਹਿਰ ਤੋਂ ਪਿੰਡ ਲਲਹੇੜੀ ਸੜਕ ਦਾ ਨਿਰਮਾਣ ਕਰਨਾ**

***1781. ਸਰਦਾਰ ਗੁਰਕੀਰਤ ਸਿੰਘ ਕੋਟਲੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਖੰਨਾ ਸ਼ਹਿਰ ਤੋਂ ਪਿੰਡ ਲਲਹੇੜੀ ਤੱਕ ਸੜਕ ਦੀ ਖਰਾਬ ਹਾਲਤ ਨੂੰ ਦੇਖਦੇ ਹੋਏ ਇਸ ਦੀ ਰਿਪੇਅਰ ਕਦੋਂ ਤੱਕ ਕਰ ਦਿੱਤੀ ਜਾਵੇਗੀ ?

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧ):** ਖੰਨਾ ਸ਼ਹਿਰ ਤੋਂ ਪਿੰਡ ਲਲਹੇੜੀ ਤੱਕ ਸੜਕ ਦਾ ਜੋ ਹਿੱਸਾ ਰੇਲਵੇ ਲਾਈਨ ਤੋਂ ਪਾਰ ਭਗਤ ਨਾਮਦੇਵ ਜੀ ਦੇ ਮੰਦਿਰ ਤੋਂ ਨਗਰ ਕੌਂਸਲ ਦੀ ਪੁਰਾਣੀ ਹਦੂਦ ਤੱਕ, ਨਗਰ ਕੌਂਸਲ ਵੱਲੋਂ ਮੁਰੰਮਤ ਕਰਨ ਯੋਗ ਹੈ। ਸੀਵਰੇਜ ਬੋਰਡ ਵੱਲੋਂ ਸੰਭਾਵਿਤ ਵਿਛਾਈ ਜਾਣ ਵਾਲੀ ਮੇਨ ਸੀਵਰੇਜ ਲਾਈਨ ਕਾਰਨ ਸੜਕ ਦੀ ਉਸਾਰੀ ਨਹੀਂ ਕੀਤੀ ਜਾ ਸਕੀ। ਸੀਵਰੇਜ ਲਾਈਨ ਵਿਛਾਉਣ ਸਬੰਧੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਮਿਤੀ 15-02-2019 ਲਈ ਟੈਂਡਰ ਮੰਗੇ ਗਏ ਹਨ। ਟੈਂਡਰ ਪ੍ਰੀਕਿਰਿਆ ਮੁਕੰਮਲ ਹੋਣ ਉਪਰੰਤ ਇਹ ਕੰਮ ਸ਼ੁਰੂ ਹੋ ਜਾਵੇਗਾ ਅਤੇ ਇਸ ਉਪਰੰਤ ਸੜਕ ਦੀ ਉਸਾਰੀ ਕਰ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਨਗਰ ਕੌਂਸਲ ਦੀ ਪੁਰਾਣੀ ਹਦੂਦ ਤੋਂ ਪਿੰਡ ਲਲਹੇੜੀ ਤੱਕ ਸੜਕ ਦਾ ਕੰਮ ਪੰਜਾਬ ਮੰਡੀ ਬੋਰਡ ਵਲੋਂ ਕਰਵਾਇਆ ਜਾਣਾ ਹੈ।

-----

(ਇਸ ਸਮੇਂ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ ਤੇ ਬਿਨਾਂ ਆਗਿਆ **** ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਪਲੀਜ਼, ਪਹਿਲਾਂ ਮੈਨੂੰ ਅਨਾਊਂਸਮੈਂਟਸ ਕਰ ਲੈਣ ਦਿਓ। (ਵਿਘਨ)(ਸ਼ੋਰ) Don't be so impatient. ਪਲੀਜ਼, ਤੁਸੀਂ ਅਨਾਊਂਸਮੈਂਟਸ ਤੋਂ ਬਾਅਦ ਵਿੱਚ ਗੱਲ ਕਰ ਲੈਣਾ।** ਜੋ ਵੀ ਬਿਨਾ ਇਜਾਜ਼ਤ ਦੇ ਕਿਹਾ ਗਿਆ ਹੈ ਉਸ ਨੂੰ ਰਿਕਾਰਡ ਨਾ ਕੀਤਾ ਜਾਵੇ। ਢੀਂਡਸਾ ਸਾਹਿਬ, ਜ਼ਰਾ ਐਲਾਨ ਹੋ ਲੈਣ ਦਿਓ। (ਵਿਘਨ)(ਸ਼ੋਰ)

----

## ANNOUNCEMENTS BY THE SPEAKER REG.

## (i) PANEL OF CHAIRMEN

**ਮਾਨਯੋਗ ਸਪੀਕਰ :** ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਹੇਠ ਲਿਖੇ ਮੈਂਬਰਾਂ ਨੂੰ

** Not recorded as ordered by the Chair.

[ਮਾਨਯੋਗ ਸਪੀਕਰ]

ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ :-

1. ਸਰਦਾਰ ਪ੍ਰਗਟ ਸਿੰਘ ਪੋਆਰ,
2. ਸਰਦਾਰ ਪਰਮਿੰਦਰ ਸਿੰਘ ਪਿੰਕੀ,
3. ਸ਼੍ਰੀ ਅਮਨ ਅਰੋੜਾ ਅਤੇ
4. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ।

----

## (ii) LAYING OF GOVERNOR'S ADDRESS ON THE TABLE OF THE HOUSE

**ਮਾਨਯੋਗ ਸਪੀਕਰ :** ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 18 ਦੀ ਪੈਰਵੀ ਵਿੱਚ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਜਪਾਲ ਜੀ ਨੇ ਸੰਵਿਧਾਨ ਦੇ ਅਨੁਛੇਦ 176(1) ਅਧੀਨ 12 ਫਰਵਰੀ, 2019 ਨੂੰ 11.00 ਵਜੇ ਸਵੇਰੇ ਪੰਜਾਬ ਵਿਧਾਨ ਸਭਾ ਨੂੰ ਭਾਸ਼ਣ ਦੇਣ ਦੀ ਕ੍ਰਿਪਾਲਤਾ ਕੀਤੀ ਹੈ। ਭਾਸ਼ਣ ਦੀ ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Mr. Speaker and Honourable Members,

1. It is my pleasure to be here with you on the opening day of the 3rd Budget Session of the 15th Vidhan Sabha. I am happy to observe that during intervening period since I met you all in the last Budget Session, my Government has strived hard to uphold the rule of law and maintain peace and order in the State. It has consistently built on the progress and intensified its efforts to put the State back on the path of high trajectory growth. By streamlining the systems and re-orienting the policies and programmes, it is moving fast to meet the aspirations of the people of Punjab.

2. My Government had made a solemn pledge to the people of Punjab that State's kisan and naujawan would gradually be

brought out of the distress they faced during last many years. Respecting the promises made to the people, the Government has taken and shall continue to take all possible steps to fulfill its commitments despite severe financial constraints. The Government had actually inherited an empty treasury with an overload of pending bills for payment. The multifarious challenges, which my Government had to face, were innumerable and, as a result, it is taking longer than expected to remedy the situation. Nevertheless, my Government remains committed to find ways and means and mitigate difficulties being faced by the common man (Aam Aadmi) in the State.

3. During the last two years, my Government has maintained peace and order in the State. It has achieved tremendous success in neutralizing the groups of gangsters operating in the State. 1414 gangsters/ members of various criminal groups have been arrested or neutralized including 10 category-A gangsters. 19 terrorist modules have been busted and 101 terrorists and 22 foreign handlers arrested.

4. Unfortunately, on the auspicious occasion of Dussehra at Amritsar on 19th October 2018, a train mishap took precious lives of 58 people. The Government aided by the civil society showed remarkable resilience and courage to handle this crisis at Amritsar. The administration and state police effectively tackled both this train tragedy and subsequent shootout at Nirankari Bhawan, by reaching out to the aggrieved families in quickest possible way and providing the requisite relief to them. The culprits, of course, are being brought to book to provide justice to those who suffered.

5. My Government has created another specialized force

[Mr. Speaker]

within the Punjab Police i.e. SOG (Special Operations' Group). This group is equipped with sophisticated training to face situations like fidayeen attacks, hostage situation, and respond to armed militants with modern weapons and equipment.

6. Giving full thought to its upper most commitment to save Punjab's water, my Government has taken every possible administrative and legal measure to protect State's river waters. Punjab does not have surplus water and is in fact threatened with a water famine in not too far a future. State's ground water table is fast depleting. The Central Ground Water Board has declared nearly 2/3rd of the State as a Dark Zone. Unfortunately, though Central authorities have declared Punjab as water starved State, the State's water crisis and the fact that the state does not have surplus waters is not fully appreciated. We wish that the Central Government takes a realistic view of the looming water crisis in Punjab and helps the State in avoiding the same before the State turns into a desert and millions of Punjabis lose their livelihood. I am happy to inform that my Government has entered into a Memorandum of Understanding with Mekorot, the national water agency of Israel for comprehensive planning for water management in Punjab.

7. Unavailability of adequate water for agriculture and industry is likely to cause a serious strain on people's livelihood. Despite best efforts made by my Government, new investors in agriculture and industrial sectors apprehend this crisis and feel insecure largely due to unavailability of adequate quality water in future, notwithstanding the best infrastructure and most investor-friendly Industrial Policy. It is true that for security and longevity of any investment, the basic requirements such as land and water apart from other socio-economic

infrastructure, have to be ensured by the Government.

8. Water conservation and regulation is thus receiving greater attention of my Government. Apart from implementing the schemes such as Pradhan Mantri Krishi Sinchai Yojana, Command Area Development Program and Accelerated Irrigation Benefit Program, my Government has given greater attention to repair and maintenance of canal irrigation network which had remained neglected for the last many years. The projects of Relining of Rajasthan Feeder and Sirhind Feeder will be completed with a cost of Rs. 1977.00 crore in next three years. The work of rehabilitation of Bist Doab Canal system, Banur Canal, Renovation and Modernization of Water Regulation Structures costing Rs. 660.23 crore, is currently underway.

9. My Government has started a project named Integrated Programme to address Water logging in South-Western districts of Punjab of Rs. 960crore to ensure proper drainage network.

10. Under the Kandi Area Development Programme, the construction of Nara Dam has been completed with an investment of Rs.45.48 crore. My Government proposes to complete the residual works of Kandi Canal Stage-II project that includes lift schemes, flow distributaries and command area development by the end of 2019-2020.

11. My Government has succeeded in resolving the vexatious and long-pending inter-state issues in construction of Shahpur Kandi Dam Project and signed an agreement with the Government of Jammu & Kashmir on 9th September 2018. The project is now expected to be completed in next three years

[Mr. Speaker]

with an investment of Rs 2715.70 crore.

12. For improving water productivity in rural areas, my Government is giving greater thrust on provision of underground pipes as against open channels in agriculture farms providing 90 percent subsidy for community underground pipelines and 50 percent subsidy for individual farmers. 80 percent subsidy is also provided on drip and sprinkler irrigation systems.

13. My Government also proposes to set up a State Water Authority to ensure better regulation and conservation of water, fully protecting the rights of consumers namely the farmers, industries, commercial establishments and, of course, rural and urban households.

14. Transparency in governance has been another hallmark of my Government. Besides ensuring non-interference in the day-to-day working of the civil and police administration, the Government has taken the fullest possible steps to set right the framework, i.e. the policies and programmes of each sector, to ensure governance through fair and proper systems. My Government has enacted a new 'The Punjab Transparency and Accountability in Delivery of Public Services (including Electronic Service Delivery) Act, 2018' for quicker delivery of services through digital technology.

15. Most policies and programs formulated and notified by my Government including:

(i.) Business and Industrial Development Policy;

(ii.) Tourism Policy;

(iii.) Culture Policy;

(iv.) Policy for Housing and Urban Development;

(v.) Transport Policy;

(vi.) Mahatma Gandhi Sarbat Vikas Yojana;

(vii.) Agriculture Debt Relief Scheme; and

(viii.) Ghar Ghar Rozgar and Karobar;

have helped to put State's administration to a path where goals and targets are clearly visible.

16. My Government's commitment to eliminate drugs from Punjab remains as strong as ever and it has adopted a three-pronged strategy, i.e. EDP – Enforcement, De-addiction and Prevention, besides ensuring zero patronage to drug smugglers and peddlers. In fact, most, if not all, drug smugglers and peddlers have either left the State or they have been put behind the bars. Supply of drugs has been contained effectively. My Government has started 168 Outpatient Opioid Assisted Treatment (OOAT) clinics to provide free out-patient treatment to drug addicts and they are being treated with compassion and sympathy.

17. In addition, people's campaign against drugs through programmes namely Drug Abuse Prevention Officers' (DAPO) Program and the Buddy Program have been started to create public awareness by involving civil society. Over 5 lakh persons have been enrolled as Drug Abuse Prevention Officers (DAPOs), whereas 5.5 lakh Buddy Groups have been formed in different schools and colleges of the State. DAPOs are able to convince all those who have fallen prey to drug abuse to come back to mainstream life after proper treatment. These DAPOs and Buddy Groups are reaching out to every household with a message of 'Nasha Mukt Punjab'.

[Mr. Speaker]

## Walk Out

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਰਾਜਪਾਲ ਜੀ ਵੱਲੋਂ ਪੰਜਾਬੀ ਵਿੱਚ ਭਾਸ਼ਣ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਸਦਨ ਵਿਚੋਂ ਨਾਅਰੇ ਲਗਾਉਂਦੇ ਹੋਏ ਵਾਕ-ਆਊਟ ਕਰ ਗਏ।)

18. Enforcement of Anti-Drug Abuse measures during the last two years have been rather stern. 25092 persons have been arrested in 21049 cases registered under NDPS Act. More than 556 kg of heroine has been recovered. My Government would continue with strongest possible action against all drug traffickers even though its legislation titled as 'The Punjab Forfeiture of Illegally Acquired Property Act 2017' is pending for presidential assent and so is its proposal to provide for death penalty even for the first offence by drug peddlers and smugglers under the NDPS Act.

19. Dear Members, my Government believes in fair and equitable treatment to all irrespective of political affiliations or ideologies. It has pursued a policy of zero political vendetta or intolerance and ensured that no false cases, as done in the previous regime, were registered against anyone. The action against those who registered false cases during the previous regime is, however, continuing as per the recommendations of the Commission of Enquiry headed by Justice Mehtab Singh Gill and it shall be taken to its logical conclusion.

20. Likewise, my Government is committed to pursue the recommendations of Commission of Enquiry headed by Justice Ranjit Singh, who probed into cases of sacrilege in the State in the year 2015-16 to their logical conclusion, allowing the law to take its full course. The Government has set up a Special

Investigation Team as recommended by this august House in its earlier Session and it is expected to complete its task soon.

21. My Government has made it clear to one and all that no one involved in any sacrilege case at any point of time will be spared as it respects not only the basic human rights of all citizens but also all religions and faiths in the State.

22. Dear Members, you are all aware that my Government is facing severe financial constraints because of financial imprudence of the previous Government. They spent public money recklessly without caring for possible revenue receipts of the State. They had left the State with an outstanding liability of Rs. 13,039crore in March 2017. State's trade, business and industry were in doldrums with flight of capital to other States being more than visible. Most of the industrial hubs of the State were lying defunct and unemployment had risen to unimaginable proportions. The State has resultantly slipped down the ladder in its ranking in per capita income from 3rd in 2008-09 to 10th in 2016-17.

## Walk out

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਸਰਕਾਰ ਵਿਰੋਧੀ ** ਨਾਅਰੇ ਲਗਾਉਂਦੇ ਹੋਏ ਸਦਨ ਦੇ ਵੈੱਲ ਵਿੱਚ ਆ ਗਏ ਅਤੇ ਇਹ ਕਹਿੰਦੇ ਹੋਏ ਰਾਜਪਾਲ ਜੀ ਦੇ ਭਾਸ਼ਣ ਦਾ ਬਾਈਕਾਟ ਕਰਕੇ ਸਦਨ ਵਿਚੋਂ ਵਾਕ–ਆਊਟ ਕਰ ਗਏ ਕਿ ਗਵਰਨਰ ਸਾਹਿਬ ਤੋਂ ਸਦਨ ਵਿੱਚ ਝੂਠ ਬੁਲਾਇਆ ਜਾ ਰਿਹਾ ਹੈ ਅਤੇ ਉਹ ਸਦਨ ਵਿੱਚ ਬੈਠ ਕੇ ਇਹ ਝੂਠ ਸੁਣ ਨਹੀਂ ਸਕਦੇ।)

23. My Government has made every possible effort to revive State's economy. It has reduced the resource gap to Rs. 4175 crore in 2017-18 and increased the revenue receipts by 23% in

---

** Not recorded as ordered by the Chair.

[Mr. Speaker]

December 2018. It has brought down State's fiscal deficit to GSDP of 2.65 percent in 2017-18 as against 12.34 percent in 2016-17. As a result of State's liberal and rational Industrial and Business Development Policy, 2017 and consequent revival of industries, State's industrial power consumption has gone up by about 13 percent. The number of MSME units in the State has almost doubled from 10911 to 21081 during the last two years (till December 2018).

24. Likewise, all major industrial projects which had become dormant and stopped production after 2007 have also been brought back on track and many new projects including a Hi-Tech Cycle Valley at Ludhiana, a new international standard Technology University at Mohali, a new 5000-acre Business Park at Rajpura, substantial expansion of Bathinda Refinery, Food Park at Ludhiana, Food Park at Phagwara and another new Food Park at Machhiwara, a Paper Mill at Ropar, another Paper Mill at Hoshiarpur, a Mega Dairy Plant at Bassi Pathana, and a PepsiCo Plant at Pathankot etc., have been approved. State's real estate sector that was in doldrums has also shown signs of revival with rationalization of Stamp Duty, Registration Fees and other levies in connection therewith.

25. My Government had notified the 'Industrial & Business Development Policy-2017' on 17th October 2017, which is a major step forward to provide a holistic framework for sustainable industrial growth of the State. It has been designed around eight core strategic pillars. It offers attractive opportunities for companies to invest in the State. It provides fiscal incentives to the existing as well as new industry, special incentives to anchor units, units in border zone and small sick

units. Operational guidelines have also been notified after detailed consultation with industry.

26. Following on this policy, my Government has frozen variable electricity tariff for the industry at Rs 5 per unit. State's power subsidy to industries was about Rs 1500 crore in the previous year. We have also banned truck union to ensure smooth and hassle-free transportation of goods in the state.

27. During the last two years, State Department of Investment Promotion has signed 298 MOUs with different investors, envisaging an investment of Rs. 51,339 crore. These projects once operational are expected to generate one-lakh jobs in the State.

28. My Government has also signed an MOU with Software Technology Parks of India, Indian School of Business and Punjab Technical University to establish start-up hubs in the State. It has also notified one-time settlement policy to give State's entrepreneurs a chance to settle their dues and revive defunct industrial investments.

29. My Government has successfully implemented GST in the state during the last two years despite repeated changes in the GST laws enacted by the Central Government and resultant difficulties to trade and industry in the State. It has continuously achieved better results in GST compliance but there is a lot more that needs to be done to streamline the processes and procedures of GST. My Government shall continue to pursue simplification of GST with the Government of India to make it more trade and business friendly.

30. I am happy to inform that my Government was the first to waive State GST on langar at Sri Harmandir Sahib and Durgiana

[Mr. Speaker]

Mandir, Amritsar, though it was later waived by the Government of India also.

31. With the upswing of trade, business and industry, the employment opportunities for the youth have improved quite substantially in the State. While revival of Mandi Gobindgarh is one example where jobs have increased, the number of youth who have been assisted and facilitated for employment in both wage and self-employment, is over 5 lakh during the last two years (till December 2018). My Government is fully committed to pursue its Mission Ghar Ghar Rozgaar and Karobaar.It has fully operationalized the Mission and 22 District Bureaus of Employment and Enterprise (DBEE). These Bureaus are expected to be Centres of Excellence to attract our youth for guidance and facilitation in getting them the most suitable jobs. One of the constraints faced by my Government in providing quicker employment to the youth is lack of requisite skills and resultant employability amongst them. The Government has now reoriented its job programme to ensure that State's unemployed youth are skilled through the Punjab State Skill Development Mission and prepared for the jobs so as to ensure their speedier absorption in some gainful employment.

32. Farmers' welfare remains an undeterred priority of my Government. True to its commitment i.e. karja kurki khatam, ate fasal di poori rakam, my Government had notified Farm Debt Relief Scheme in October 2017, which is being implemented successfully. 5.83 lakh small and marginal farmers have been provided debt relief of Rs. 4736 crore so far and the remaining of the targeted 10.25 lakh small and marginal farmers will be provided their due benefit under the scheme shortly.

33. My Government has abolished Section 67-A of the Punjab Cooperative Societies Act, 1961 though its request to delete similar provisions in appropriate Central laws, governing agriculture loans has not yet been acceded to.

34. Ensuring hassle free procurement of wheat and paddy during the last two years, my Government has paid Rs. 1,00,235 crore in four previous crops as against Rs. 77,984 crore paid to the farmers in the four corresponding crops during the years 2015-16 and 2016-17, which is 28.5% more than the amount paid during the last two years.

35. My Government aims at crop diversification and enhancement in income of farmers by increasing the area under cotton, maize oilseeds and pulses. However, the success of crop diversification is dependent upon assured procurement of these crops at Minimum Support Prices by Central Government. My Government has been repeatedly taking up the matter with the Government of India, which is yet to respond positively.

36. My Government aims to encourage diversification of State's agriculture through establishment of more Farmers' Producers' Organizations (FPOs). State Agriculture Department has drafted a policy for promoting FPOs and it shall be implemented in right earnest during the coming months.

37. With a view to encourage farm service centres, my government has increased the expenditure limit of Agro-Service Centers for agricultural machinery and implements from Rs.10 lakh to Rs.15 lakh. The subsidy to these centres has also been increased from 33% to 40% with a maximum amount of Rs.6 lakh. These centers provide expensive equipment like, laser levelers, happy seeders, rotavators, tractors etc. to the farmers

[Mr. Speaker]

at an affordable rent.

38. My Government is fully alive to the problem of crop residue burning and has designed a practical and achievable action plan for Crop Residue Management. It has launched a Massive Paddy Straw Management Campaign under which Rs 250 crore have been spent for subsidizing agricultural machinery for the management of paddy residue. For in-situ Crop Residue Management, 28,000 residue management machines have been provided to farmers. In addition, a massive awareness campaign against Paddy residue burning has also been undertaken.

39. My Government, after taking over in March 2017, has revamped the Public Distribution System. The entire distribution under the new Smart Ration Card Scheme is now being done with Aadhaar-based biometric authentication through electronic point of sale (e-Pos) machines.

40. Focusing on improvement in rural infrastructure, my Government has started a comprehensive programme for repair and upgradation of the dilapidated village link roads. It is anticipated that nearly 31,000 kms of such roads will be repaired with an estimated expenditure of Rs.3000 crore in two phases by May 2020. In addition, the programme also envisages repair, maintenance and upgradation of about 1000 narrow culverts and bridges with an estimated cost of Rs.200 crore by December 2019.

41. My Government is fully convinced that farmers' incomes can be doubled with greater ease and speed only by assisting them in subsidiary occupations such as dairy farming, piggery, goatery, poultry, etc. It is contemplating a comprehensive programme to assist the farmers in dairy development and other

subsidiary occupations with assured marketing arrangements. The programme would be pursued with greater vigour in hitherto neglected Border and Kandi areas.

42. My Government is fully aware of the problems being faced in management and operations of Gaushalas set up during the last few years; and a new scheme to make them self-sustaining will be launched shortly along with immediate financial assistance towards their operational costs.

43. State's Cooperative Department is working on broad based reforms both in its marketing and credit cooperatives with strong focus on export of products by Apex Cooperatives. Milkfed has commenced the construction of a new Mega Milk Dairy Plant at Bassi Pathana with an anticipated investment of Rs.358 crore, which would process one million liters of milk per day. Further, the Government has also decided to amalgamate 20 District Central Cooperative Banks of the State to strengthen State's rural credit system and facilitate farmers in easy and quick credit from these banks.

44. Education is undoubtedly one of the major priorities of my Government. It has taken a number of measures to improve infrastructure, manpower and quality of education in schools. It aims to transform these schools to make these Smart Schools with a provision of digital delivery of quality education. 261 secondary schools have so far been made smart schools and 2524 Government Primary Schools have also been transformed through active support of civil society and teaching community to provide for smart learning environment to the children.

45. My Government has been a pioneer in starting pre-primary classes for children in the age group 3-6 years in 12,921

[Mr. Speaker]

Government schools with enrolment of 1.73 lakh children. It has also introduced English as a medium of instruction in 2387 primary schools, giving young children a chance to learn English while pursuing primary education in their mother tongue.

46. For improving learning levels of children in schools, my Government is pursuing effective implementation of its programme titled as Padho Punjab, Padhao Punjab. Under this programme, over 70 percent students have achieved the learning level targets and efforts shall continue to improve this further.

47. My Government is seriously concerned about woes of teachers and it shall take all possible measures to redress their grievances. In fact, not only the teachers, the grievances of all employees of the State are receiving full attention of my Government and these shall soon be addressed effectively as the Government does not want its dynamic work force to suffer any disadvantage or handicap in any manner.

48. My Government is continuing with its efforts to establish 15 new Degree Colleges, a Skills' University at Chamkaur Sahib, a Sports' University at Patiala and of course, a World Class Technology University at Mohali. It has also decided to set up a Bebe Nanki Girls College at Sultanpur Lodhi to commemorate the 550th Birth Anniversary of Sri Guru Nanak Devji.

49. My Government has constituted a statutory Punjab State Higher Education Council under Rashtriya Uchchatar Shiksha Abhiyan for planned development of Higher Education and for improvement in quality of institutions of higher education in the State.

50. My Government is fully cognizant of the health concerns of State's population and has established 239 Wellness Clinics

in the State. 258 Wellness Clinics will be set up by March 2019 with a proposal to add another 800 such clinics in 2019-20. While the Government has already approved and provided the requisite budget to establish a new Medical College at Mohali, it is further pursuing a proposal to establish three new Medical Colleges at Sangrur, Gurdaspur and Malerkotla.

51. Affordability of healthcare is one of the major concerns of our citizens. The Government of India has announced the Pradhan Mantri Jan Arogya Yojna i.e. Ayushman Bharat Scheme to provide health insurance cover of Rs.5 lakh. However, the scheme covers only 14.96 lakh SECC families of the State. My Government has decided to broad base the scheme to provide health insurance cover of Rs.5 lakh to 42 lakh families under the scheme called 'Sarbat Sehat Bima Yojna', covering almost 3/4th of the State’s population. The scheme will be made fully functional from 1st April 2019.

52. My government has begun a new service to provide ‘Free Blood and Blood Components’ in all Government hospitals and Medical Colleges for all patients. It is also giving greater focus on ‘Free treatment for Haemophilia and Thalassemia’ patients in all Government Medical Colleges and Hospitals.

53. A comprehensive campaign has been launched by my government against sub-standard and adulterated milk, milk products and other food items under Mission Tandrust Punjab. The Punjab State Food Safety Laboratory at Kharar has been upgraded with modern and high-quality testing equipment with an expenditure of Rs 15 crore. My Government has taken strong action against all those who have been found indulging in adulteration of food.

[Mr. Speaker]

54. My Government has decided to strengthen its two Government Medical Colleges at Patiala and Amritsar. The process for recruitment against 153 posts of post-graduate (PG) faculty has already been initiated. All the posts of paramedics and other staff are also being filled-up. Both these colleges will have the services of super specialists in the coming six months.

55. The State Cancer Institute is proposed to be set-up in the Government Medical College, Amritsar at a cost of Rs.120 crore. The Institute is likely to be completed by December, 2020. Similarly, a Tertiary Cancer Care Centre at Fazilka is at an advanced stage of construction and will be completed by June, 2019. The Advance Cancer Research Centre at Bathinda and Oncology Departments in two Government Medical Colleges at Patiala and Amritsar are also being strengthened by equipping them with various latest and sophisticated 'state-of-art' equipment.

56. My Government is providing financial assistance of Rs. 1.5 lakh for treatment of cancer patients. Rs. 118 crore were allocated for this programme last year.

57. My Government has taken a number of steps to facilitate Real Estate investment in the State, ensuring ease of doing business for such investors. It has started digitization of master plans to enable people to get e-approval of CLUs. Under e-CLU, State Housing Department now allows electronic change of land use.

58. For quick and effective delivery of civic services, my Government is giving greater thrust on e-governance in all municipal areas of the State. Under e-governance project, State's

municipalities are now offering services such as online applications for water connections, and online payments of property tax, online sanction of building plans etc. The system ensures transparency and reduction in time for approval.

59. My Government has established a Directorate of Fire Services to regulate and supervise 34 offices of Fire Brigades in 10 Municipal Corporation towns and 155 other Municipal towns in the State.

60. My Government is taking every possible step to implement Central Schemes titled as AMRUT and Smart City Programme. It has in fact supplemented and complemented efficacy of these schemes by initiating city-specific Canal Based Drinking Water Supply Schemes for Amritsar, Ludhiana, Patiala and Jalandhar and a Rs.1540 crore HUDCO-funded scheme for improvement in sewerage and waste disposal schemes in smaller municipal towns of the State.

61. For filling critical gaps in urban infrastructure and to address issues such as last mile connectivity or completion, my Government has initiated Urban Environment Improvement Programme for context specific works aimed at improvement of basic civic amenities in our cities.

62. My Government has streamlined display of advertisements in urban areas of the State by prescribing a fair and transparent Punjab Municipal Outdoor Advertisement Policy 2018.

63. My Government has pursued the Swachh Bharat Mission-Urban in an effective manner and achieved Open Defecation Free (ODF) status for all 167 ULBs of the State. I am happy to state that in Swachh Survekshan 2018, Punjab has been ranked

[Mr. Speaker]

1st amongst the north zone states.

64. My Government has notified a policy for compounding of unauthorized colonies and regularization of plots and buildings in these colonies. The colonies that have been developed before March 19, 2018 shall be regularized under this policy.

65. My Government has undertaken slew of measures to streamline the procedure as well as the process of issuance of Change of Land Use (CLU) through decentralization of power of issue of CLU

66. For boosting the building construction in the State and to introduce the latest technological advancements in the construction practices and material, my Government has notified the Punjab Urban Planning and Development Building Rules-2018. The new Rules provide for increased permissible FAR and unlimited purchasable FAR for certain categories. Provisions of latest National Building Codes have also been incorporated.

67. Realizing the need to make housing affordable to lower- and middle-income groups in the State, my Government has notified Affordable Colony Policy, 2018. The basic objective is to persuade the promoters to opt for development of small-size residential plots and flats and simultaneously discourage the setting up of illegal colonies in future, which mushroomed across the State in the past. Numerous benefits have been provisioned for the promoters in this policy including higher density and FAR.

68. In order to ensure women empowerment and their

participation in decision making process, my Government has raised the reservation of women in urban local bodies from 30% to 50 %.It also has successfully implemented through Science City, Kapurthala, a project titled as 'Women Empowerment through Genetic Literacy: An Innovative Intervention' to sensitize general public in rural areas on genetic basis of sex development in the child. 53 Genetic Literacy Clubs have been established in the State.

69. My Government is committed to give free, quality uninterrupted power to the farmers. All 14-lakh tube-wells in the State continue to get free power at an expected annual subsidy of Rs.6250 crore. Likewise, my Government also continues to provide 200 free units of electricity to SC, BPL and BC households, and the condition of annual consumption of 3000 units has been removed.

70. Despite financial constraints, I am happy to state that the State's Power Corporation has been able to achieve all-time low transmission and distribution losses at 13.68% through strict vigilance and monitoring. It has also ensured ease of doing business to all consumers with an outcome of 4.58 lakh new power connections issued during the last two years to domestic, commercial and industrial consumers.

71. For improvement of rural infrastructure to provide for basic amenities for our citizens, my Government has initiated a broad-based scheme titled as 'Smart Village Campaign'. The scheme aims to provide essential amenities in keeping with local contextual requirements before taking other preferable/ desirable activities.

[Mr. Speaker]

72. Mahatma Gandhi Sarbat Vikas Yojana (MGSVY) launched by my Government during the previous year, has been largely appreciated. The Yojana is aimed at inclusive growth of distressed sections of the society. It was felt that though a large number of welfare scheme have been going-on for years, there are still a large number of poor and distressed households who have not received the benefit of these schemes. Sarbat Vikas Camps organized under the scheme in different villages/ clusters have provided requisite relief / due benefit to 8.91 lakh distressed persons.

73. During 2017-19, my Government generated 415 lakh man-days of rural employment under MGNREGA, which is 38% more than in the corresponding period in the previous two years. In all, my Government has incurred an expenditure of Rs. 1350 crore during the last two years (till December 2018) under MGNREGA i.e. 61% more than the corresponding period of previous two years.

74. Providing clean drinking water supply and sanitation to rural areas remains an undiluted focus of my Government. It has decided to provide piped potable drinking water to every household in rural areas of Punjab. 60% rural households have been provided with individual household water connections so far and the remaining 40% rural households will be covered in the next two years.

75. My Government has successfully implemented Swachh Bharat- Grameen Mission and achieved Open Defecation Free (ODF) status for all villages of the State with the construction of 4.99 lakh toilets at a cost of Rs. 722 crore by individual

beneficiaries during the last two years.

76. For quality affected habitations, my Government has decided to install 193 Reverse Osmosis/ water treatment plants in water quality affected habitations. In addition, 5 surface drinking water supply schemes of Rs.541 crore in 561 water quality affected villages are under implementation. Till December 2018, a total of 224 Fluoride & Arsenic affected habitations have been provided with safe drinking water through Arsenic removal plants (88) and Reverse Osmosis Plants (136).

77. For water logged areas of the State, my Government is implementing 75 rural water supply schemes in water-logged areas of Muktsar and Fazilka districts with an expenditure of Rs.142 crore. These schemes will be completed by December 2019.

78. My Government is pursuing a comprehensive programme to develop and maintain its road infrastructure in the state. National Highways' 4-laning projects of 172 Km are in progress with an estimated cost of Rs. 4166 crore, of which 130 Kms have already been completed. In addition, Up-gradation of 306 Km of National Highways including 8 ROBs at a Cost of Rs. 2147 crore are currently in progress.

79. My Government has established the Punjab Social Security Fund under the Punjab Social Security Act, 2018 with a view to provide regular Social Security pensions and other benefits to old aged, widows, dependent children, and disabled persons. It gives me great satisfaction to note that my Government is providing enhanced monthly pension of Rs.750 to 19.20 lakh beneficiaries by 15th of each month with unfailing regularity. An annual expenditure of Rs.1634 crore is being

[Mr. Speaker]

incurred in this regard.

80. Likewise, enhanced marriage grant of Rs.21,000 is also being paid to all eligible persons under the Aashirwad Scheme. My Government has also increased gross annual income limit for creamy layer of OBCs from Rs.6 lakh to Rs.8 lakh.

81. My government is implementing Integrated Child Development Services Scheme (ICDS) in 155 projects through 27,314 Anganwari Centers, which are aimed at enhancing the health, nutrition and learning opportunities of mothers and children. The Government has also decided to enhance the monthly honorarium paid to Anganwari workers and helpers.

82. The POSHAN Abhiyaan initially implemented in 4 districts in the year 2017-18, has now been rolled out in the entire state.

83. My Government has restored 14 percent reservation to SC employees in Group A and B and 20 percent reservation in Group C and D for filling up vacancies by promotion through an amendment of the Punjab Scheduled Castes and Backward Classes (Reservation in Services) Act, 2006.

84. My Government has adopted a new Transport Policy with a clear mandate to cancel the permits for trucks and buses given in a non-transparent manner and to give new permits through an open and transparent system primarily to the youth to engage them in gainful employment.

85. My Government launched the 'Mission Tandrust Punjab' to make Punjab a healthiest State with healthy people. The Mission aims to ensure quality of air, water, soil, food and overall living environment in the State The Mission has

successfully generated substantial public awareness and made persistent efforts to check adulterated food and reduce excessive use and consumption of fertilizers and agro-chemicals by the farmers.

86. My Government has decided to set up a separate Directorate of Environment and Climate Change to strengthen the efforts of protecting our environment and addressing the challenges arising from the climate change.

87. My Government has also commissioned the Punjab State Aeronautical Engineering College at Patiala from the academic session 2018-19, as a constituent college of the Maharaja Ranjit Singh Punjab Technical University.

88. My Government has also approved a proposal to set up a new Civil International Air Terminal at Halwara, Ludhiana, which shall completed in three years. Further, I am happy to state that air connectivity has improved tremendously with 6 airports in the State.

89. My Government has launched a unique initiative called Guardians of Governance (GOGs), wherein the services of ex-servicemen are being used to ensure effective implementation of government schemes at grassroots. 2970 Guardians have so far been appointed in all districts.

90. My Government has taken measures for welfare of freedom fighters and their families including providing one out of turn tube-well connection, 3% reservation in house allotments by Development Authorities, exemption of toll tax on State highways and 300 units of electricity free of any charge.

91. My Government is working on a new law for safeguarding

[Mr. Speaker]

the properties of NRIs. It has launched a new Scheme 'Connect with Your Roots' (CYR) with a view to give the Punjabi youth in other countries an exposure of the ground realities in Punjab.

92. For the facility of infrastructure investment projects in the State, my Government has amended Section 27 of the Punjab Land Reforms Act, 1972, to ensure its seamless implementation. My Government has enhanced the rate of compensation for crop damages due to natural calamities from the existing Rs.8000 per acre to Rs.12000 per acre.

93. For bringing in transparency and ensuring speedy and time bound disposal of revenue cases, an “Online Revenue Court Management System” has been introduced in select revenue court and it will be rolled out in the entire State by 2020.

94. My Government has introduced e-registration of sale deeds and also started a pilot project for electronic demarcation of land.

95. My Government has implemented National Generic Document Registration System (NGDRS) for Online Registration of documents in all the 173 Sub Registrar and Joint Sub Registrar Offices of the State. The Registration Offices are now cashless, which will help in checking harassment of public and corruption.

96. In keeping with its commitment of my Government has notified the Punjab Smart Connect Scheme to provide free smart mobile phones to the youth. In the first phase of the scheme, of those eligible, the youth enrolled in the final years of government schools, ITIs, polytechnics and colleges will be provided free smart phones.

97. My Government has approved a new Sports Policy with the key focus on the following:

a) Encourage Sports through larger participation and emulating best practices across the country.

b) Categorization of Games and focus on High Potential Games to win Medals and improve international standing.

c) Involve children and youth into sports through structured changes in Curriculum.

d) Augmentation of sports facilities at District & Sub-Divisional levels.

e) Increased and graded financial assistance to medal winners with upto Rs. 2.25 crore for Olympic Gold.

f) Provide job opportunities to deserving sportspersons in Government and outside.

98. My Government has been making consistent efforts to increase the area under forest cover. During the year 2018-19 (till December 2018), approximately 63.00 lakh tree saplings have been supplied to various stake holders under the Mission Tandrust Punjab.

99. My Government has announced plantation of 550 saplings in each village to celebrate the historic occasion of 550th Prakash Purab of Sri Guru Nanak Dev Ji. Under this campaign, 75 lakh saplings will be planted by September, 2019 in all villages of the State.

100. Dear Members, we are blessed that the 550th Prakash

[Mr. Speaker]
Purab of our First Guru is falling during the term of this House. It is a great occasion and life-time opportunity to not only rejoice, but also to re-dedicate ourselves for the upliftment and welfare of the masses as a befitting tribute to the memory of the great Sri Guru Nanak Dev Ji. My Government has drawn up a comprehensive programme of celebrations and these were commenced in the right earnest with a State-level function at Sultanpur Lodhi on 23rd November 2018.

101. Mr. Speaker, the prayers of all Punjabis for the last 70 years and efforts of my Government have finally borne fruit with the laying of foundation stone of a corridor to Sri Kartarpur Sahib (in Pakistan) on 26th November, 2018. It is indeed a historic development, which we welcome and let me assure everyone that my Government shall spare no effort to make this corridor operational by the coming Maha Gurpurab on 12th November 2019.

102. My Government has also constituted a Dera Baba Nanak Development Authority for the planned development of Dera Baba Nanak and its adjoining areas along the corridor.

103. 2019 is also a historic year for yet another reason. It also marks the Centenary of the tragic Jallianwala Bagh massacre, which falls on 13th April, 2019. This unfortunate tragedy where hundreds, if not thousands of peaceful Punjabis perished at the hands of Brigadier General Dyer's troops, continues to be close to everyone's hearts. To commemorate this occasion, my Government has planned a number of literary and cultural activities and public functions including a Shaheed Samman rally in Amritsar whereby tributes shall be paid to all the martyrs of the freedom struggle and of various wars where the brave

Punjabis laid down their lives.

104. My Government is also celebrating the 150th Birth Anniversary of the Father of the Nation, Mahatma Gandhi and shall organize literary and cultural activities across the Universities, Colleges and Schools of Punjab. It shall also ensure Sarbat ka Vikas by reaching out to the most deprived and distressed to mitigate, if not eliminate their miseries as befitting tribute to our Father of Nation.

105. My Government has signed a historic Memorandum of Understanding with the Government of Himachal Pradesh for the construction of ropeway between Sri Anandpur Sahib and Mata Naina Devi Ji. This ropeway shall connect not only two places but also two States and more significantly, the two important faiths of the region.

106. Dear Members, the details of policies and programmes shared by me clearly indicate that my government is fully committed to welfare of people of Punjab. Most of these programmes have been launched successfully and I am sure the results will be seen by all of us soon. I am also confident that these programmes will do well and the common man will be immensely benefited once these are fully implemented. In fact, vindication of these programmes by Aam Aadmi could be seen in the results of recently concluded elections to Gram Panchayats, Block Samitis and Zila Parishads. The rural population of the State has overwhelmingly supported the policies and programs of my government by electing the candidates supported by the ruling party. These elections were peaceful, widely participative and keenly contested and have helped to strengthen faith of our people in democracy at

[Mr. Speaker]

grassroots in the State. I congratulate you all and through you all the elected members of Gram Panchayats, Block Samitis and Zila Parishads. I hope they will all discharge their responsibilities with utmost diligence and integrity.

107. Mr. Speaker, before I end, allow me to record my deep appreciation for all Members for maintaining the high traditions of democratic functioning in our country. They have not only upheld the dignity of this House, but also respected each other, maintaining brotherhood and camaraderie despite political differences. While dissent is the proverbial touchstone of vibrant democratic functioning, it is imperative that this must be exercised with dignity and in a civil and non-personal manner. I am confident that you all would discuss and debate all issues of public concern and contribute towards evolving schemes and programmes that would take our State to greater heights of socio-economic development.

Wishing you all the success, I hope you will continue to serve the people of Punjab with full dedication and devotion.

**JAI HIND**

-----

## ANNOUNCEMENT BY THE SECRETARY

**ਮਾਨਯੋਗ ਸਪੀਕਰ :** ਹੁਣ ਸਕੱਤਰ ਜੀ ਅਨਾਊਂਸਮੈਂਟ ਕਰਨਗੇ।

**ਸਕੱਤਰ :** ਸ਼੍ਰੀਮਾਨ ਜੀ, ਮੈਂ 15ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਛੇਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦੀ ਹਾਂ:-

1. ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਣ (ਆਰਜ਼ੀ ਰਿਹਾਈ ) ਸੋਧਨਾ

ਬਿਲ, 2018

2. ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2018

-----

## MATTERS RAISED DURING ZERO HOUR AND STATEMENT BY THE CHIEF MINISTER THEREON

**ਮਾਨਯੋਗ ਸਪੀਕਰ :** ਹਾਂ ਜੀ, ਚੀਮਾ ਸਾਹਿਬ, ਤੁਸੀਂ ਦੱਸੋ। ਢੀਂਡਸਾ ਸਾਹਿਬ, ਇਸ ਤੋਂ ਬਾਅਦ ਤੁਸੀਂ ਬੋਲ ਲੈਣਾ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਅਸੀਂ Adjournment Motion ਦਿੱਤਾ ਸੀ, ਉਸ ਤੇ ਬਹਿਸ ਕਰਨ ਦੀ ਆਗਿਆ ਦਿੱਤੀ ਜਾਵੇ ਜੀ ਤੇ ਹਾਊਸ ਨੂੰ adjourn ਕੀਤਾ ਜਾਵੇ।

**ਮਾਨਯੋਗ ਸਪੀਕਰ :** ਤੁਸੀਂ ਜ਼ੀਰੋ ਆਵਰ ਵਿੱਚ ਕੁਝ ਕਹਿਣਾ ਹੈ? ਜ਼ੀਰੋ ਆਵਰ ਦੀ ਗੱਲ ਕਰੋ, ਜੇ ਕਰਨੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਮੈਂ ਲੋਕ ਮਹੱਤਤਾ ਦੇ ਖਾਸ ਜ਼ਰੂਰੀ ਮਾਮਲੇ ਤੇ ਚਰਚਾ ਕਰਨ ਦੇ ਮੰਤਵ ਨਾਲ ਵਿਧਾਨ ਸਭਾ ਦੀ ਕਾਰਵਾਈ 13.2.2019 ਨੂੰ ਸਵੇਰ ਦੀ ਬੈਠਕ ਸਥਗਿਤ ਕਰਨ ਲਈ ਮੋਸ਼ਨ ਪੇਸ਼ ਕਰਦਾ ਹਾਂ... (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਜ਼ੀਰੋ ਆਵਰ ਤੇ ਕਹੋ, ਕੀ ਕਹਿਣਾ ਹੈ। ਹਾਂ ਜੀ, ਢੀਂਡਸਾ ਸਾਹਿਬ, ਤੁਸੀਂ ਬੋਲੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਤੁਹਾਨੂੰ ਕੰਮ ਰੋਕੂ ਪ੍ਰਸਤਾਵ ਦਿੱਤਾ ਸੀ ਤੁਸੀਂ ਅਸਵੀਕਾਰ ਕਰ ਦਿੱਤਾ ਹੈ। ਪਟਿਆਲੇ ਵਿੱਚ ਟੀਚਰਾਂ ਦੀ ਜਿਹੜੀ ਕੁੱਟ ਹੋਈ ਹੈ, ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਕੁੱਟਿਆ ਗਿਆ ਹੈ। ਉਸ ਦੇ ਬਾਰੇ ਅਸੀਂ ਕੰਮ ਰੋਕੂ ਪ੍ਰਸਤਾਵ ਦਿੱਤਾ ਹੈ ਤੇ ਉਸ ਨੂੰ ਤੁਸੀਂ ਇਹ ਕਹਿ ਕੇ ਰਿਜੈਕਟ ਕਰ ਦਿੱਤਾ ਹੈ ਕਿ ਇਹ ਆਮ ਕਾਨੂੰਨ ਵਿਵਸਥਾ ਦਾ ਮਸਲਾ ਹੈ। ਸਪੀਕਰ ਸਾਹਿਬ, ਹਜ਼ਾਰਾਂ ਟੀਚਰ ਜਿਹੜੇ ਸ਼ਾਂਤੀਪੂਰਵਕ ਉਥੇ ਧਰਨਾ ਦੇ ਰਹੇ ਸਨ, ਉਨ੍ਹਾਂ ਨੂੰ ਬੇਰਹਿਮੀ ਨਾਲ ਕੁੱਟਿਆ ਜਾਵੇ, ਉਨ੍ਹਾਂ ਨੂੰ ਲਹੂ ਲੁਹਾਨ ਕੀਤਾ ਜਾਵੇ। ਇਸ ਤਰ੍ਹਾਂ ਤਾਂ ਕੋਈ ਆਪਣੇ ਹੱਕਾਂ ਦੀ ਗੱਲ ਨਹੀਂ ਕਰ ਸਕਦਾ ਹੈ ਤਾਂ ਫਿਰ ਇਹ ਸਰਕਾਰ ਲੋਕਤੰਤਰੀ ਕਹਾਉਣ ਦੀ

[ਸਰਦਾਰ ਪਰਮਿੰਦਰ ਸਿੰਘ ਢੀਡਸਾ]

ਹੱਕਦਾਰ ਨਹੀਂ ਹੈ। ਪੰਜਾਬ ਦੇ ਵਿੱਚ ਲੋਕਤੰਤਰ ਦਾ ਘਾਣ ਹੋ ਰਿਹਾ ਹੈ। ਜਿਹੜੇ ਲੋਕਾਂ ਦੇ ਹੱਕਾਂ ਨੂੰ ਮੰਗਣ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਬੇਰਹਿਮੀ ਨਾਲ ਕੁੱਟਿਆ ਹੈ, ਕੀ ਸਪੀਕਰ ਸਾਹਿਬ, ਤੁਸੀਂ ਸਾਡੇ ਨਾਲ ਸਹਿਮਤ ਹੋ ?

**ਮਾਨਯੋਗ ਸਪੀਕਰ :** ਜ਼ੀਰੋ ਆਵਰ ਤੇ ਕੁਝ ਕਹਿਣਾ ਹੈ? ਢੀਂਡਸਾ ਸਾਹਿਬ, ਤੁਸੀਂ ਹੁਣ ਬੈਠੋ, ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਮਾਣੂਕੇ ਜੀ ਨੇ ਜ਼ੀਰੋ ਆਵਰ ਤੇ ਬੋਲਣਾ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਧੰਨਵਾਦ ਸਪੀਕਰ ਸਾਹਿਬ। ਪੰਜਾਬ ਵਿੱਚ ਔਰਤਾਂ ਤੇ ਅਤਿਆਚਾਰ ਤੇਜ਼ੀ ਨਾਲ ਵੱਧ ਰਹੇ ਹਨ। ਪਿਛਲੇ ਦਿਨੀਂ ਕੈਪਟਨ ਸਾਹਿਬ ਦੇ ਜੱਦੀ ਜ਼ਿਲ੍ਹੇ ਪਟਿਆਲਾ ਦੇ ਵਿੱਚ ਪੁਲਿਸ ਮੁਲਾਜ਼ਮਾਂ ਵੱਲੋਂ ਔਰਤਾਂ ਤੇ ਹੁੰਦਾ ਖੂਨੀ ਮੰਜ਼ਰ ਦੇਖਿਆ ਗਿਆ। ਧੀਆਂ ਭੈਣਾਂ ਦੀਆਂ ਚੁੰਨੀਆਂ ਉਛਾਲੀਆਂ ਗਈਆਂ। ਪੁਲਿਸ ਮੁਲਾਜ਼ਮਾਂ ਵੱਲੋਂ ਮਹਿਲਾ ਔਰਤਾਂ ਨੂੰ ਧੱਕੇ ਮਾਰੇ ਗਏ। ਕੀ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਕੰਮ ਰੋਕੂ ਪ੍ਰਸਤਾਵ ਨਾ-ਮਨਜ਼ੂਰ ਹੋਣ ਕਾਰਨ ਵੈੱਲ ਆਫ ਦਿ ਹਾਊਸ ਵਿੱਚ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ)

**ਮਾਨਯੋਗ ਸਪੀਕਰ** :** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, 72 ਘੰਟਿਆਂ ਦੇ ਵਿੱਚ ਜਗ੍ਹਾ-ਜਗ੍ਹਾ ਤੇ ਗੈਂਗਰੇਪ ਹੋਏ ਹਨ। ਪੰਜਾਬ ਵਿੱਚ ਥੋੜ੍ਹੇ ਦਿਨ ਪਹਿਲਾਂ ਲੁਧਿਆਣਾ ਵਿੱਚ ਗੈਂਗਰੇਪ ਹੋਇਆ ਹੈ। (ਸ਼ੋਰ) ਇਸ ਵਿੱਚ ਪੂਰੀ ਪੁਲਿਸ ਦੀ ਨਾਕਾਮੀ ਹੈ। ਇੱਕ ਬੰਦਾ ਕਹਿ ਰਿਹਾ ਹੈ ਕਿ ਮੇਰੇ ਨਾਲ ਦੀ ਲੜਕੀ ਨੂੰ ਪਕੜ ਕੇ ਲੈ ਗਏ, ਕੋਈ ਐਕਸ਼ਨ ਲਓ। ਏ.ਐਸ.ਆਈ. ਫੋਨ ਤੇ ਗੱਲਾਂ ਕਰ ਰਿਹਾ ਹੈ, ਕਾਰ ਵਿੱਚ ਬੈਠਾ ਗੱਲਾਂ ਕਰ ਰਿਹਾ ਹੈ, ਪਰ ਉਸ ਨੇ ਇੱਕ ਵਾਰ ਵੀ ਕੋਸ਼ਿਸ਼ ਨਹੀਂ ਕੀਤੀ। ਉਸ ਧੀ ਲਈ ਕੁਝ ਦਰਦ ਨਹੀਂ ਸਮਝਿਆ ਕਿ ਉਸ ਧੀ ਲਈ ਕੁਝ ਕੀਤਾ ਜਾਵੇ (ਵਿਘਨ)(ਸ਼ੋਰ) ਸਪੀਕਰ ਸਾਹਿਬ, ਸਭ ਤੋਂ ਮਾੜੀ ਗੱਲ ਇਹ ਹੈ ਕਿ ਉਸ ਬੱਚੇ

** Not recorded as ordered by the Chair.

ਨੇ ਜਿਹੜਾ ਬੋਲਿਆ ਕਿ ਇਨ੍ਹਾਂ ਨੇ ਅੱਜ ਜਿਹੜਾ ਮਾਸਟਰ-ਮਾਈਂਡ ਫੜਿਆ ਹੈ, ਜਗਰੂਪ ਸਿੰਘ, ਪਿੰਡ ਈਸੇਵਾਲ ਤੋਂ, ਲੜਕੀ ਜਿਸਦਾ ਰੇਪ ਹੋਇਆ, ਉਹ ਕਹਿ ਰਹੀ ਹੈ ਕਿ ਮੇਰਾ 11 ਬੰਦਿਆਂ ਨੇ ਰੇਪ ਕੀਤਾ ਪਰ ਜਿਹੜਾ ਮਾਸਟਰ-ਮਾਈਂਡ ਪੁਲਿਸ ਨੇ ਫੜਿਆ ਹੈ, ਉਹ ਕਹਿ ਰਿਹਾ ਹੈ ਕਿ ਅਸੀਂ 5 ਜਾਂ 6 ਬੰਦੇ ਸੀ। ਕੀ ਹੁਣ ਪੁਲਿਸ ਪ੍ਰਸ਼ਾਸਨ ਮਾਸਟਰ ਮਾਈਂਡ ਤੋਂ ਪੁੱਛੇਗੀ ਕਿ ਕਿੰਨੇ ਬੰਦੇ ਸੀ, ਇਹ ਬੜੀ ਸ਼ਰਮ ਵਾਲੀ ਗੱਲ ਹੈ। (ਸ਼ੋਰ) (ਵਿਘਨ) ਸਪੀਕਰ ਸਾਹਿਬ, ਇਸ ਤੋਂ ਵੀ ਦੁੱਖ ਦੀ ਗੱਲ ਇਹ ਹੈ ਕਿ ਇਹ ਪਿੰਡ ਤੁਹਾਡੇ ਐਮ.ਪੀ. ਸਾਹਿਬ ਰਵਨੀਤ ਬਿੱਟੂ ਜੀ ਦਾ ਗੋਦ ਲਿਆ ਹੋਇਆ ਪਿੰਡ ਹੈ। ਪੁਲਿਸ ਇਸ ਕਰਕੇ ਧਿਆਨ ਨਹੀਂ ਦੇ ਰਹੀ ਕਿਉਂਕਿ ਲੁਧਿਆਣਾ ਅਤੇ ਜਗਰਾਉਂ ਦੋ ਜ਼ਿਲ੍ਹਿਆਂ ਦੀ ਹੱਦ ਪੈਂਦੀ ਹੈ। ਉਸ ਜਗ੍ਹਾ ਤੇ ਥੋੜ੍ਹੀ ਦੇਰ ਪਹਿਲਾਂ ਡੀ.ਐਸ.ਪੀ. ਦਾ ਮਰਡਰ ਹੋਇਆ। ਉਸ ਜਗ੍ਹਾ ਨੂੰ ਇਨ੍ਹਾਂ ਨੇ ਪਿਕਨਿਕ ਸਪਾਟ ਨਹੀਂ ਬਣਾਇਆ, ਲੋਕਾਂ ਨੇ ਸਪਾਟ ਬਣਾ ਕੇ ਰੱਖ ਦਿੱਤਾ ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਇਸ ਦਾ ਜਵਾਬ ਤੁਹਾਨੂੰ ਘੱਲ ਦਿੱਤਾ ਹੈ। (ਵੈੱਲ ਆਫ ਦੀ ਹਾਊਸ ਵਿੱਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਇਸ ਦਾ ਲਿਖ ਕੇ ਤੁਹਾਨੂੰ ਜਵਾਬ ਘੱਲਿਆ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਤੁਹਾਡੇ ਮੰਤਰੀ ਸਾਹਿਬ ਮੇਰੇ ਤੋਂ ਜਵਾਬ ਮੰਗਦੇ ਸੀ। ਤੁਸੀਂ ਆਪਣੇ ਮੰਤਰੀ ਤੋਂ ਪੁੱਛ ਕੇ ਦੱਸ ਦਿਉ। ਬੀਬਾ ਜੀ, ਤੁਸੀਂ ਟਰਾਂਸਪੋਰਟ ਮੰਤਰੀ ਬਣੇ ਹੋ, ਜਿਹੜੇ ਪਿਛਲੇ ਬਾਦਲ ਦੇ ਰਾਜ ਵਿੱਚ........

**ਮਾਨਯੋਗ ਸਪੀਕਰ :** ਗਵਰਨਰ ਐਡਰੈਸ ਤੇ ਬੋਲ ਲੈਣਾ। (ਵੈੱਲ ਆਫ ਦੀ ਹਾਊਸ ਵਿੱਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਗਵਰਨਰ ਐਡਰੈਸ ਤੇ ਬੋਲਣਾ ਹੈ, ਤੁਸੀਂ ਉਦੋਂ ਕਹਿ ਲੈਣਾ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਜਿਨ੍ਹਾਂ ਨੇ ਬਾਦਲ ਰਾਜ ਵਿੱਚ ਧੀਆਂ ਭੈਣਾਂ ਦੀ ਇੱਜ਼ਤ ਰੋਲੀ, ਤੁਸੀਂ ਕਿੰਨਿਆਂ ਦੇ ਪਰਮਿਟ ਕੈਂਸਲ ਕਰ ਦਿੱਤੇ ਹਨ? ਆਪਣੇ ਮੰਤਰੀ ਸਾਹਿਬਾ ਤੋਂ ਤੁਸੀਂ ਇੰਨਾ ਹੀ ਪੁੱਛ ਕੇ ਦੱਸ ਦਿਉ ਕਿ ਕਿੰਨਿਆਂ ਦੇ ਪਰਮਿਟ ਕੈਂਸਲ ਕਰ ਦਿੱਤੇ, ਜਿਹੜੇ ਗੁੰਡਾਗਰਦੀ ਕਰਦੇ ਫਿਰਦੇ ਹਨ ਅਤੇ ਕਿੰਨੀਆਂ ਕੁ ਧੀਆਂ ਨੂੰ ਰਿਲੀਫ ਦਿੱਤਾ ਹੈ?

## Walk Out

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਪਟਿਆਲੇ ਵਿਖੇ ਪੁਲਿਸ ਵੱਲੋਂ ਅਧਿਆਪਕਾਂ ਤੇ ਧੱਕੇਸ਼ਾਹੀ ਦੇ ਸਬੰਧ ਵਿੱਚ ਐਡਜਰਨਮੈਂਟ ਮੋਸ਼ਨ ਅਲਾਉ ਨਾ ਕਰਨ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

-----

## MATTERS RAISED DURING ZERO HOUR AND STATEMENT BY THE CHIEF MINISTER THEREON (*Resumption*)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਕਹਿਣਾ ਬਹੁਤ ਸੌਖਾ ਹੁੰਦਾ ਹੈ। ਸਪੀਕਰ ਸਾਹਿਬ, ਬੜੀ ਸ਼ਰਮ ਦੀ ਗੱਲ ਹੈ। ਜਦੋਂ ਨਿਰਭਿਆ ਰੇਪ ਫੰਡ ਬਣਾਇਆ ਗਿਆ ਸੀ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ.....

**ਮਾਨਯੋਗ ਸਪੀਕਰ :** ਮੈਡਮ ਜੀ, ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਫੂਲਕਾ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਨਹੀਂ ਜੀ, ਨਹੀਂ ਆਈ। ਇੱਕ ਗੱਲ ਕਹਿ ਲੈਣ ਦਿਉ, ਮੇਰੀ ਗੱਲ ਨਹੀਂ ਆਈ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ, ਮੈਡਮ। ਹੁਣ ਫੂਲਕਾ ਜੀ ਨੂੰ ਬੋਲ ਲੈਣ ਦਿਉ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਨਹੀਂ ਆਈ, ਸਪੀਕਰ ਸਾਹਿਬ। ਸਰ, ਇੱਕ ਸੈਕਿੰਡ ਬੋਲ ਲੈਣ ਦਿਉ। ਜਸਟਿਸ ਵਿਸਾਖਾ ਸਿੰਘ ਦੀ ਰਿਪੋਰਟ ਅਨੁਸਾਰ ਉਨ੍ਹਾਂ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਸਰਕਾਰ ਕਮੇਟੀਆਂ ਬਣਾਉਣ ਲਈ ਵਚਨਬੱਧ ਹੈ। ਪੰਜਾਬ ਸਰਕਾਰ ਨੇ ਅਜੇ ਕੋਈ ਐਸੀ ਕਮੇਟੀ ਨਹੀਂ ਬਣਾਈ। ਨਿਰਭਿਆ ਰੇਪ ਅਤੇ ਮਰਡਰ ਤੋਂ ਬਾਅਦ ਕੇਂਦਰ ਸਰਕਾਰ ਨੇ ਇੱਕ ਫੰਡ ਕ੍ਰੀਏਟ ਕੀਤਾ, ਜਿਸ ਵਿੱਚ ਜਦੋਂ ਕਿਸੇ ਬੱਚੀ ਨਾਲ ਐਸਾ ਹੋ ਜਾਂਦਾ ਹੈ, ਉਸ ਨੂੰ ਇਮੀਜੀਏਟ ਰਿਲੀਫ ਮਿਲਦਾ ਹੈ। ਸਰਕਾਰ ਇੰਨਾ ਹੀ ਵਾਅਦਾ ਦੇ ਦੇਵੇ ਕਿ ਕਮੇਟੀਆਂ ਕਦੋਂ ਤੱਕ ਬਣ ਜਾਣਗੀਆਂ। ਇਸ ਤਰ੍ਹਾਂ ਦਾ ਫੰਡ ਕਦੋਂ ਤੱਕ ਕ੍ਰੀਏਟ ਕੀਤਾ ਜਾਵੇਗਾ ਤਾਂ ਕਿ

---

** Not recorded as ordered by the Chair.

ਸਾਡੀਆਂ ਬੱਚੀਆਂ ਨੂੰ ਕੁਝ ਤਾਂ ਰਿਲੈਕਸੇਸ਼ਨ ਮਿਲੇ। (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਬੈਠੋ। ਹਾਂ ਜੀ, ਫੂਲਕਾ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਇਹ ਜਿਹੜਾ ਮੁੱਦਾ ਗੈਂਗਰੇਪ ਦਾ ਹੈ, ਇਹ ਬਹੁਤ ਹੀ ਸੀਰੀਅਸ ਮੁੱਦਾ ਹੈ। ਲੁਧਿਆਣਾ ਦੀ ਜਿਹੜੀ ਨਹਿਰ ਹੈ, ਉਸ ਤੇ ਇਸ ਤਰ੍ਹਾਂ ਦੇ ਕਈ ਵਾਕਿਆ ਹੋ ਚੁੱਕੇ ਹਨ। ਇਸ ਟਾਈਮ ਮੈਂ ਸੀ.ਐਮ. ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ ਕਿ ਇਸ ਮੁੱਦੇ ਤੇ ਜ਼ੀਰੋ ਟਾਲਰੈਂਸ ਵਰਤੀ ਜਾਵੇ, ਜਿੱਥੇ ਵੀ ਇਸ ਤਰ੍ਹਾਂ ਦੇ ਰੇਪ ਹੁੰਦੇ ਹਨ, ਉੱਥੇ ਜ਼ੀਰੋ ਟਾਲਰੈਂਸ ਦਿਖਾਈ ਜਾਵੇ ਅਤੇ ਜਿਹੜੇ ਪੁਲਿਸ ਅਧਿਕਾਰੀ ਨੂੰ ਇਨ੍ਹਾਂ ਨੇ ਸਸਪੈਂਡ ਕੀਤਾ ਹੈ, ਉਸ ਨੂੰ ਸਟਰੇਟਵੇਅ ਡਿਸਮਿਸ ਕਰਨਾ ਚਾਹੀਦਾ ਹੈ। ਇੱਕ ਮੈਸੇਜ ਜਾਣਾ ਚਾਹੀਦਾ ਹੈ ਕਿ ਜਿੱਥੇ ਵੀ ਪੁਲਿਸ ਵੱਲੋਂ ਥੋੜ੍ਹੀ ਜਿਹੀ ਵੀ ਕੁਤਾਹੀ ਵਰਤੀ ਜਾਵੇਗੀ, ਨੈਗਲੀਜੈਂਸ ਹੋਵੇਗੀ ਤਾਂ ਉਸ ਨੂੰ ਬੜਾ ਸੀਰੀਅਸ ਲਿਆ ਜਾਵੇਗਾ। ਇਹ ਨਹਿਰ ਦਾ ਜਿਹੜਾ ਸਟਰੈੱਚ ਹੈ, ਇਹ ਬਹੁਤ ਜ਼ਿਆਦਾ ਅਨਸੇਫ ਹੈ, ਉੱਥੇ ਸਕਿਉਰਿਟੀ ਅਤੇ ਪੁਲਿਸ ਦੀ presence ਵਧਾਈ ਜਾਵੇ। ਸਟੇਟ ਇੱਕ ਤਰ੍ਹਾਂ ਦਾ ਮੈਸੇਜ ਦੇਵੇ ਕਿ ਇਸ ਤਰ੍ਹਾਂ ਦੇ ਰੇਪ ਦੇ ਕੇਸਾਂ ਵਿੱਚ ਸਟੇਟ ਜ਼ੀਰੋ ਟਾਲਰੈਂਸ ਵਰਤੇਗੀ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, 10 ਫਰਵਰੀ ਨੂੰ ਰਮਸਾ, ਐਸ.ਐਸ.ਏ. ਅਤੇ ਹੋਰ ਕੈਟਾਗਰੀ ਦੇ ਅਧਿਆਪਕਾਂ ਉਤੇ ਜੋ ਕਿ ਪਟਿਆਲਾ ਵਿਖੇ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਸਨ, ਉਨ੍ਹਾਂ ਤੇ ਬਹੁਤ ਵੱਡਾ ਹਮਲਾ ਹੋਇਆ, ਉਨ੍ਹਾਂ ਦੀ ਬਹੁਤ ਜ਼ਿਆਦਾ ਕੁੱਟਮਾਰ ਹੋਈ ਹੈ। ਅਸੀਂ ਇਸ ਮਸਲੇ ਤੇ ਐਡਜਰਨਮੈਂਟ ਮੋਸ਼ਨ ਦਿੱਤਾ ਸੀ।

**ਮਾਨਯੋਗ ਸਪੀਕਰ :** ਉਸ ਦਾ ਜਵਾਬ ਤੁਹਾਨੂੰ ਆ ਗਿਆ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਨਹੀਂ, ਜਵਾਬ ਨਹੀਂ ਆਇਆ। ਐਡਜਰਨਮੈਂਟ ਮੋਸ਼ਨ ਦਿੱਤਾ ਸੀ ਕਿ ਉਥੇ ਅਧਿਆਪਕਾਂ ਉਤੇ ਬਹੁਤ ਜ਼ਿਆਦਾ ਲਾਠੀਚਾਰਜ ਹੋਇਆ ਹੈ, ਪਾਣੀ ਦੀਆਂ ਬੌਛਾਰਾਂ ਹੋਈਆਂ ਹਨ, ਬਹੁਤ ਸਾਰੇ ਅਧਿਆਪਕ ਜ਼ਖਮੀ ਹੋਏ ਹਨ।

**ਮਾਨਯੋਗ ਸਪੀਕਰ :** ਅਸੀਂ ਤੁਹਾਨੂੰ ਜਵਾਬ ਭੇਜ ਦਿੱਤਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਇਸ ਤੋਂ ਇਲਾਵਾ ਜਿਹੜੀਆਂ ਅਧਿਆਪਕਾਂ

ਦੀਆਂ ਤਨਖਾਹਾਂ ਹਨ, ਅਧਿਆਪਕਾਂ ਨੂੰ ਪੱਕੇ ਕਰਨ ਦੀ ਗੱਲ ਹੈ, ਮੁਲਾਜ਼ਮਾਂ ਦੇ ਡੀ.ਏ. ਦੀ ਕਿਸ਼ਤ ਹੈ, ਇਨ੍ਹਾਂ ਸਾਰੇ ਮੁੱਦਿਆਂ ਤੇ ਅਸੀਂ ਚਰਚਾ ਚਾਹੁੰਦੇ ਹਾਂ।

**ਮਾਨਯੋਗ ਸਪੀਕਰ :** ਜਵਾਬ ਤੁਹਾਡੇ ਆਫਿਸ ਵਿੱਚ ਚਲਿਆ ਗਿਆ ਹੈ, ਤੁਸੀਂ ਚੈੱਕ ਕਰ ਲਉ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਅਸੀਂ ਚਰਚਾ ਚਾਹੁੰਦੇ ਹਾਂ।

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ, ਸ਼੍ਰੀ ਪਵਨ ਕੁਮਾਰ ਟੀਨੂ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਰ, ਟਾਈਮ ਹਾਲੇ ਪਿਆ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਜ਼ੀਰੋ ਆਵਰ ਦਾ ਟਾਈਮ ਨਹੀਂ ਹੁੰਦਾ। ਬੈਂਸ ਸਾਹਿਬ, ਜੇਕਰ ਤੁਸੀਂ ਕੁਝ ਕਹਿਣਾ ਹੈ ਤਾਂ ਕਹੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਧੰਨਵਾਦ ਸਪੀਕਰ ਸਾਹਿਬ। ਇੱਧਰਲੇ ਦੋਸਤ ਟੀਚਰਾਂ ਦੇ ਨਾਲ ਜਿਹੜੀ ਵਧੀਕੀ ਦਾ ਮਸਲਾ ਲੈ ਕੇ ਅਕਾਲੀ ਦਲ ਅਤੇ ਬੀ.ਜੇ.ਪੀ. ਵਾਲੇ ਵਾਕ-ਆਊਟ ਕਰਕੇ ਗਏ ਹਨ, ਛੱਜ ਤਾਂ ਬੋਲੇ ਛਾਨਣੀ ਵੀ ਬੋਲੇ। ਇਨ੍ਹਾਂ ਦਾ ਸਿੱਖਿਆ ਮੰਤਰੀ ** ** ਖੁਦ ਟੀਚਰਾਂ ਨੂੰ ਕੁੱਟਦਾ ਰਿਹਾ ਹੈ। ਅੱਜ ਅਫਸੋਸ ਇਸ ਗੱਲ ਦਾ ਹੈ ਕਿ ਸੇਮ ਉਸੇ ਤਰੀਕੇ ਨਾਲ ਹੀ ਮੁੱਖ ਮੰਤਰੀ ਸਾਹਿਬ ਬੈਠੇ ਹਨ, ਸਿੱਖਿਆ ਮੰਤਰੀ ਸਾਹਿਬ ਬੈਠੇ ਹਨ।

**ਮਾਨਯੋਗ ਸਪੀਕਰ :** ** ** ਦਾ ਨਾਂ ਐਕਸਪੰਜ ਕਰ ਦਿਓ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੈਂ ਟੀਚਰਾਂ ਦੇ ਇਸ਼ੂ ਤੇ ਹੀ ਗੱਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ :** ਕਰੋ, ਕਰੋ, ਕਰੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਉਸੇ ਤਰੀਕੇ ਨਾਲ ਟੀਚਰਾਂ ਦੇ ਉਤੇ ਇਹ ਵੀ ਤਸ਼ੱਦਦ ਹੋ ਰਿਹਾ ਹੈ ਕਿ ਜਿਹੜੇ ਟੀਚਰ 42,000/- ਰੁਪਏ ਤਨਖਾਹ ਲੈਂਦੇ ਸਨ ਉਨ੍ਹਾਂ ਨੂੰ 42,000/- ਰੁਪਏ ਤੋਂ ਲਿਆ ਕੇ 15000/- ਰੁਪਏ ਤੇ ਕਰ ਦਿੱਤਾ। ਸਪੀਕਰ ਸਾਹਿਬ, ਜੇ ਉਹ ਟੀਚਰ ਪੀਸਫੁੱਲ ਤਰੀਕੇ ਨਾਲ ਆਪਣੀਆਂ ਹੱਕੀ ਮੰਗਾਂ ਵਾਸਤੇ ਮੁੱਖ ਮੰਤਰੀ ਸਾਹਿਬ ਨੂੰ ਮਿਲਣਾ ਚਾਹੁੰਦੇ ਹਨ ਤਾਂ ਇਕੱਲੇ ਮੇਲ ਟੀਚਰਜ਼ ਦੇ ਉਤੇ ਹੀ ਨਹੀਂ ਬਲਕਿ ਸਾਡੀਆਂ ਸਤਿਕਾਰਯੋਗ ਧੀਆਂ, ਭੈਣਾਂ ਉਤੇ ਵੀ ਪੁਲਿਸ ਨੇ ਤਸ਼ੱਦਦ ਢਾਹਿਆ ਹੈ। ਇਹ ਜਿਹੜੇ ਲੋਕ ਡਰਾਮੇਬਾਜ਼ੀ ਕਰਨ

** Expunged as ordered by the Chair.

ਵਾਸਤੇ ਗਏ ਹਨ, ਮੁੱਖ ਮੰਤਰੀ ਸਾਹਿਬ ਮੇਰੀ ਅਪੀਲ ਤੇ ਬੇਨਤੀ ਹੈ ਕਿ ਇਹ 60 ਤੋਂ 14 ਤੇ ਆ ਗਏ ਹਨ, ਕ੍ਰਿਪਾ ਕਰਕੇ ਤੁਸੀਂ ਇਨ੍ਹਾਂ ਦੀਆਂ ਪਾਲਿਸੀਆਂ ਜਾਂ ਇਨ੍ਹਾਂ ਦੇ ਪੈੜ-ਚਿੰਨ੍ਹਾਂ ਉਤੇ, ਇਨ੍ਹਾਂ ਦੇ ਪੈਟਰਨ ਤੇ ਨਾ ਚਲੋ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਟੀਚਰਾਂ ਦੀਆਂ ਜਾਇਜ਼ ਮੰਗਾਂ ਤੁਰੰਤ ਮੰਨੇ ਅਤੇ ਜਿਹੜਾ ਤਸ਼ੱਦਦ ਦਾ ਰਾਹ ਅਪਣਾਇਆ ਹੈ ਉਹ ਤਸ਼ੱਦਦ ਦਾ ਰਾਹ ਬੰਦ ਹੋਵੇ।

ਦੂਸਰੀ ਮੇਰੀ ਬੇਨਤੀ ਹੈ ਕਿ ਜਿਹੜਾ ਲੁਧਿਆਣਾ ਵਿੱਚ ਗੈਂਗਰੇਪ ਹੋਇਆ ਹੈ। ਲੁਧਿਆਣਾ ਘੁੱਗ ਵਸਦਾ ਸ਼ਹਿਰ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਜਿਨ੍ਹਾਂ ਕੋਲ ਹੋਮ ਮਨਿਸਟਰੀ ਵੀ ਹੈ ਅਤੇ ਉਨ੍ਹਾਂ ਕੋਲ ਕੰਮ ਦਾ ਬਰਡਨ ਬਹੁਤ ਹੈ। ਮੈਂ ਇਨ੍ਹਾਂ ਨੂੰ ਇੱਕ ਸੁਝਾਅ ਜਾਂ ਅਪੀਲ ਕਰਾਂਗਾ ਕਿ ਇਨ੍ਹਾਂ ਨੂੰ ਹੋਮ ਮਨਿਸਟਰੀ ਆਪਣੇ ਕਿਸੇ ਸਾਥੀ ਮੰਤਰੀ ਨੂੰ ਦੇ ਦੇਣੀ ਚਾਹੀਦੀ ਹੈ। ਪੰਜਾਬ ਅੰਦਰ ਲਾਅ ਐਂਡ ਆਰਡਰ ਲੀਰੋ-ਲੀਰ ਹੋਇਆ ਪਿਆ ਹੈ। ਘੁੱਗ ਵਸਦੇ ਸ਼ਹਿਰ ਵਿੱਚ ਦਿਨ ਦਿਹਾੜੇ 13-14 ਮੁੰਡੇ, ਗੁੰਡੇ ਗੈਂਗਰੇਪ ਕਰਦੇ ਹਨ। ਉਹ ਬਿਲਕੁਲ ਸੁੰਨਾ ਇਲਾਕਾ ਹੈ। ਸਾਊਥ ਸਿਟੀ ਤੋਂ ਅੱਗੇ ਨੂੰ ਜਾਂਦੇ ਹਾਂ ਤਾਂ ਉਹ ਸੁੰਨਾ ਇਲਾਕਾ ਹੈ ਅਤੇ ਸੁੰਨਾ ਏਰੀਆ ਹੋਣ ਕਾਰਨ ਉੱਥੇ ਅਕਸਰ ਲੁੱਟਾਂ ਖੋਹਾਂ ਹੁੰਦੀਆਂ ਹਨ ਅਤੇ ਉਸ ਇਲਾਕੇ ਦਾ ਜਿਹੜਾ ਐਸ.ਐਚ.ਓ. ਹੈ, ਉੱਥੇ ਮਹੀਨਾ ਬੱਝਿਆ ਹੋਇਆ ਹੈ। ਉੱਥੇ ਪੁਲਿਸ ਮੌਕੇ ਤੇ ਕਿਉਂ ਨਹੀਂ ਗਈ? ਕਿਉਂਕਿ ਜਿਹੜੇ ਲੁੱਟਾਂ ਖੋਹਾਂ ਕਰਦੇ ਹਨ ਉਹ ਮਹੀਨਾ ਭਰਦੇ ਹਨ। ਮੈਂ ਮੀਡੀਆ ਦਾ ਧੰਨਵਾਦ ਕਰਦਾ ਹਾਂ ਕਿ ਪਹਿਲੀ ਵਾਰੀ ਮੀਡੀਆ ਟ੍ਰਾਇਲ ਹੋ ਗਿਆ ਨਹੀਂ ਤਾਂ ਪੰਜਾਬ ਦੀ ਪੁਲਿਸ ਨੇ ਇਸ ਅਤਿ ਘਿਨੌਣੇ ਗੰਭੀਰ ਮਸਲੇ ਉਤੇ ਮਿੱਟੀ ਪਾਉਣੀ ਸੀ ਜਿਹੜੀ ਸਿਰਫ ਟੀਚਰਾਂ ਨੂੰ ਹੀ ਕੁੱਟਣ ਜੋਗੀ ਹੈ। ਲਾਅ ਐਂਡ ਆਰਡਰ ਮੇਨਟੇਨ ਕਰਨ ਲਈ ਉਹ ਭੱਜ ਗਏ। Unfortunately ਮੁੱਖ ਮੰਤਰੀ ਸਾਹਿਬ ਕੋਲ ਗ੍ਰਿਹਿ ਵਜ਼ਾਰਤ ਹੈ ਅਤੇ ਇਨ੍ਹਾਂ ਕੋਲ ਸਮੇਂ ਦੀ ਘਾਟ ਹੈ। ਅੱਜ ਪੰਜਾਬ ਦੇ ਅੰਦਰ ਤ੍ਰਾਹ-ਤ੍ਰਾਹ ਹੋਈ ਪਈ ਹੈ ਅਤੇ ਪੰਜਾਬ ਅੰਦਰ ਲਾਅ ਐਂਡ ਆਰਡਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕਾ ਹੈ।

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ ਖੜ੍ਹੇ ਹਨ, ਬੈਂਸ ਸਾਹਿਬ, ਤੁਸੀਂ ਬੈਠੋ। ਬੈਠੋ, ਬੈਠੋ, ਸੀ.ਐਮ. ਸਾਹਿਬ ਖੜ੍ਹੇ ਹਨ। ਤੁਸੀਂ ਬੈਠੋ, ਬੈਠੋ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਦੋ ਸਾਲਾਂ ਵਿੱਚ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਜਿੰਨੀ ਵਧੀਆ ਹੋਈ ਹੈ..

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ

ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਸ਼ੇਮ-ਸ਼ੇਮ ਦੀਆਂ ਅਵਾਜ਼ਾਂ ਲਗਾ ਰਹੇ ਸਨ। )

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ। ਹੁਣ ਸੁਣ ਲਓ।

**ਮੁੱਖ ਮੰਤਰੀ :** ਕੋਈ ਕ੍ਰਿਮੀਨਲ ਕੇਸ, ਕੋਈ ਇਹੋ ਜਿਹੇ ਕੇਸ ਨਹੀਂ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਸੱਤ ਕੇਸ ਮਰਡਰ ਦੇ ਇਨ੍ਹਾਂ ਦੀ ਸਰਕਾਰ ਦੇ ਵੇਲੇ ਦੇ ਸਨ, ਉਹ ਸਾਰੇ ਅਸੀਂ ਸਾਲਵ ਕਰ ਦਿੱਤੇ ਹਨ ਅਤੇ ਗੈਂਗਸ ਜਿਹੜੇ ਸਨ, ਉਹ ਸਾਰੇ ਅੰਡਰ ਕੰਟਰੋਲ ਹਨ, ਕੋਈ ਪ੍ਰਾਬਲਮ ਨਹੀਂ ਹੈ। ਇਹ ਜਿਹੜਾ ਹੁਣ ਵਾਕਿਆਤ ਹੋਇਆ ਹੈ, this incident did not take place during day time, ਇਹ ਸਵੇਰੇ ਦੋ ਵਜੇ ਹੋਇਆ ਹੈ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਸੁਣ ਲਓ ਗੱਲ, ਸੁਣ ਲਓ, ਸੁਣ ਲਓ। ਇਸ ਤਰ੍ਹਾਂ ਨਾ ਕਰੋ। (ਵਿਘਨ)

**ਮੁੱਖ ਮੰਤਰੀ :** ਤੁਸੀਂ ਜ਼ਰਾ ਸੁਣ ਤਾਂ ਲਓ। ਆਪ ਤਾਂ ਬੋਲਣਾ ਹੈ, ਪਰ ਕਿਸੇ ਦਾ ਜਵਾਬ ਨਹੀਂ ਸੁਣਨਾ, ਆਪ ਕੁਝ ਸੁਣਨਾ ਨਹੀਂ ਹੈ। (ਵਿਘਨ)

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਸੁਣ ਲਓ, ਸੁਣ ਲਓ। ਬੈਠੋ ਪਲੀਜ਼, ਸੁਣੋ। ਪਲੀਜ਼, ਸੁਣੋ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਰਾਤ ਨੂੰ ਵਾਕਿਆਤ ਹੋਇਆ ਹੈ ਉੱਥੇ ਪੁਲਿਸ ਇਮੀਜੀਏਟਲੀ ਗਈ ਹੈ। ਇਸ ਕੇਸ ਵਿੱਚ ਛੇ ਬੰਦੇ ਇਨਵਾਲਵਡ ਹਨ, ਤਿੰਨ ਬੰਦੇ ਗ੍ਰਿਫਤਾਰ ਹੋ ਗਏ ਹਨ, ਦੋ ਕੱਲ੍ਹ ਹੋ ਗਏ ਸੀ, ਇੱਕ ਰਾਤ ਨੂੰ ਪਕੜਿਆ ਗਿਆ ਹੈ ਔਰ ਬਾਕੀ ਤਿੰਨ ਵੀ ਪਕੜੇ ਜਾਣਗੇ, ਅਜਿਹੀ ਕੋਈ ਗੱਲ ਨਹੀਂ ਹੈ। ਲੇਕਿਨ ਮੈਂ ਗੱਲ ਨੂੰ ਵਧਾਉਣਾ ਚਾਹੁੰਦਾ ਹਾਂ ਕਿ I want to assure the House ਕਿ ਮੈਂ ਪਰਸਨਲੀ ਚੀਫ ਜਸਟਿਸ ਨੂੰ ਮਿਲਾਂਗਾ ਕਿ ਸਾਡੇ ਪੰਜਾਬ ਵਿੱਚ ਜਿਹੜੇ ਰੇਪ ਕੇਸਿਜ਼ ਹੋ ਰਹੇ ਹਨ, ਇਸ ਲਈ ਸਪੈਸ਼ਲ ਫਾਸਟ ਟ੍ਰੈਕ ਕੋਰਟ ਸ਼ੁਰੂ ਕੀਤਾ ਜਾਵੇ so that this is taken up on day to day basis ਔਰ ਇਹ ਬੰਦੇ ਅੰਦਰ ਹੋਣ। (ਥੰਪਿੰਗ)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ

ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਹ ਚੀਫ ਜਸਟਿਸ ਨੂੰ ਮਿਲਣਗੇ ਕਿ ਜਲਦੀ ਟ੍ਰਾਇਲ ਕੀਤਾ ਜਾਵੇ ਪਰ ਇੱਕ ਕਹਾਵਤ ਹੈ ਕਿ "ਪਰਲੋ ਆ ਜਾਂਦੀ ਜੇ ਹੁੰਦੀ ਨਾ ਪਟਾਰੀ"। ਇੱਥੇ ਜਿਹੜੀ ਪੁਲਿਸ ਨੂੰ ਇਨਫਰਮੇਸ਼ਨ ਦਿੱਤੀ ਗਈ ਸੀ,ਉਸ ਦੀ ਗਲਤੀ ਕਰਕੇ ਰੇਪ ਹੋਇਆ ਹੈ। ਸੀ.ਐਮ. ਸਾਹਿਬ ਇਹ ਤੁਹਾਡੇ ਹੱਥ ਵਿੱਚ ਹੈ ਕਿ ਉਸ ਬੰਦੇ ਉਤੇ ਧਾਰਾ 311 ਲੱਗੇ ਔਰ ਉਹ ਡਿਸਮਿਸ ਹੋਵੇ ਅਤੇ ਅੱਗੇ ਤੋਂ ਸਾਡੇ ਪ੍ਰਸ਼ਾਸਨ ਨੂੰ ਪਤਾ ਲੱਗ ਜਾਵੇ ਕਿ ਸਾਡੀਆਂ ਧੀਆਂ ਭੈਣਾਂ ਦਾ ਰੇਪ ਕਿਸੇ ਨੂੰ ਮਨਜ਼ੂਰ ਨਹੀਂ ਹੈ। ਸੀ.ਐਮ. ਸਾਹਿਬ, ਇਹ ਮੈਂ ਬੇਨਤੀ ਕਰਦਾ ਹਾਂ ਇਹ ਬਹੁਤ ਜ਼ਰੂਰੀ ਹੈ। ਉਹ ਲੋਕ ਅਜੇ ਵੀ ਇੰਤਜ਼ਾਰ ਕਰਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਜੀ ਕਿੱਥੇ ਹਨ, ਜਿਹੜੇ 2002-07 ਵੇਲੇ ਸੀ।ਸਾਨੂੰ ਉਸ ਤਰ੍ਹਾਂ ਦੀ ਐਡਮਨਿਸਟ੍ਰੇਸ਼ਨ ਚਾਹੀਦੀ ਹੈ ਜਿੱਥੇ ਡਰ ਹੋਵੇ, ਜੇ ਪੁਲਿਸ ਅਕਾਊਂਟੇਬਲ ਹੋ ਗਈ ਤਾਂ ਸੀ.ਐੱਮ. ਸਾਹਿਬ ਸਾਰਾ ਕੁਝ ਠੀਕ ਹੋ ਜਾਵੇਗਾ।

**ਮਾਨਯੋਗ ਸਪੀਕਰ :** ਬੈਠੋ, ਬੈਠੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਸਾਡੀਆਂ ਧੀਆਂ-ਭੈਣਾਂ ਜਿਹੜੀਆਂ ਦੁਖੀ ਹਨ, ਉਨ੍ਹਾਂ ਕੋਲ ਇੱਕ ਹੀ ਆਪਸ਼ਨ ਹੈ ਕਿ ਉਹ ਆਪਣਾ ਦੁੱਖ-ਦਰਦ ਸੜਕਾਂ ਤੇ ਆ ਕੇ ਦੱਸਣ, ਪ੍ਰੋਟੈੱਸਟ ਕਰਨ ਲੇਕਿਨ ਪੰਜਾਬ ਵਿੱਚ ਜਿਹੜਾ ਤੁਸੀਂ ਮਾਰਸ਼ਲ ਲਾਅ ਲਗਾ ਦਿੱਤਾ ਅਤੇ ਸਾਡੀਆਂ ਧੀਆਂ-ਭੈਣਾਂ ਨੂੰ ਕੁੱਟਿਆ, ਤੁਸੀਂ ਉਹੀ ਕੰਮ ਕੀਤਾ ਜਿਹੜਾ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਬੈਂਚਿਜ਼ ਵੱਲ ਇਸ਼ਾਰਾ) ਕੀਤਾ ਸੀ। ਅਕਾਲੀਆਂ ਨੇ 49 ਕੁੜੀਆਂ ਤੇ ਕਰੰਟ ਲਗਾਇਆ, ਜਦੋਂ ਉਹ ਰੋਪੜ ਵਿੱਚ ਪ੍ਰੋਟੈਸਟ ਕਰ ਰਹੀਆਂ ਸਨ। ਫਿਰ ਉਨ੍ਹਾਂ ਨੇ ਪਰਚੇ ਦਰਜ ਕੀਤੇ, ਰੋਪੜ ਜੇਲ੍ਹ ਦੇ ਵਿੱਚ ਤੁਸੀਂ ਬੰਦ ਕੀਤਾ।ਕੀ ਸੀ.ਐਮ. ਸਾਹਿਬ ਤੁਸੀਂ ਇਸ ਤਰ੍ਹਾਂ ਦੀ intention ਰੱਖਦੇ ਹੋ? ਸੀ.ਐੱਮ. ਸਾਹਿਬ ਅਸੀਂ ਇਨ੍ਹਾਂ ਵਾਲੇ ਕੰਮ ਨਾ ਕਰੀਏ।

**ਮਾਨਯੋਗ ਸਪੀਕਰ :** ਸੰਧਵਾਂ ਜੀ, ਤੁਸੀਂ ਬੈਠੋ। ਹਾਂ ਜੀ, ਸ਼੍ਰੀ ਕੰਵਰ ਸੰਧੂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਾਡੀਆਂ ਭੈਣਾਂ ਅਤੇ ਧੀਆਂ ਨੂੰ ਇਨਸਾਫ ਦਿਵਾਓ। ਸਪੀਕਰ ਸਾਹਿਬ, ਅਸੀਂ ਐਡਜਰਨਮੈਂਟ ਮੋਸ਼ਨ ਦਿੱਤੀ ਸੀ, ਉਸ ਤੇ ਬਹਿਸ ਕਰਵਾਓ। (ਵਿਘਨ) ਸਰ, ਇਹ ਬਹੁਤ ਜ਼ਰੂਰੀ ਹੈ।

**ਮਾਨਯੋਗ ਸਪੀਕਰ :** ਬੈਠੋ ਜੀ, ਸੀ.ਐਮ. ਸਾਹਿਬ ਖੜ੍ਹੇ ਹਨ।

**ਮੁੱਖ ਮੰਤਰੀ :** ਮੈਂ ਇੱਕ ਐਸ਼ਿਓਰੈਂਸ ਹਾਊਸ ਨੂੰ ਦਿੰਦਾ ਹਾਂ ਕਿ ਜੇ ਤੁਸੀਂ ਲਾਅ ਐਂਡ ਆਰਡਰ ਤੇ ਬਹਿਸ ਕਰਵਾਉਣੀ ਹੈ I am prepared to do this. ਲਾਅ ਐਂਡ ਆਰਡਰ ਤੇ ਬਹਿਸ ਕਰਵਾਓ।

**ਮਾਨਯੋਗ ਸਪੀਕਰ :** ਗਵਰਨਰ ਐਡਰੈਸ ਤੇ ਬਹਿਸ ਕਰ ਲੈਣਗੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਰਦਾਰ ਜਗਦੇਵ ਸਿੰਘ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ :** ਇਸ ਤੋਂ ਬਾਅਦ ਅਗਲੀ ਆਈਟਮ ਆ ਰਹੀ ਹੈ। ਠੀਕ ਹੈ, ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ। ਮੈਂ ਵਿਚਾਰ ਕਰਾਂਗਾ, ਮੈਂ ਵੀ ਵੇਖਣਾ ਹੈ।

**Chief Minister :** Let the Speaker decide. Sir, ਸਪੀਕਰ ਸਾਹਿਬ, ਤੁਸੀਂ ਆਪ ਦੇਖੋ ਪਰ ਸਾਡੀ ਗੌਰਮਿੰਟ ਲਾਅ ਐਂਡ ਆਰਡਰ ਤੇ ਬਹਿਸ ਕਰਨ ਲਈ ਬਿਲਕੁਲ ਤਿਆਰ ਹੈ।

**ਮਾਨਯੋਗ ਸਪੀਕਰ :** ਕਿਉਂਕਿ ਗਵਰਨਰ ਐਡਰੈਸ ਹੋਣਾ ਹੈ, ਤੁਸੀਂ ਗਵਰਨਰ ਐਡਰੈਸ ਤੇ ਜੋ ਮਰਜ਼ੀ ਕਹੋ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਗਵਰਨਰ ਐਡਰੈਸ ਤੇ ਜੋ ਮਰਜ਼ੀ ਕਹੋ। ਲਾਅ ਐਂਡ ਆਰਡਰ ਬਾਰੇ ਕਹਿ ਲੈਣਾ। Just listen, ਤੁਸੀਂ ਸੁਣੋ, ਜ਼ਰਾ, ਸੁਣੋ ਤਾਂ ਸਹੀ, just listen, just listen. (ਵਿਘਨ)(ਸ਼ੋਰ) ਗਵਰਨਰ ਐਡਰੈਸ ਵਿੱਚ ਲਾਅ ਐਂਡ ਆਰਡਰ ਇੱਕ ਇਸ਼ੂ ਹੈ ਜਿਸ ਨੂੰ ਉਨ੍ਹਾਂ ਨੇ ਟੱਚ ਕੀਤਾ ਹੈ। ਤੁਸੀਂ ਉਨ੍ਹਾਂ ਨੂੰ ਜਵਾਬ ਦਿਉ। ਤੁਸੀਂ ਉਸ ਉਤੇ ਬਹਿਸ ਕਰੋ, ਸੀ.ਐਮ. ਸਾਹਿਬ ਉਸ ਦਾ ਜਵਾਬ ਦੇਣਗੇ।

**(ਇੱਕ ਅਵਾਜ਼ :** ਹੁਣੇ ਬਹਿਸ ਕਰਵਾਓ।)

**ਮਾਨਯੋਗ ਸਪੀਕਰ :** ਨਹੀਂ, ਹਾਲੇ ਤਾਂ ਨਹੀਂ ਹੁੰਦਾ। ਹਾਂ ਜੀ, ਸੰਧੂ ਸਾਹਿਬ।

** Not recorded as ordered by the Chair.

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਰਦਾਰ ਜਗਦੇਵ ਸਿੰਘ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਬਾਕੀ ਦੇ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ **** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** **ਨਾਅਰੇ ਰਿਕਾਰਡ ਨਾ ਕੀਤੇ ਜਾਣ। ਹਾਂ ਜੀ, ਸੰਧੂ ਸਾਹਿਬ ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਦੋ ਮਸਲੇ ਹਨ। ਇੱਕ ਤਾਂ ਗੈਂਗਰੇਪ ਦਾ ਮਸਲਾ ਅਤੇ ਦੂਜਾ ਮਸਲਾ ਜਿਸ ਬਾਰੇ ਸਾਰੇ ਪੰਜਾਬ ਦੇ ਲੋਕ ਚਿੰਤਤ ਹਨ। ਰੋਜ਼ ਮੀਡੀਆ ਵਿਚ ਖਬਰਾਂ ਆਉਂਦੀਆਂ ਹਨ। ਉਹ ਮਸਲਾ ਹੈ ਕਿ ਪਟਿਆਲੇ ਵਿਚ ਟੀਚਰਜ਼ ਨੂੰ ਬੜੀ ਬੇਰਹਿਮੀ ਦੇ ਨਾਲ ਕੁੱਟਿਆ ਗਿਆ। ਕੱਲ੍ਹ ਵੀ ਇਹ ਵਾਕਿਆ ਹੋਇਆ ਹੈ। ਮੇਰੀ ਸੀ.ਐਮ. ਨੂੰ ਗੁਜ਼ਾਰਿਸ਼ ਹੈ ਕਿ ਸੀ.ਐਮ.ਸਾਹਿਬ ਇਸ ਤੇ ਸਟੇਟਮੈਂਟ ਦੇਣ। ਸੀ.ਐਮ. ਸਾਹਿਬ ਜਿਹੜੀ ਟੀਚਰਜ਼ ਦੇ ਨਾਲ ਜ਼ਿਆਦਤੀ ਹੋਈ ਹੈ, ਅਸੀਂ ਗੁਜ਼ਾਰਿਸ਼ ਕਰਦੇ ਹਾਂ ਕਿ ਤੁਸੀਂ ਇਸ ਤੇ ਸਟੇਟਮੈਂਟ ਦਿਉ ਕਿਉਂਕਿ ਅਧਿਆਪਕਾਂ ਦੇ ਵਿੱਚ ਇਸ ਵੇਲੇ ਬਹੁਤ ਚਿੰਤਾ ਹੈ।

**ਮਾਨਯੋਗ ਸਪੀਕਰ :** ਟੀਚਰਾਂ ਵਾਲੀ ਗੱਲ ਆ ਗਈ ਹੈ।

**ਸ਼੍ਰੀ ਕੰਵਰ ਸੰਧੂ:** ਜਿਵੇਂ ਸੀ.ਐਮ. ਸਾਹਿਬ ਨੇ ਰੇਪ ਕੇਸ ਸਬੰਧੀ ਐਸ਼ਿਓਰੈਂਸ ਦਿੱਤੀ ਹੈ ਕਿ ਇਹ ਚੀਫ ਜਸਟਿਸ ਨੂੰ ਮਿਲਣਗੇ। ਜਿਹੜੇ ਟੀਚਰਜ਼ ਨੂੰ ਦੁਬਾਰਾ-ਦੁਬਾਰਾ ਕੁੱਟਿਆ ਜਾ ਰਿਹਾ ਹੈ, 34 ਆਰਗੇਨਾਈਜ਼ੇਸ਼ਨਾਂ ਇਸ ਵੇਲੇ ਮੁਜ਼ਾਹਰਾ ਕਰ ਰਹੀਆਂ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਸੀ.ਐਮ. ਸਾਹਿਬ ਇਸ ਤੇ ਸਟੇਟਮੈਂਟ ਦੇਣ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ, ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਨਾਭਾ ਜੀ।

## WALK OUT

(ਇਸ ਸਮੇਂ ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਰਦਾਰ ਜਗਦੇਵ ਸਿੰਘ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ

---

** Not recorded as ordered by the Chair.

ਅਤੇ ਸ਼੍ਰੀ ਕੰਵਰ ਸੰਧੂ ਨੂੰ ਛੱਡ ਕੇ ਸਦਨ ਵਿਚ ਹਾਜ਼ਰ ਬਾਕੀ ਆਮ ਆਦਮੀ ਪਾਰਟੀ ਦੇ ਮੈਂਬਰ, ਲਾਅ ਐਂਡ ਆਰਡਰ ਤੇ ਪ੍ਰਸਤਾਵਿਤ ਕੀਤੇ ਕੰਮ ਰੋਕੂ ਮਤੇ ਨੂੰ ਮਨਜ਼ੂਰ ਨਾ ਕਰਨ ਅਤੇ ਇਸ ਤੇ ਬਹਿਸ ਨਾ ਕਰਵਾਉਣ ਦੇ ਰੋਸ ਵਜੋਂ ਸਦਨ ਵਿੱਚੋਂ **** ਨਾਅਰੇ ਲਗਾਉਂਦੇ ਹੋਏ ਵਾਕ-ਆਊਟ ਕਰ ਗਏ।)

-----

## MATTERS RAISED DURING ZERO HOUR AND STATEMENT BY THE CHIEF MINISTER THEREON

***(Resumption)***

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਕਿ ਇਹ ਪਵਿੱਤਰ ਸਦਨ ਹੈ। ਤੁਸੀਂ ਇਸ ਦੇ ਮੁਖੀ ਹੋ ਔਰ ਇਸ ਦੀ ਆਮ ਤੌਰ ਤੇ ਰਵਾਇਤ ਰਹੀ ਹੈ ਕਿ ਜਿਹੜੇ ਸਵਾਲ ਅੱਜ ਨਹੀਂ ਲੱਗਦੇ ਉਨ੍ਹਾਂ ਦੇ ਜਵਾਬ ਮਿਲਣੇ ਚਾਹੀਦੇ ਹਨ। ਮੇਰੀ ਹੱਥ ਜੋੜ ਕੇ ਤੁਹਾਨੂੰ ਪ੍ਰਾਰਥਨਾ ਹੈ ਕਿਉਂਕਿ ਕਾਫੀ ਦੇਰ ਬਾਅਦ ਆਪਣਾ ਸੈਸ਼ਨ ਆਉਂਦਾ ਹੈ। ਸੋ, ਅਸੀਂ ਕੋਸ਼ਿਸ਼ ਕਰੀਏ ਕਿ ਜਿਹੜੇ ਮੈਂਬਰ ਸਾਹਿਬਾਨ ਨੇ ਜਿਹੜੇ ਸਵਾਲ ਲਗਾਏ ਹਨ, ਉਨ੍ਹਾਂ ਵਿਚੋਂ ਜਿਨ੍ਹਾਂ ਦੇ ਅਜੇ ਜਵਾਬ ਨਹੀਂ ਆ ਸਕੇ..

**ਮਾਨਯੋਗ ਸਪੀਕਰ :** ਤੁਸੀਂ ਲਿਖ ਕੇ ਭੇਜਿਆ ਹੈ, ਮੈਂ ਇਸ ਨੂੰ ਐਗਜ਼ਾਮਿਨ ਕਰ ਰਿਹਾ ਹਾਂ। ਟੀਨੂ ਜੀ, ਟੀਨੂ ਜੀ, ਤੁਹਾਡੀ ਕਾਲ ਅਟੈਂਨਸ਼ਨ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਰ, ਜ਼ੀਰੋ ਆਵਰ।

**ਮਾਨਯੋਗ ਸਪੀਕਰ :** ਟੀਨੂ ਜੀ, ਤੁਹਾਡੀ ਕਾਲ ਅਟੈਂਸ਼ਨ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਰ, ਜ਼ੀਰੋ ਆਵਰ, ਜ਼ੀਰੋ ਆਵਰ।

**ਮਾਨਯੋਗ ਸਪੀਕਰ :** ਟੀਨੂ ਜੀ, ਤੁਸੀਂ ਜ਼ੀਰੋ ਆਵਰ ਤੇ ਕੁਝ ਕਹਿਣਾ ਹੈ?

**ਸ਼੍ਰੀ ਪਵਨ ਕੁਮਾਰ ਟੀਨੂ :** ਹਾਂ ਜੀ। ਸਪੀਕਰ ਸਾਹਿਬ, ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਦੁਆਬੇ ਦਾ ਇਲਾਕਾ ਹੈ ਜਿੱਥੇ ਸਭ ਤੋਂ ਵੱਧ ਗੰਨਾ ਬੀਜਿਆ ਜਾਂਦਾ ਹੈ। ਅੱਜ ਪੰਜਾਬ ਵਿਚ ਦੁਆਬੇ ਵਿੱਚ ਖਾਸ ਕਰਕੇ ਗੰਨਾ ਬੀਜਣ ਵਾਲਾ ਕਿਸਾਨ ਬਹੁਤ ਹੀ ਮਾੜੇ ਤੇ ਮੁਸ਼ਕਲ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਲਗਭਗ ਦੋ ਮਹੀਨੇ ਹੋ ਗਏ ਅਤੇ ਉਨ੍ਹਾਂ ਦੀ ਗੰਨੇ ਦੀ ਨਵੀਂ ਫਸਲ ਆ ਗਈ ਲੇਕਿਨ 2017-18 ਦੀ

** Not recorded as ordered by the Chair.

ਸਰਕਾਰੀ ਮਿੱਲਾਂ ਦੀ ਤੇ ਗੈਰ ਸਰਕਾਰੀ ਮਿੱਲਾਂ ਦੀ ਪੇਮੈਂਟ ਹਾਲੇ ਤੱਕ ਕਿਸਾਨ ਨੂੰ ਨਹੀਂ ਮਿਲੀ। ਦੂਜਾ ਮੁੱਦਾ ਹੈ ਕਿ ਸਾਡੇ ਇਲਾਕੇ ਦੇ ਕਿਸਾਨਾਂ ਨੂੰ 250 ਕਿਲੋਮੀਟਰ ਬਾਰਡਰ ਦੇ ਇਲਾਕੇ ਉੱਤੇ ਫਾਜ਼ਿਲਕਾ ਜਾਂ ਅਮਲੋਹ ਵਿੱਚ ਮਿੱਲਾਂ ਅਲਾਟ ਕੀਤੀਆਂ ਗਈਆਂ । ਇਸ ਨਾਲ ਕਿਸਾਨ ਨੂੰ ਇੱਕ ਟਰਾਲੀ ਲੈ ਕੇ ਜਾਣ ਵਿੱਚ ਦਸ ਦਿਨ ਲੱਗ ਜਾਂਦੇ ਹਨ ਅਤੇ ਉਸ ਦਾ 10 ਤੋਂ 15 ਹਜ਼ਾਰ ਰੁਪਏ ਦਾ ਵਾਧੂ ਖਰਚਾ ਇੱਕ ਟਰਾਲੀ ਤੇ ਲੱਗਦਾ ਹੈ। ਉਸ ਦੇ ਇਸ ਵਿਚ 10-12 ਦਿਨ ਲੱਗਦੇ ਹਨ ਅਤੇ ਰਸਤੇ ਵਿੱਚ ਟ੍ਰੈਫਿਕ ਦਾ ਖਤਰਾ ਪਿਛੇ ਪਰਿਵਾਰ ਉਤੇ ਬਣਿਆ ਰਹਿੰਦਾ ਹੈ ਕਿ ਉਨ੍ਹਾਂ ਦਾ ਮੁੰਡਾ ਟਰਾਲੀ ਲੈ ਕੇ ਗਿਆ ਹੋਇਆ ਹੈ। ਮਾਨਯੋਗ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਪਰਸੋਂ ਮੇਰੇ ਇਲਾਕੇ ਦਾ ਜੰਡੂਸਿੰਘੇ ਦਾ ਸਰਬਜੀਤ ਸਿੰਘ ਪੁੱਤਰ ਲੇਟ ਸ਼੍ਰੀ ਕੁੰਦਨ ਸਿੰਘ, ਗਰੀਬ ਛੋਟੇ ਕਿਸਾਨ ਦਾ ਮੁੰਡਾ ਸੀ ਜਿਸ ਕੋਲ ਸਿਰਫ ਤਿੰਨ ਕਨਾਲ ਜ਼ਮੀਨ ਹੈ। ਉਹ ਆਪਣੀ ਟਰਾਲੀ ਲੈ ਕੇ ਮਿੱਲ ਵਿੱਚ ਗਿਆ ਤਾਂ ਉਸ ਦਾ ਲੁਧਿਆਣਾ ਤੋਂ ਸਮਰਾਲਾ ਦੇ ਰਸਤੇ ਵਿੱਚ ਐਕਸੀਡੈਂਟ ਹੋ ਗਿਆ, ਉਸ ਦੀ ਮੌਤ ਹੋ ਗਈ। ਆਪਾਂ ਇੱਕ ਪਾਸੇ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ, ਇੱਕ ਪਾਸੇ ਕਿਸਾਨ ਦੀ ਗੱਲ ਕਰਦੇ ਹਾਂ। ਅੱਜ ਕਿਸਾਨ ਬੜੀ ਮੰਦੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਕਿਸਾਨ ਨੂੰ ਆਪਣੀ ਫਸਲ ਦੇ ਪੈਸੇ ਨਹੀਂ ਮਿਲ ਰਹੇ ਹਨ। ਉਸ ਨੂੰ 250-300 ਕਿਲੋਮੀਟਰ ਗੰਨਾ ਲੈ ਕੇ ਜਾਣ ਦੀ ਸਜ਼ਾ ਦਿੱਤੀ ਜਾ ਰਹੀ ਹੈ। ਉਸ ਨੂੰ 180/- ਰੁਪਏ ਪ੍ਰਤੀ ਕੁਇੰਟਲ ਜਿਹੜੇ ਸੜਕਾਂ ਤੇ ਵੇਲ੍ਹਣੇ ਵਾਲੇ ਗੁੜ ਕੱਢਦੇ ਹਨ, ਉਨ੍ਹਾਂ ਨੂੰ ਵੇਚਣ ਲਈ ਕਿਸਾਨ ਮਜਬੂਰ ਹੋਇਆ ਪਿਆ ਹੈ, ਉਹ ਕੀ ਕਰੇ? ਸੋ, ਮੇਰੀ ਹਾਊਸ ਵਿੱਚ ਤੁਹਾਡੇ ਜ਼ਰੀਏ ਇਹ ਮੰਗ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਪੇਮੈਂਟ ਤੁਰੰਤ ਕੀਤੀ ਜਾਵੇ ਕਿਉਂਕਿ ਕਿਸਾਨ ਵਿਚਾਰਾ ਸੜਕਾਂ ਤੇ ਆ ਗਿਆ ਹੈ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। ਤੁਸੀਂ ਹੁਣ ਆਪਣੀ ਕਾਲ ਅਟੈਂਸ਼ਨ ਤੇ ਬੋਲੋ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਜਿਹੜਾ ਬੰਦਾ ਸਰਬਜੀਤ ਸਿੰਘ ਮਰ ਗਿਆ ਹੈ, ਉਸ ਦੇ ਪਰਿਵਾਰ ਨੂੰ ਦਸ ਲੱਖ ਰੁਪਏ ਅਤੇ ਇੱਕ ਸਰਕਾਰੀ ਨੌਕਰੀ ਦਿੱਤੀ ਜਾਵੇ। ਮੈਂ ਸਰਕਾਰ ਤੋਂ ਇਹ ਮੰਗ ਕਰਦਾ ਹਾਂ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ,

**ਮਾਨਯੋਗ ਸਪੀਕਰ :** ਟੀਨੂੰ ਜੀ, ਤੁਸੀਂ ਹੁਣ ਕਾਲ ਅਟੈਂਸ਼ਨ ਤੇ ਬੋਲੋ।ਬੈਂਸ ਸਾਹਿਬ, ਤੁਸੀਂ ਪਹਿਲਾਂ ਬੋਲ ਲਏ ਹੋ।ਬੈਠੋ, ਬੈਠੋ, ਹੁਣ ਨਹੀਂ, ਤੁਸੀਂ ਪਹਿਲਾਂ

[ਮਾਨਯੋਗ ਸਪੀਕਰ]

ਬੋਲ ਲਏ ਹੋ। ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਟੀਨੂ ਜੀ, ਆਪਣੀ ਕਾਲ ਅਟੈਂਸ਼ਨ ਪੇਸ਼ ਕਰੋ।

----

## CALL ATTENTION NOTICES UNDER RULE 66

**(ਕ੍ਰਮ ਨੰ: 2)**

**ਸ਼੍ਰੀ ਪਵਨ ਕੁਮਾਰ ਟੀਨੂ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਰਾਜ ਵਿੱਚ ਬਜ਼ੁਰਗਾਂ, ਵਿਧਵਾ, ਅਪਾਹਜ ਅਤੇ ਆਸਰਿਤ ਬੱਚਿਆਂ ਦੀ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਉਨ੍ਹਾਂ ਨੂੰ ਹਰ ਮਹੀਨੇ ਨਿਯਮਤ ਸਮੇਂ ਤੇ ਪੈਨਸ਼ਨ ਦੇਣ ਦੀ ਸਕੀਮ ਚੱਲ ਰਹੀ ਹੈ ਪਰ ਬੜੇ ਦੁੱਖ ਦੀ ਗੱਲ ਹੈ ਕਿ ਇਸ ਸਕੀਮ ਦੇ ਲਾਭਪਾਤਰੀ ਜਿਨ੍ਹਾਂ ਦੀ ਗਿਣਤੀ ਲਗਭਗ ਵੀਹ ਲੱਖ ਦੇ ਕਰੀਬ ਬਣਦੀ ਹੈ, ਨੂੰ ਮਈ, 2017 ਤੋਂ ਨਵੰਬਰ, 2017 ਤੱਕ ਸੱਤ ਮਹੀਨਿਆਂ ਦੀ ਪੈਨਸ਼ਨ ਰਾਜ ਸਰਕਾਰ ਵੱਲੋਂ ਨਹੀਂ ਦਿੱਤੀ ਗਈ । ਇਹ ਇੱਕ ਵਿਆਪਕ ਸਮਾਜਿਕ ਸੁਰੱਖਿਆ ਵਾਲੀ ਸਕੀਮ ਹੈ। ਇਸ ਸਕੀਮ ਤੇ ਰਾਜ ਦੇ ਲੱਖਾਂ ਪਰਿਵਾਰਾਂ ਦੀ ਟੇਕ ਹੈ। ਸਰਕਾਰ ਵੱਲੋਂ, ਕਾਂਗਰਸ ਵੱਲੋਂ ਪੈਨਸ਼ਨ ਵਿੱਚ 2500 ਰੁਪਏ ਦੇਣ ਦਾ ਵਾਅਦਾ ਤਾਂ ਪੂਰਾ ਕੀ ਕਰਨਾ ਸੀ, ਪਰ ਇਸ ਸਕੀਮ ਦੇ ਲਾਭਪਾਤਰੀਆਂ ਨੂੰ ਸੱਤ ਮਹੀਨਿਆਂ ਦੀ ਉਨ੍ਹਾਂ ਨੂੰ ਕੋਈ ਅਦਾਇਗੀ ਨਹੀਂ ਕੀਤੀ ਗਈ। ਜਿਸ ਦੀ ਕਰੀਬ ਸੱਤ ਸੌ ਕਰੋੜ ਰੁਪਿਆ ਅਮਾਊਂਟ ਬਣਦੀ ਹੈ। ਜਿਸ ਕਾਰਨ ਇਨ੍ਹਾਂ ਗਰੀਬ ਲੋਕਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ। ਇਹ ਸਰਕਾਰ ਵਿਰੁੱਧ ਰੋਸ ਪ੍ਰਗਟਾ ਰਹੇ ਹਨ। ਮੈਂ ਮੰਗ ਕਰਦਾ ਹਾਂ ਕਿ ਸਰਕਾਰ ਇਸ ਅਤਿ ਗੰਭੀਰ ਮਾਮਲੇ ਤੇ ਫੌਰੀ ਧਿਆਨ ਦੇਵੇ ਅਤੇ ਪੈਂਡਿੰਗ ਪਈ ਪੈਨਸ਼ਨ ਦੀ ਅਦਾਇਗੀ ਤੁਰੰਤ ਰਿਲੀਜ਼ ਕਰੇ। ਸਰਕਾਰ ਆਪਣੇ ਕੀਤੇ ਵਾਅਦੇ ਮੁਤਾਬਿਕ ਪੈਨਸ਼ਨਾਂ ਵਿੱਚ ਵਾਧਾ ਕਰੇ ਅਤੇ ਅੱਗੇ ਤੋਂ ਹਰ ਮਹੀਨੇ ਨਿਯਮਤ ਸਮੇਂ ਤੇ ਪੈਨਸ਼ਨ ਦੇਣ ਲਈ ਸਦਨ ਨੂੰ ਯਕੀਨ ਦੇਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਸ਼੍ਰੀਮਤੀ ਅਰੁਨਾ ਚੌਧਰੀ) :** ਸਪੀਕਰ ਸਾਹਿਬ, ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਬਜ਼ੁਰਗਾਂ,

[ਮਾਨਯੋਗ ਸਪੀਕਰ]

ਵਿਧਵਾਵਾਂ ਅਤੇ ਅਪਾਹਜਾਂ ਤਥਾ ਆਸਰਿਤ ਬੱਚਿਆਂ ਦੀ ਸਮਾਜਿਕ ਸੁਰੱਖਿਆ ਸਰਕਾਰ ਨੂੰ ਯਕੀਨੀ ਬਣਾਉਣੀ ਚਾਹੀਦੀ ਹੈ ਅਤੇ ਸਾਡੀ ਸਰਕਾਰ ਇਸ ਬਾਰੇ ਪੂਰੀ ਤਰ੍ਹਾਂ ਵਚਨਬੱਧ ਹੈ। ਅਸੀਂ ਇਸ ਵੇਲੇ ਲਗਭਗ 21 ਲੱਖ ਤੋਂ ਵੱਧ ਪੈਨਸ਼ਨਰਾਂ ਨੂੰ ਲਗਾਤਾਰ 750/- ਰੁਪਏ ਪ੍ਰਤੀ ਮਹੀਨੇ ਦੀ ਦਰ ਨਾਲ ਸਮਾਜਿਕ ਸੁਰੱਖਿਆ ਪੈਨਸ਼ਨ ਦੇ ਰਹੇ ਹਾਂ। ਸਾਡੀ ਸਰਕਾਰ ਬਣਨ ਤੇ ਫੌਰਨ ਪੈਨਸ਼ਨ ਦੀ ਰਾਸ਼ੀ 500/- ਰੁਪਏ ਤੋਂ ਵਧਾ ਕੇ 750/- ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਸਾਡੀ ਪਿਛਲੀ ਸਰਕਾਰ ਵੱਲੋਂ ਵੀ ਪੈਨਸ਼ਨ ਵਧਾਈ ਗਈ ਸੀ ਅਤੇ ਪਿਛਲੀ ਸਰਕਾਰ ਨੇ ਆਪਣੇ ਦਸ ਸਾਲ ਦੇ ਅਰਸੇ ਦੌਰਾਨ 9 ਸਾਲ ਬਾਅਦ ਪੈਨਸ਼ਨ 250/- ਰੁਪਏ ਤੋਂ ਵਧਾ 500/- ਰੁਪਏ ਪ੍ਰਤੀ ਮਹੀਨਾ ਕੀਤੀ ਸੀ। ਸਪੀਕਰ ਸਾਹਿਬ, ਸਰਕਾਰ ਵੱਲੋਂ ਹੁਣ 750/- ਰੁਪਏ ਦੀ ਦਰ ਨਾਲ ਲਗਾਤਾਰ ਪੈਨਸ਼ਨ ਹਰ ਮਹੀਨੇ ਦਿੱਤੀ ਜਾ ਰਹੀ ਹੈ। ਇਹ ਗੱਲ ਬਿਲਕੁਲ ਠੀਕ ਹੈ ਕਿ ਪਿਛਲੇ ਕੁਝ ਸਮੇਂ ਦਾ ਪੈਨਸ਼ਨ ਦਾ ਬਕਾਇਆ ਰਹਿੰਦਾ ਹੈ। ਜਦ ਕਿ ਅਸੀਂ ਨਵੰਬਰ, 2016 ਤੋਂ ਫਰਵਰੀ, 2017 ਤੱਕ ਦੀ ਪਿਛਲੀ ਸਰਕਾਰ ਵੱਲੋਂ ਛੱਡੇ ਗਏ ਬਕਾਏ ਦਾ ਭੁਗਤਾਨ ਕਰ ਦਿੱਤਾ ਹੈ। ਸਪੀਕਰ ਸਾਹਿਬ, ਸਦਨ ਵਿੱਚ ਇਹ ਗੱਲ ਕਲੀਅਰ ਹੈ ਕਿ ਸਰਕਾਰ ਦੀ ਵਿੱਤੀ ਹਾਲਤ ਸੁਧਰਨ ਲਈ ਕੁਝ ਸਮਾਂ ਲੱਗ ਰਿਹਾ ਹੈ ਕਿਉਂਕਿ ਪਿਛਲੀ ਸਰਕਾਰ ਵੱਲੋਂ ਸਰਕਾਰ ਦੇ ਕਰਜ਼ੇ ਦਾ ਕਾਫੀ ਬੋਝ ਵਧਾਇਆ ਗਿਆ ਹੈ। ਅਸੀਂ ਇਸ ਸਮੱਸਿਆ ਨੂੰ ਨਜਿੱਠ ਰਹੇ ਹਾਂ। ਜਦੋਂ ਵੀ ਸਰਕਾਰ ਦੀ ਵਿੱਤੀ ਹਾਲਤ ਸੁਧਰਦੀ ਹੈ ਤਾਂ ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਗਰੀਬ, ਲੋੜਵੰਦ, ਬਜ਼ੁਰਗਾਂ, ਵਿਧਵਾਵਾਂ, ਅਪਾਹਜਾਂ ਅਤੇ ਆਸਰਿਤ ਬੱਚਿਆਂ ਨੂੰ ਪੈਨਸ਼ਨ ਲਗਾਤਾਰ ਮਿਲਦੀ ਰਹੇ। ਇਸ ਦੇ ਨਾਲ ਨਾਲ ਸਰਕਾਰ ਦੀ ਵਿੱਤੀ ਸਮਰੱਥਾ ਨੂੰ ਦੇਖਦੇ ਹੋਏ ਪੈਨਸ਼ਨ ਵਿਚ ਹੋਰ ਵਾਧਾ ਕਰਨ ਦੀ ਸਰਕਾਰ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਜਿਹੜਾ ਪੈਂਡਿੰਗ ਪੈਸਾ ਹੈ, 740 ਕਰੋੜ ਰੁਪਿਆ ਜਦੋਂ ਵੀ ਵਿੱਤੀ ਹਾਲਤ ਸੁਧਰੇਗੀ, ਅਸੀਂ ਜ਼ਰੂਰ ਦੇਵਾਂਗੇ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਦੇਖੋ ਇੱਕ ਪਾਸੇ ਤਾਂ ਸਰਕਾਰ ਪ੍ਰੋਫੈਸ਼ਨਲ ਟੈਕਸ ਲਗਾ ਰਹੀ ਹੈ। ਅਸ਼ਟਾਮਾਂ, ਰਜਿਸਟਰੀ ਤੇ ਟੈਕਸ ਲਗਾ ਰਹੀ ਹੈ, ਮਾਰਕੀਟ ਕਮੇਟੀਆਂ ਦੀ ਫੀਸ ਵਧਾ ਰਹੀ ਹੈ, ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਫੀਸ ਲਾਈ ਜਾ ਰਹੀ ਹੈ। ਵਿੱਤ ਮੰਤਰੀ ਜੀ ਕਹਿ ਵੀ ਰਹੇ ਹਨ ਕਿ ਸਾਡੀ ਵਿੱਤੀ ਹਾਲਤ ਹੁਣ ਚੰਗੀ ਹੋ ਗਈ ਹੈ। ਸਿਰਫ ਗਰੀਬ ਲੋਕਾਂ ਦਾ ਡਿਸਏਬਲ ਲੋਕਾਂ ਦਾ ਜਿਹੜੇ ਵਿਚਾਰੇ ਤੁਰ-ਫਿਰ ਨਹੀਂ ਸਕਦੇ, ਉਨ੍ਹਾਂ ਦਾ 740 ਕਰੋੜ ਰੁਪਿਆ

[ਸ਼੍ਰੀ ਪਵਨ ਕੁਮਾਰ ਟੀਨੂ ]

ਜਾਰੀ ਕਰਨ ਵਿਚ ਹਾਲੇ ਵੀ ਮੰਤਰੀ ਜੀ ਨੇ ਹਾਂ ਨਹੀਂ ਭਰੀ। ਉਨ੍ਹਾਂ ਨੇ ਕਿਹਾ ਕਿ ਜਦੋਂ ਵਿੱਤੀ ਹਾਲਤ ਠੀਕ ਹੋਵੇਗੀ ਉਦੋਂ ਦੇਵਾਂਗੇ। ਸਪੀਕਰ ਸਾਹਿਬ, ਇਹ ਹੀ ਨਹੀਂ ਨਵੰਬਰ, ਦਸੰਬਰ, 2018 ਅਤੇ ਜਨਵਰੀ ਇਹ ਆਖਰੀ ਜਿਹੜੇ ਤਿੰਨ ਮਹੀਨੇ ਹਨ ਇਨ੍ਹਾਂ ਮਹੀਨਿਆਂ ਦੀ ਵੀ ਡਿਸਏਬਲ ਲੋਕਾਂ ਦੀ ਜਿਹੜੀ ਪੈਨਸ਼ਨ ਹੈ, ਉਹ ਜਾਰੀ ਨਹੀਂ ਕੀਤੀ। ਸਰਕਾਰ ਉਨ੍ਹਾਂ ਨਾਲ ਸਰਾਸਰ ਧੋਖਾ ਅਤੇ ਜ਼ਿਆਦਤੀ ਕਰ ਰਹੀ ਹੈ। ਕਾਂਗਰਸ ਪਾਰਟੀ ਨੇ ਮੈਨੀਫੈਸਟੋ ਵਿਚ ਕਿਹਾ ਸੀ ਕਿ ਅਸੀਂ ਪੈਨਸ਼ਨ 2500/- ਰੁਪਿਆ ਕਰ ਦੇਵਾਂਗੇ। ਚਲੋ, 2500/- ਤਾਂ ਜਦੋਂ ਦੇਣਾ ਠੀਕ ਹੈ ਪਰ ਹਾਲੇ ਇਹ ਤਾਂ ਗਰੀਬ ਲੋਕਾਂ ਨੂੰ ਦਿਓ ਉਹ ਬਹੁਤ ਲਿਤਾੜੇ ਹੋਏ ਹਨ। ਕੁਦਰਤ ਨੇ ਉਨ੍ਹਾਂ ਦਾ ਕੀ ਇਮਤਿਹਾਨ ਲਿਆ, ਇਹ ਗੱਲ ਵੱਖਰੀ ਹੈ, ਪਰ ਤੁਸੀਂ ਉਨ੍ਹਾਂ ਗਰੀਬ ਲੋਕਾਂ ਦਾ ਡਿਸਏਬਲ ਲੋਕਾਂ ਦਾ ਇਮਤਿਹਾਨ ਨਾ ਲਵੋ। ਉਨ੍ਹਾਂ 740 ਕਰੋੜ ਰੁਪਿਆ ਵੀ ਦਿਓ, ਨਾਲ ਹੀ ਆਹ ਤਿੰਨ ਮਹੀਨੇ ਦੀ ਪੈਨਸ਼ਨ ਦਿਓ। ਇੱਕ ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਨੇ 2016 ਵਿਚ ਰਾਈਟ ਆਫ ਪਰਸਨ ਵਿੱਦ ਡਿਸੇਬਿਲਟੀ ਐਕਟ ਪਾਸ ਕੀਤਾ। ਆਪਾਂ ਇਸ ਨੂੰ ਕਦੋਂ ਲਾਗੂ ਕਰ ਰਹੇ ਹਾਂ? ਜਿਹੜੀਆਂ ਮੈਂ ਦੂਜੀਆਂ ਗੱਲਾਂ ਕਹੀਆਂ ਹਨ ਉਨ੍ਹਾਂ ਦਾ ਵੀ ਕਿਰਪਾ ਕਰਕੇ ਜਵਾਬ ਦਿਓ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਦੋਂ ਸਾਡੀ ਕਾਂਗਰਸ ਦੀ ਸਾਲ 2002 ਵਿਚ ਸਰਕਾਰ ਬਣੀ ਸੀ ਅਤੇ 2006 ਵਿਚ ਅਸੀਂ ਪੈਨਸ਼ਨ 200/- ਰੁਪਏ ਤੋਂ ਵਧਾ ਕੇ 250/- ਰੁਪਿਆ ਕੀਤੀ ਸੀ ਲੇਕਿਨ ਤੁਸੀਂ 10 ਸਾਲਾਂ ਵਿਚ 250/- ਰੁਪਏ ਤੋਂ ਵਧਾ ਕੇ 500/- ਰੁਪਏ ਕੀਤੀ ਸੀ। ਲੇਕਿਨ ਸਾਡੀ ਸਰਕਾਰ ਬਣਨ ਤੋਂ ਫੌਰਨ ਬਾਅਦ ਅਸੀਂ 500/- ਤੋਂ 750/- ਰੁਪਏ ਕਰ ਦਿੱਤੀ। ਜਿਹੜੇ ਤੁਸੀਂ ਸੱਤ ਮਹੀਨੇ ਦੀ ਗੱਲ ਕਰ ਰਹੇ ਹੋ,ਇਹ ਚਾਰ ਮਹੀਨੇ ਸਾਨੂੰ ਤੁਹਾਡੀ ਸਰਕਾਰ ਵੱਲੋਂ ਵਿਰਾਸਤ ਵਿਚ ਮਿਲੇ ਸੀ। ਤਿੰਨ ਮਹੀਨੇ ਜ਼ਰੂਰ ਸਾਡੇ ਆਪਣੇ ਹਨ। ਜਿਹੜਾ ਤੁਹਾਡੇ ਚਾਰ ਮਹੀਨੇ ਦਾ ਪੈਂਡਿੰਗ ਪੈਸਾ ਦੇ ਸਕਦੇ ਹਾਂ ਤਾਂ ਅਸੀਂ ਇਹ ਸੱਤ ਮਹੀਨਿਆਂ ਦਾ ਵੀ ਜ਼ਰੂਰ ਦੇਵਾਂਗੇ। ਬਾਕੀ ਵਿੱਤੀ ਹਾਲਤ ਸੁਧਰ ਰਹੀ ਹੈ, ਅਸੀਂ 5 ਸਾਲਾਂ ਦੇ ਵਿਚ ਕਿਹਾ ਸੀ ਕਿ ਅਸੀਂ ਪੈਨਸ਼ਨ ਵਧਾਵਾਂਗੇ, ਹਾਲੇ 2 ਸਾਲ ਹੀ ਹੋਏ ਹਨ, ਜਦੋਂ ਹੀ ਵਿੱਤੀ ਹਾਲਤ ਸੁਧਰਦੀ ਹੈ ਤਾਂ ਅਸੀਂ ਆਉਂਦੇ ਹੀ 750 ਰੁਪਏ ਕਰ ਦਿੱਤੀ। ਹੌਸਲਾ ਰੱਖੋ, ਹੌਲੀ ਹੌਲੀ ਇਹ ਸਾਰਾ ਕੰਮ ਪੂਰਾ ਕਰ ਦਿਆਂਗੇ।

**ਮਾਨਯੋਗ ਸਪੀਕਰ :** ਟੀਨੂ ਜੀ, ਹੋ ਗਿਆ। ਕਾਲ ਅਟੈਂਸ਼ਨ ਵਿਚ ਇੱਕੋ ਹੀ

ਸਪਲੀਮੈਂਟਰੀ ਹੁੰਦੀ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਰ, ਇਹ ਬੜਾ ਇੰਪਾਰਟੈਂਟ ਹੈ। ਤੁਸੀਂ ਵੀ ਇਸ ਗੱਲ ਨੂੰ ਮੰਨੋਗੇ।ਮਾਨਯੋਗ ਮੰਤਰੀ ਜੀ ਨੇ ਕਿਹਾ ਕਿ ਜਦੋਂ ਇਹ 2002 ਵਿਚ ਆਏ ਤਾਂ ਇਨ੍ਹਾਂ ਨੇ 200 ਤੋਂ ਵਧਾ ਕੇ 250 ਕੀਤੀ ਸੀ। ਸਾਡੀ ਸਰਕਾਰ ਨੇ ਜੋ ਇਹ ਪੈਨਸ਼ਨਾਂ ਦੀ ਸਕੀਮ ਹੈ ਇਹ ਇੰਟਰੋਡਿਊਸ ਕੀਤੀ ਸੀ। ਅਕਾਲੀ ਬੀ.ਜੇ.ਪੀ ਨੇ ਇਹ 200 ਕੀਤੀ ਸੀ, ਪਰ ਤੁਸੀਂ 50 ਰੁਪਏ ਵਧਾਏ ਪਰ ਅਸੀਂ ਆ ਕੇ ਇਸ ਵਿਚ 250 ਰੁਪਿਆ ਵਿਚ ਪਾਇਆ। ਤੁਸੀਂ ਹੁਣ ਕੀ ਕੀਤਾ (ਵਿਘਨ) (ਸ਼ੋਰ) ਤੁਸੀਂ ਹੁਣ ਉਹ ਵੀ ਨਹੀਂ ਦੇ ਰਹੇ। ਤੁਸੀਂ 740 ਕਰੋੜ ਵੀ ਡਕਾਰ ਗਏ। ਤੁਸੀਂ ਆਹ ਲੇਟੈਸਟ ਤਿੰਨ ਮਹੀਨਿਆਂ ਦੀ ਪੈਨਸ਼ਨ ਵੀ ਨਹੀਂ ਦਿੱਤੀ। ਤੁਸੀਂ ਇਨ੍ਹਾਂ ਗਰੀਬਾਂ, ਡਿਸਏਬਲਡ, ਹੈਂਡੀਕੈਪਡ ਲੋਕਾਂ ਤੇ ਅੱਤਿਆਚਾਰ ਨਾ ਕਰੋ। ਉਨ੍ਹਾਂ ਦੀ ਤਾਂ ਰੱਬ ਵੀ ਸੁਣਦਾ ਹੈ।ਪਰ ਤੁਸੀਂ ਤਾਂ ਨਹੀਂ ਸੁਣਦੇ। ਇਸ ਕਰਕੇ ਰੱਬ ਤੋਂ ਡਰੋ।(ਵਿਘਨ)(ਸ਼ੋਰ) ਮੰਤਰੀ ਜੀ, ਸਰਕਾਰ ਰੱਬ ਤੋਂ ਡਰੋ। ਉਹ ਵਿਚਾਰੇ ਹੈਂਡੀਕੈਪਡ, ਡਿਸਏਬਲ ਲੋਕ ਹਨ। ਉਨ੍ਹਾਂ ਤੇ ਤਰਸ ਕਰੋ।ਉਨ੍ਹਾਂ ਦੀ ਪੈਨਸ਼ਨ ਦੇ ਦਿਓ।

**ਮਾਨਯੋਗ ਸਪੀਕਰ :** ਬੈਠੋ, ਬੈਠੋ, ਟੀਨੂ ਜੀ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ ਵਿਚ ਕੋਈ ਹੋਰ ਨਹੀਂ ਪੁੱਛ ਸਕਦਾ। ਇਹੀ ਪੁੱਛ ਸਕਦੇ ਸੀ।ਬੈਂਸ ਸਾਹਿਬ, ਤੁਹਾਡਾ ਕੀ ਮਾਮਲਾ ਹੈ? ਚਲੋ ਦੱਸੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਇੱਕ ਧਿਆਨ ਦਿਵਾਊ ਨੋਟਿਸ ਦਿੱਤਾ ਸੀ, ਜਿਨ੍ਹਾਂ ਦੀ ਬਦੌਲਤ ਸਾਨੂੰ ਅਜ਼ਾਦੀ ਮਿਲੀ ਹੈ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਨੂੰ ਕੇਂਦਰ ਸਰਕਾਰ ਤੋਂ ਸਰਕਾਰੀ ਰਿਕਾਰਡ ਦੇ ਵਿਚ ਸ਼ਹੀਦ ਦਾ ਦਰਜਾ ਦਿਵਾਉਣ ਵਾਸਤੇ ਮੈਂ ਧਿਆਨ ਦਿਵਾਊ ਨੋਟਿਸ ਭੇਜਿਆ ਸੀ, ਤੁਸੀਂ ਅਸਵੀਕਾਰ ਕਰ ਦਿੱਤਾ ਹੈ। ਕੀ ਇਹ ਕੋਈ ਮਾੜੀ ਗੱਲ ਹੈ?

**ਮਾਨਯੋਗ ਸਪੀਕਰ :** ਇਹ ਰੀਸੈਂਟ ਅਕਰੈਂਸ ਨਹੀਂ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਹਾਂ ਜੀ?

**ਮਾਨਯੋਗ ਸਪੀਕਰ :** ਇਹ ਕੋਈ ਰੀਸੈਂਟ ਅਕਰੈਂਸ ਨਹੀਂ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਤੁਹਾਡੀ ਪਾਰਟੀ ਦੇ ਸਤਿਕਾਰਯੋਗ ਮੈਂਬਰ ਪਾਰਲੀਮੈਂਟ ਸਾਹਿਬਾਨ ਦਿੱਲੀ ਦੇ ਵਿੱਚ ਜਿਹੜੇ ਕ੍ਰਾਂਤੀਕਾਰੀ ਸੋਚ ਦੇ ਲੋਕ ਧਰਨਾ ਲਗਾਈ ਬੈਠੇ ਹਨ, ਉਹ ਤਾਂ ਸਪੋਰਟ ਕਰਨ ਜਾਂਦੇ ਹਨ।

**ਮਾਨਯੋਗ ਸਪੀਕਰ :** ਤੁਸੀਂ ਗਵਰਨਰ ਐਡਰੈਸ ਵਿੱਚ ਕਹਿ ਲੈਣਾ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਇਸ ਦਾ ਮਤਲਬ ਇਹ ਹੋ ਗਿਆ ਕਿ ਹਾਥੀ ਦੇ ਦੰਦ ਖਾਣ ਵਾਲੇ ਹੋਰ ਹਨ ਅਤੇ ਦਿਖਾਉਣ ਵਾਲੇ ਹੋਰ ਹਨ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ .....

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ। (ਵਿਘਨ) ਸ਼੍ਰੀ ਬ੍ਰਹਮ ਮਹਿੰਦਰਾ ਜੀ। ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਸਰ, ਮੈਨੂੰ ਮੈਂਬਰ ਸਾਹਿਬ ਤੇ ਇਹ ਗੱਲ ਕਹਿੰਦੇ ਹੋਏ ਬੜੀ ਹੈਰਾਨੀ ਹੁੰਦੀ ਹੈ ਕਿ ਸਰਦਾਰ ਭਗਤ ਸਿੰਘ ਜੀ ਨੂੰ ਆਪਾਂ ਸ਼ਹੀਦ ਡਿਕਲੇਅਰ ਕਰੀਏ। ਜਦੋਂ ਦਾ ਸਾਰਾ ਸਿਲਸਿਲਾ ਸ਼ੁਰੂ ਹੋਇਆ ਹੈ, ਅਜ਼ਾਦੀ ਮਿਲੀ ਹੈ, ਉਦੋਂ ਤੋਂ ਤਾਂ ਉਨ੍ਹਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਕਿਹਾ ਜਾਂਦਾ ਹੈ। ਅੱਜ ਅਸੀਂ ਮੁੜ ਕੇ ਇਸ ਗੱਲ ਨੂੰ ਲਿਆਈਏ ਕਿ ਅਸੀਂ ਸ਼ਹੀਦ ਭਗਤ ਸਿੰਘ ਕਹੀਏ (ਵਿਘਨ) ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦੀ ਮਾਤਾ ਨੂੰ ਪੰਜਾਬ ਮਾਤਾ ਡਿਕਲੇਅਰ ਕੀਤਾ ਸੀ। ਅੱਜ ਇਹ ਗੱਲ ਕਹਿ ਕੇ ਉਨ੍ਹਾਂ ਦੀ ਸ਼ਹੀਦੀ ਨਾਲ ਮਜ਼ਾਕ ਉਡਾਉਣਾ ਹੈ ਕਿ ਅਸੀਂ ਸ਼ਹੀਦ-ਏ-ਆਜ਼ਮ ਨੂੰ ਅੱਜ ਇਹ ਖਿਤਾਬ ਦਿਵਾਉਣਾ ਚਾਹੁੰਦੇ ਹਾਂ। ਸ਼ਹੀਦ ਭਗਤ ਸਿੰਘ ਨੂੰ ਸਾਰੀ ਦੁਨੀਆਂ ਵਿੱਚ, world over Sardar Bhagat Singh is known as Shahide Aazam......

**ਮਾਨਯੋਗ ਸਪੀਕਰ :** ਅਗਲੀ ਕਾਲ ਅਟੈਨਸ਼ਨ, ਸਰਦਾਰ ਨਵਤੇਜ ਸਿੰਘ ਚੀਮਾ।

-----

**(ਕ੍ਰਮ ਨੰ: 6)**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

-----

**ਮਾਨਯੋਗ ਸਪੀਕਰ :** ਅਗਲੀ ਕਾਲ ਅਟੈਂਸ਼ਨ, ਡਾਕਟਰ ਧਰਮਬੀਰ ਅਗਨੀਹੋਤਰੀ। ...(ਵਿਘਨ).... ਬੈਂਸ ਸਾਹਿਬ ਤੁਸੀਂ ਬੈਠੋ, ਬੈਂਸ ਸਾਹਿਬ, ਬੈਠੋ। ਬੈਠੋ, ਬੈਠੋ, ਬੈਠੋ।

## (ਕ੍ਰਮ ਨੰ: 7)

**ਡਾਕਟਰ ਧਰਮਬੀਰ ਅਗਨੀਹੋਤਰੀ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਰਾਜ ਵਿੱਚ ਪੰਚਾਇਤੀ ਜ਼ਮੀਨਾਂ ਤੇ ਟਿਊਬਵੈੱਲ ਲਗਾਉਣ ਤੇ ਰਾਜ ਸਰਕਾਰ ਦੀ ਕੋਈ ਪਾਲਿਸੀ ਨਹੀਂ ਹੈ। ਪੰਚਾਇਤਾਂ ਆਪਣੀਆਂ ਜ਼ਮੀਨਾਂ ਤੇ ਆਪਣੇ ਟਿਊਬਵੈੱਲ ਨਹੀਂ ਲਗਾਉਂਦੀਆਂ, ਸਿੱਟੇ ਵਜੋਂ ਇਹ ਜ਼ਮੀਨਾਂ ਬਹੁਤ ਘੱਟ ਰਕਮ ਤੇ ਪਟੇ ਤੇ ਦਿੱਤੀਆਂ ਜਾਂਦੀਆਂ ਹਨ, ਇਸ ਕਾਰਨ ਪੰਚਾਇਤਾਂ ਨੂੰ ਭਾਰੀ ਨੁਕਸਾਨ ਹੁੰਦਾ ਹੈ। ਇਸ ਮਾਮਲੇ ਤੇ ਰਾਜ ਦੇ ਲੋਕਾਂ ਵਿੱਚ ਭਾਰੀ ਰੋਸ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਾਲਿਸੀ ਹੈ। ਇਹ ਅਪਲਾਈ ਕਰਨ, ਜੇ ਇਨ੍ਹਾਂ ਨੂੰ ਟਿਊਬਵੈੱਲ ਕੁਨੈਕਸ਼ਨ ਨਹੀਂ ਮਿਲੇਗਾ, ਫਿਰ ਦੱਸਣ। ਇਹੋ ਜਿਹੀ ਪਾਲਿਸੀ ਹੈ। ਟਿਊਬਵੈੱਲ ਕੁਨੈਕਸ਼ਨ ਪੰਚਾਇਤਾਂ ਲੈ ਰਹੀਆਂ ਹਨ। ਜੇ ਕਿਤੇ ਇਨ੍ਹਾਂ ਨੂੰ ਪ੍ਰਾਬਲਮ ਹੈ ਤਾਂ ਇਹ ਦੱਸ ਸਕਦੇ ਹਨ, ਜ਼ਰੂਰ ਟਿਊਬਵੈੱਲ ਕੁਨੈਕਸ਼ਨ ਮਿਲੇਗਾ ਜੀ।

**ਡਾਕਟਰ ਧਰਮਬੀਰ ਅਗਨੀਹੋਤਰੀ :** ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਮੈਂਬਰਾਂ ਕੋਲ, ਐਮ.ਐਲ.ਏ. ਕੋਲ ਕੋਟਾ ਹੁੰਦਾ ਸੀ ਕਿ ਪੰਚਾਇਤਾਂ ਦੀਆਂ ਜ਼ਮੀਨਾਂ ਵਾਸਤੇ ਟਿਊਬਵੈੱਲ ਕੁਨੈਕਸ਼ਨ ਦੇ ਸਕਦੇ ਸਨ। ਕੀ ਇਹ ਹੁਣ ਵੀ ਐਮ.ਐਲ.ਏ. ਸਾਹਿਬ ਨੂੰ ਕੋਟਾ ਦੇਣਗੇ ਕਿ ਉਹ ਪੰਚਾਇਤਾਂ ਦੀਆਂ ਜ਼ਮੀਨਾਂ ਵਿੱਚ ਕੁਨੈਕਸ਼ਨ ਲਗਵਾ ਸਕਣ?

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਦੇ ਦਿਓ, ਇਸ ਦਾ ਬਿਜਲੀ ਮੰਤਰੀ ਨਾਲ ਤਾਅਲੁੱਕ ਹੈ।

**Doctor Dharambir Aganihotri :** Thank you.

**Mr. Speaker :** Thank you.

---

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ :** ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ:-

ਆਰਜ਼ੀ ਮਿਤੀ-ਵਾਰ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ, ਕਮੇਟੀ ਨੇ ਸਿਫ਼ਾਰਸ਼ ਕੀਤੀ ਹੈ ਕਿ ਮਿਤੀ 13.2.2019 ਤੋਂ 22.2.2019 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:-

| | |
|---|---|
| ਬੁੱਧਵਾਰ, 13 ਫਰਵਰੀ, 2019 (10.00 ਵਜੇ ਸਵੇਰੇ) | ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਰਾਜਪਾਲ ਦੇ ਭਾਸ਼ਣ ਤੇ ਬਹਿਸ। |
| ਵੀਰਵਾਰ, 14 ਫਰਵਰੀ, 2019 (10.00 ਵਜੇ ਸਵੇਰੇ) | ਗੈਰ-ਸਰਕਾਰੀ ਕੰਮ-ਕਾਰ। |
| ਸ਼ੁੱਕਰਵਾਰ, 15 ਫਰਵਰੀ, 2019 (10.00 ਵਜੇ ਸਵੇਰੇ) | ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ।) |
| ਸ਼ਨਿੱਚਰਵਾਰ, 16 ਫਰਵਰੀ, 2019<br>ਐਤਵਾਰ, 17 ਫਰਵਰੀ, 2019 } | ਛੁੱਟੀਆਂ |
| ਸੋਮਵਾਰ, 18 ਫਰਵਰੀ, 2019 (2.00 ਵਜੇ ਬਾਅਦ ਦੁਪਹਿਰ) | ਸਾਲ 2019-20 ਲਈ ਬਜਟ ਅਨੁਮਾਨ ਪੇਸ਼ ਕਰਨਾ। |
| ਮੰਗਲਵਾਰ, 19 ਫਰਵਰੀ, 2019 | ਛੁੱਟੀ |
| ਬੁੱਧਵਾਰ, 20 ਫਰਵਰੀ, 2019 (2.00 ਵਜੇ ਬਾਅਦ ਦੁਪਹਿਰ) | i) ਸਾਲ 2017-18 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ ਅਤੇ ਸਾਲ 2017-18 ਲਈ ਨਮਿੱਤਣ ਲੇਖੇ ਪੇਸ਼ ਕਰਨਾ।<br>ii) ਸਾਲ 2018-19 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਾ। |

| | |
|---|---|
| | iii) ਸਾਲ 2018-19 ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਨਮਿੱਤਣ ਬਿਲ; ਅਤੇ<br>iv) ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ। |
| ਵੀਰਵਾਰ, 21 ਫਰਵਰੀ, 2019 (10.00 ਵਜੇ ਸਵੇਰੇ) | ਗੈਰ-ਸਰਕਾਰੀ ਕੰਮ-ਕਾਰ |
| ਸ਼ੁੱਕਰਵਾਰ, 22 ਫਰਵਰੀ, 2019 (10.00 ਵਜੇ ਸਵੇਰੇ) | I) ਸਾਲ 2019-20 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ।)<br>II) ਵਿੱਤੀ ਕੰਮ-ਕਾਰ<br>i) ਸਾਲ 2019-20 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਗਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ; ਅਤੇ<br>ii) ਸਾਲ 2019-20 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿਲ,<br>III) ਸਾਲ 2019-20 ਲਈ ਪੰਜਾਬ ਵਿਧਾਨ ਸਭਾ ਦੀਆਂ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ।<br>iv) ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ।<br>v) ਵਿਧਾਨਕ ਕੰਮ-ਕਾਰ । |

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ ।

**ਮਾਨਯੋਗ ਸਪੀਕਰ:** ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਹਾਂ ਜੀ, ਢੀਂਡਸਾ ਸਾਹਿਬ, ਤੁਸੀਂ ਕੁਝ ਕਹਿਣਾ ਹੈ ਤਾਂ ਕਹੋ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ) :** ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕੀਤੀ ਸੀ ਅਤੇ ਅਸੀਂ ਪਾਰਟੀ ਵੱਲੋਂ ਵੀ ਮਿਲ ਕੇ ਤੁਹਾਨੂੰ ਬੇਨਤੀ ਕੀਤੀ ਸੀ ਕਿ ਇਹ ਬਜਟ ਸੈਸ਼ਨ ਬਹੁਤ ਥੋੜ੍ਹਾ ਹੈ, ਮੈਨੂੰ ਲੱਗਦਾ ਹੈ ਕਿ ਇਹ ਸਿਰਫ ਅੱਠ ਸਿਟਿੰਗਜ਼ ਦੇ ਵਿੱਚ....

**ਸਰਦਾਰ ਸਿਮਰਜੀਤ ਸਿੰਘ ਬੈਂਸ: (ਬੈਠੇ–ਬੈਠੇ):** ਤੁਹਾਨੂੰ ਆਪਣਾ ਯਾਦ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਮੇਰੀ ਗੱਲ ਸੁਣ ਲਵੋ। (ਵਿਘਨ) ਚੈੱਕ ਕਰ ਲਵੋ । (ਵਿਘਨ)

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਆਪਸ ਵਿਚ ਗੱਲ ਨਾ ਕਰੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, 10 ਦਿਨ ਤੋਂ ਘੱਟ ਦਿਨ ਦਾ ਕਦੇ ਸੈਸ਼ਨ ਹੋਇਆ ਹੀ ਨਹੀਂ ਹੈ।ਦੋ–ਦੋ ਹਫਤਿਆਂ ਦਾ, ਦੋ–ਦੋ ਹਫਤਿਆਂ...

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਬੈਠੇ ਬੈਠੇ ਬੋਲ ਰਹੇ ਸਨ।)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਯਾਨੀ 14 ਦਿਨਾਂ ਦਾ ਸੈਸ਼ਨ ਹੋਇਆ। (ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਵੱਲੋਂ ਵਿਘਨ) ਮੈਂ ਸਪੀਕਰ ਸਾਹਿਬ ਨਾਲ ਗੱਲ ਕਰ ਰਿਹਾ ਹਾਂ...

**ਮਾਨਯੋਗ ਸਪੀਕਰ :** ਪਲੀਜ਼ , ਪਲੀਜ਼, ਪਲੀਜ਼, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਸੈਸ਼ਨ ਨੂੰ ਵਧਾਇਆ ਜਾਵੇ। ਅਸਲ ਵਿੱਚ ਤਾਂ ਇਹੋ ਹੀ ਇੱਕ ਸੈਸ਼ਨ ਹੁੰਦਾ ਹੈ, ਫਿਰ ਤਾਂ ਤੁਸੀਂ ਛੇ ਮਹੀਨੇ ਬਾਅਦ ਇਕ ਜਾਂ ਦੋ ਦਿਨ ਦਾ ਸੈਸ਼ਨ ਕਰਕੇ ਇਕ ਫਾਰਮੈਲਿਟੀ ਪੂਰੀ ਕਰਨੀ ਹੈ। ਸੋ, ਹੁਣ ਵੀ ਜੇ ਸਾਨੂੰ ਸਿਰਫ ਇੰਨੇ ਦਿਨ ਹੀ ਮਿਲਣਗੇ ਤਾਂ ਇੰਨੇ ਸਮੇਂ ਵਿੱਚ ਇੱਕ ਇੱਕ ਐਮ.ਐਲ.ਏ., ਨੂੰ ਪੂਰਾ ਮੌਕਾ ਆਪਣੀ ਗੱਲ ਰੱਖਣ ਦਾ ਨਹੀਂ ਮਿਲੇਗਾ। ਜਿਹੜੇ ਅਸੀਂ ਸਵਾਲ ਲਗਾਉਂਦੇ ਹਾਂ ਉਹ ਸਾਰੇ ਨਹੀਂ ਲੱਗਦੇ..

**ਮਾਨਯੋਗ ਸਪੀਕਰ:** ਚਲੋ, ਤੁਸੀਂ ਆਪਣੀ ਗੱਲ ਕਹਿ ਲਈ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਨੂੰ ਦੁੱਖ ਨਾਲ ਇਹ ਵੀ ਕਹਿਣਾ ਪੈਂਦਾ ਹੈ ਕਿ ਆਮ ਆਦਮੀ ਪਾਰਟੀ, ਆਪੋਜ਼ੀਸ਼ਨ ਵੀ ਰਲੇ ਹੋਏ ਹਨ ਕਿਉਂਕਿ ਉਹ ਵੀ ਸਹਿਮਤ ਹਨ..

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲਣ ਲੱਗ ਪਏ ਜਿਸ ਕਾਰਨ ਸਦਨ ਵਿਚ ਸ਼ੋਰ ਸੀ।)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਉਹ ਵੀ ਸਹਿਮਤ ਹਨ। (ਵਿਘਨ)(ਸ਼ੋਰ) ਮੇਰੀ ਗੱਲ ਸੁਣ ਲਵੋ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ, ਇਹ ਵੀ ਸਹਿਮਤ ਹਨ ਕਿ ਸੈਸ਼ਨ ਇੰਨੇ ਦਿਨ ਦਾ ਕਰ ਲਵੋ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

-----

## PRESENTATION OF REPORTS OF THE COMMITTEE

**ਮਾਨਯੋਗ ਸਪੀਕਰ :** ਅਗਲੀ ਆਈਟਮ, ਰਿਪੋਰਟਾਂ ਪੇਸ਼ ਕਰਨਾ। ਸਰਦਾਰ ਪਰਗਟ ਸਿੰਘ, ਮੈਂਬਰ, ਵਿਸ਼ੇਸ਼ ਅਧਿਕਾਰ ਕਮੇਟੀ ਦੀ ਦੂਜੀ, ਤੀਜੀ ਤੇ ਚੌਥੀ ਅੰਤਰਿਮ ਰਿਪੋਰਟਾਂ ਪੇਸ਼ ਕਰਨ।

**ਸਰਦਾਰ ਪਰਗਟ ਸਿੰਘ ਪੋਆਰ (ਮੈਂਬਰ, ਵਿਸ਼ੇਸ਼ ਅਧਿਕਾਰ ਕਮੇਟੀ):** ਸ਼੍ਰੀਮਾਨ ਜੀ, ਮੈਂ

** Not recorded as ordered by the Chair.

i) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁੱਧ;

ii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iii) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਦੇ ਵਿਰੁੱਧ;

iv) ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ., ਵੱਲੋਂ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਦੇ ਵਿਰੁੱਧ;

v) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੇ ਵਿਰੁੱਧ;

vi) ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ, ਪੰਜਾਬ, ਵੱਲੋਂ ਸਰਦਾਰ ਸੁਖਬੀਰ ਸਿੰਘ ਬਾਦਲ, ਐਮ.ਐਲ.ਏ. ਦੇ ਵਿਰੁੱਧ;

ਸਦਨ ਵਿੱਚ ਉਠਾਏ ਗਏ ਵਿਸ਼ੇਸ਼ ਅਧਿਕਾਰ ਦੇ ਉਲੰਘਣਾ ਸਬੰਧੀ ਮਾਮਲਿਆਂ ਤੇ ਦੂਜੀ,ਤੀਜੀ, ਚੌਥੀ ਮੁੱਢਲੀਆਂ ਰਿਪੋਰਟਾਂ ਪੇਸ਼ ਕਰਦਾ ਹਾਂ। (ਵਿਘਨ)

**ਮਾਨਯੋਗ ਸਪੀਕਰ :** ਜੋ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਗਿਆ ਉਹ ਰਿਕਾਰਡ ਨਾ ਕੀਤਾ ਜਾਵੇ। ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ, ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

-----

## PAPERS RE-LAID/ LAID ON THE TABLE OF THE HOUSE

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿਚ ਮੱਦ ਨੰ: VI ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 3 ਤੱਕ ਦੇ ਮੁੜ ਰੱਖੇ ਜਾਣ ਵਾਲੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਤੀਜੀ ਸੋਧਨਾ) ਵਿਨਿਯਮਨ, 2013;

ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ

ਕੋਡ ਅਤੇ ਸਬੰਧਤ ਮਾਮਲੇ) (ਚੌਥੀ ਸੋਧਨਾ) ਵਿਨਿਯਮਨ, 2013;

iii) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.)/ ਲਸੰਸੀ ਨੂੰ ਅਧਿਕਾਰੀ ਨਿਯੁਕਤ ਕਰਨ ਸਬੰਧੀ ਤਾਂ ਜੋ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 37.2 (ਈ) (i) ਦੁਆਰਾ ਦਿੱਤੇ ਗਏ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਇੱਕ ਅਥਾਰਿਟੀ ਦੇ ਤੌਰ ਤੇ ਕੰਮ ਕਰ ਸਕੇ;

iv) ਅਧਿਸੂਚਨਾ ਨੰ. ਪੀ.ਐਸ.ਈ.ਆਰ.ਸੀ./ਸਕੱਤਰ/ਵਿਨਿਯਮਨ 82 ਮਿਤੀ 21.6.2013 ਅਗਲੇਰੇ ਹੁਕਮਾਂ ਤੱਕ ਦੇ ਕ੍ਰਮ ਨੰ.3 ਵਿੱਚ ਆਉਂਦੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2013 ਦੇ ਵਿਨਿਯਮਨ 21.2 ਦੀ ਉਪ ਕਲਾਜ਼ (ਏ) ਨੂੰ ਸੋਧਣ ਦੀ ਪ੍ਰਕ੍ਰਿਆ ਨੂੰ ਰੋਕਣ ਸਬੰਧੀ;

v) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਤੀਜੀ ਸੋਧਨਾ) ਵਿਨਿਯਮਨ, 2013;

vi) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ.);

vii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) (ਪੰਜਵੀਂ ਸੋਧਨਾ) ਵਿਨਿਯਮਨ, 2013;

viii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਪੰਜਵੀਂ ਸੋਧਨਾ) ਵਿਨਿਯਮਨ, 2013;

ix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2007 ਦੇ ਵਿਨਿਯਮਨ 4.1 ਦੇ ਉਪਬੰਧਾਂ ਦੀਆਂ ਸ਼ਰਤਾਂ ਅਧੀਨ ਸਪਲਾਈ

[ਸੰਸਦੀ ਮਾਮਲੇ ਮੰਤਰੀ]

ਕੋਡ ਰਿਵਿਊ ਪੈਨਲ ਦੀ ਸਥਾਪਨਾ ਸਬੰਧੀ;

x) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰਜ ਸੰਚਾਲਣ) (ਚੌਥੀ ਸੋਧਨਾ) ਵਿਨਿਯਮਨ, 2014;

xi) ਬਿਜਲੀ ਦੇ ਲੋਕਪਾਲ, ਪੰਜਾਬ ਦੀ ਨਿਯੁਕਤੀ ਸਬੰਧੀ;

xii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ , ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਣ ਲਈ ਸ਼ਰਤਾਂ) ਵਿਨਿਯਮਨ, 2014;

xiii) ਰਾਜ ਸਲਾਹਕਾਰੀ ਕਮੇਟੀ ਦੇ ਗਠਨ ਸਬੰਧੀ;

xiv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਚੌਥੀ ਸੋਧਨਾ) ਵਿਨਿਯਮਨ, 2014;

xv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿਨਿਯਮਨ, 2014;

xvi) ਸਪਲਾਈ ਕੋਡ ਰਿਵਿਊ ਪੈਨਲ ਦੀ ਸਥਾਪਨਾ ਸਬੰਧੀ;

xvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਰਾਜ ਸਲਾਹਕਾਰ ਕਮੇਟੀ) (ਪਹਿਲੀ ਸੋਧਨਾ) ਵਿਨਿਯਮਨ, 2015;

xviii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨਵਿਆਉਣਯੋਗ ਖਰੀਦ ਜ਼ਿੰਮੇਵਾਰੀ ਅਤੇ ਉਸ ਦੀ ਪਾਲਣਾ) (ਪਹਿਲੀ ਸੋਧਨਾ) ਵਿਨਿਯਮਨ, 2015;

xix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨੈਟ ਮੀਟਰਿੰਗ ਤੇ ਅਧਾਰਿਤ ਗਰਿਡ ਇੰਟਰੈਕਟਿਵ ਰੂਫ ਟੌਪ ਸੋਲਰ ਫੋਟੋ ਵਾਲਟਿਕ ਸਿਸਟਮਜ਼) ਵਿਨਿਯਮਨ, 2015;

xx) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ, ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਸ਼ਰਤਾਂ) ਵਿਨਿਯਮਨ, 2014 ਪਹਿਲੇ ਨਿਯੰਤਰਨ ਪੀਰੀਅਡ ਦੇ ਲਾਗੂ ਹੋਣ ਦੀ ਮਿਤੀ ਸਬੰਧੀ ;

xxi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ

ਪਹੁੰਚ ਲਈ ਸ਼ਰਤਾਂ) (ਪੰਜਵੀਂ ਸੋਧਨਾ) ਵਿਨਿਯਮਨ, 2015;

xxii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਤੀਜੀ ਸੋਧਨਾ) ਵਿਨਿਯਮਨ, 2015;

xxiii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਚੌਥੀ ਸੋਧਨਾ) ਵਿਨਿਯਮਨ, 2015;

xxiv) ਰਾਜ ਸਲਾਹਕਾਰ ਕਮੇਟੀ ਸਬੰਧੀ;

xxv) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਹਨਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ.) (ਪਹਿਲੀ ਸੋਧਨਾ), 2015;

xxvi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਸ਼ਚਿਤ ਕਰਨ ਲਈ ਸ਼ਰਤਾਂ) (ਪੰਜਵੀਂ ਸੋਧਨਾ) ਵਿਨਿਯਮਨ, 2015;

xxvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਰਮਚਾਰੀਆਂ ਦੀ ਨਿਯੁਕਤੀ ਅਤੇ ਸੇਵਾ ਸ਼ਰਤਾਂ) ਵਿਨਿਯਮਨ, 2015;

xxviii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (ਛੇਵੀਂ ਸੋਧਨਾ) ਵਿਨਿਯਮਨ, 2016;

xxix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ, ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਣ ਲਈ ਸ਼ਰਤਾਂ) (ਪਹਿਲੀ ਸੋਧਨਾ) ਵਿਨਿਯਮਨ, 2016;

xxx) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) (7ਵੀਂ ਸੋਧਨਾ) ਵਿਨਿਯਮਨ, 2016;

xxxi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਸਪਲਾਈ ਕੋਡ ਸਮੀਖਿਆ ਪੈਨਲ ਦਾ ਗਠਨ;

xxxii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਪਹਿਲੀ ਸੋਧਨਾ) ਵਿਨਿਯਮਨ, 2016;

xxxiii) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਹਨਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ ਵਿਚ ਸੋਧਨਾ (ਸੀ.ਸੀ.ਐਚ.ਪੀ) (ਦੂਜੀ ਸੋਧਨਾ) ਵਿਨਿਯਮਨ, 2016;

[ਸੰਸਦੀ ਮਾਮਲੇ ਮੰਤਰੀ]

xxxiv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਦੂਜੀ ਸੋਧਨਾ) ਵਿਨਿਯਮਨ, 2016;

xxxv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਲੋਕਪਾਲ ਅਤੇ ਅਦਾਲਤ) ਵਿਨਿਯਮਨ, 2016;

xxxvi) ਰਾਜ ਸਲਾਹਕਾਰ ਕਮੇਟੀ ਦਾ ਗਠਨ;

xxxvii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਤੀਜੀ ਸੋਧਨਾ) ਵਿਨਿਯਮਨ, 2017;

xxxviii) ਇੰਜ: ਸੰਤੋਖ ਸਿੰਘ ਸਰਨਾ, ਮੈਂਬਰ, ਪੀ.ਐਸ.ਈ.ਆਰ.ਸੀ, ਦੀ ਨਿਰਣਾਇਕ ਅਫਸਰ ਦੇ ਤੌਰ ਤੇ ਨਿਯੁਕਤੀ;

xxxix) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ.)) (ਤੀਜੀ ਸੋਧਨਾ) ਵਿਨਿਯਮਨ, 2017;

xl) ਲੋਕ ਪਾਲ ਦੀ ਨਿਯੁਕਤੀ;

xli) ਸਲਾਹਕਾਰ ਕਮੇਟੀ ਦਾ ਗਠਨ;

xlii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਗਠਿਤ ਕੀਤੀ ਗਈ ਸਲਾਹਕਾਰ ਕਮੇਟੀ ਵਿਚ ਸੋਧਨਾ;

xliii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਚੌਥੀ ਸੋਧਨਾ) ਵਿਨਿਯਮਨ, 2018;

xliv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) ਵਿੱਚ ਸੋਧਨਾ (ਚੌਥੀ ਸੋਧਨਾ) ਵਿਨਿਯਮਨ, 2018;

xlv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਲੇਖਾ ਪਾਲਿਸੀ ਅਤੇ ਵਿਧੀਆਂ (ਪਹਿਲੀ ਸੋਧਨਾ) ਵਿਨਿਯਮਨ, 2018;

xlvi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਬਿਜਲੀ ਸਪਲਾਈ ਕੋਡ ਅਤੇ ਵਿਨਿਯਮਨ ਦੇ ਨਾਲ ਸਬੰਧਿਤ ਮਾਮਲੇ, 2014 ਦੇ

ਉਪਬੰਧਾਂ ਦੇ ਅਨੁਸਾਰ ਗਠਿਤ ਕੀਤੇ ਗਏ ਸਪਲਾਈ ਕੋਡ ਸਮੀਖਿਆ ਪੈਨਲ ਵਿੱਚ ਵਾਧਾ।

ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

2.

i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਜੈਨਰੇਸ਼ਨ, ਟਰਾਂਸਮਿਸ਼ਨ, ਵੀਲਿੰਗ ਅਤੇ ਰਿਟੇਲ ਸਪਲਾਈ ਟੈਰਿਫ ਦੇ ਨਿਰਧਾਰਨ ਲਈ ਸ਼ਰਤਾਂ) (ਦੂਜੀ ਸੋਧਨਾ) ਵਿਨਿਯਮਨ, 2018;

ii) ਸਪਲਾਈ ਕੋਡ ਰਿਵਿਊ ਪੈਨਲ ਦੀ ਸਥਾਪਨਾ ਸਬੰਧੀ;

iii) ਉਪਭੋਗਤਾਵਾਂ ਦੀਆਂ ਸ਼ਿਕਾਇਤਾਂ ਅਤੇ ਉਹਨਾਂ ਨੂੰ ਨਜਿੱਠਣ ਸਬੰਧੀ ਪ੍ਰਕ੍ਰਿਆ (ਸੀ.ਸੀ.ਐਚ.ਪੀ.) ਚੌਥੀ ਸੋਧਨਾ, 2018;

iv) 50 ਕਰੋੜ ਰੁਪਏ ਦੀ ਲਾਗਤ ਤੋਂ ਵੱਧ ਅੰਤਰਰਾਜੀ ਟ੍ਰਾਂਸਮਿਸ਼ਨ ਪ੍ਰੋਜੈਕਟ ਰਾਜ ਸਰਕਾਰ/ਐਸ.ਟੀ.ਯੂ. ਦੁਆਰਾ ਤੁਲਨਾਤਮਕ ਬੋਲੀ ਦੇ ਅਧਾਰ ਤੇ ਟੈਰਿਫ ਦੁਆਰਾ ਵਿਕਸਿਤ ਕੀਤੇ ਜਾਣ ਸਬੰਧੀ;

v) ਰਾਜ ਸਲਾਹਕਾਰੀ ਕਮੇਟੀ ਦਾ ਗਠਨ;

vi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨਵਿਆਉਣਯੋਗ ਖਰੀਦ ਜ਼ਿੰਮੇਵਾਰੀ ਅਤੇ ਉਸ ਦੀ ਪਾਲਣਾ) (ਦੂਜੀ ਸੋਧਨਾ) ਵਿਨਿਯਮਨ, 2018;

vii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਦੂਰਦਰਸ਼ਤਾ ਕਾਰਜਕ੍ਰਮ ਵਿਚਲਨ ਅਤੇ ਸੂਰਜੀ ਅਤੇ ਵਾਯੂ ਬਿਜਲੀ ਦੇ ਉਤਪਾਦਨ ਸਾਧਨ) ਵਿਨਿਯਮਨ, 2019

viii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੰਜਾਬ ਰਾਜ ਗ੍ਰਿਡ ਕੋਡ) (ਪਹਿਲੀ ਸੋਧਨਾ) ਵਿਨਿਯਮਨ, 2019

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ

[ਸੰਸਦੀ ਮਾਮਲੇ ਮੰਤਰੀ]

ਲੋੜੀਂਦਾ ਹੈ।

3. ਰੀਅਲ ਅਸਟੇਟ ਰੈਗੂਲੇਟਰੀ ਅਥਰਿਟੀ ਦੇ ਚੇਅਰਪਰਸਨ ਅਤੇ ਮੈਂਬਰਾਂ ਦੀਆਂ ਸ਼ਰਤਾਂ ਸਬੰਧੀ 14 ਨਵੰਬਰ, 2018 ਦੀ ਅਧਿਸੂਚਨਾ ਨੰ. 17/05/2016-5ਐਚ.ਜੀ2/1352232/1 ਮੇਜ਼ ਤੇ ਰੱਖਦਾ ਹਾਂ ਜਿਵੇ ਕਿ ਰੀਅਲ ਅਸਟੇਟ (ਵਿਨਿਯਮਨ ਅਤੇ ਵਿਕਾਸ) ਐਕਟ, 2016 ਦੀ ਧਾਰਾ 86 (2) ਅਧੀਨ ਲੋੜੀਂਦਾ ਹੈ।

-----

## MOTION OF THANKS AND DISCUSSION ON GOVERNOR'S ADDRESS

**ਮਾਨਯੋਗ ਸਪੀਕਰ:** ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਅਤੇ ਬਹਿਸ। ਡਾਕਟਰ ਰਾਜ ਕੁਮਾਰ ਵੇਰਕਾ ਜੀ ਪ੍ਰਸਤਾਵ ਪੇਸ਼ ਕਰਨਗੇ।

**ਡਾਕਟਰ ਰਾਜ ਕੁਮਾਰ ਵੇਰਕਾ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ:-

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 12 ਫਰਵਰੀ, 2019 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸ਼੍ਰੀਮਾਨ ਜੀ, ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ:-

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 12 ਫਰਵਰੀ, 2019 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

**ਮਾਨਯੋਗ ਸਪੀਕਰ :** ਮੈਂ ਤੁਹਾਨੂੰ ਅੱਜ ਦਾ ਤੁਹਾਡਾ ਟਾਈਮ ਦੱਸ ਦਿੰਦਾ ਹਾਂ, INC 2 ਘੰਟੇ, ਆਮ ਆਦਮੀ ਪਾਰਟੀ 30 ਮਿੰਟ, SAD 22 ਮਿੰਟ, BJP 5 ਮਿੰਟ, ਲੋਕ ਇਨਸਾਫ ਪਾਰਟੀ ਦੇ 3 ਮਿੰਟ ਹਨ। ਹਾਂ ਜੀ, ਡਾਕਟਰ ਰਾਜ ਕੁਮਾਰ ਵੇਰਕਾ ਸ਼ੁਰੂ ਕਰੋ ਜੀ।

**ਡਾਕਟਰ ਰਾਜ ਕੁਮਾਰ ਵੇਰਕਾ (ਅੰਮ੍ਰਿਤਸਰ ਪੱਛਮੀ, ਐਸ.ਸੀ.) :** ਧੰਨਵਾਦ, ਸਪੀਕਰ ਸਾਹਿਬ, ਮੈਂ ਰਾਜਪਾਲ ਜੀ ਵਲੋਂ ਕੀਤੇ ਗਏ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਲਈ ਬੋਲਣ ਲਈ ਖੜ੍ਹਾ ਹੋਇਆ ਹਾਂ। ਮੈਂ ਇਸ ਗੱਲ ਲਈ ਵੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਕੀਤੇ ਹੋਏ ਕੰਮਾਂ ਦੀ ਸ਼ਲਾਘਾ ਕੀਤੀ ਹੈ, ਜਿਹੜੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਤਰੱਕੀਸ਼ੀਲ ਕਦਮ ਪੰਜਾਬ ਨੂੰ ਦਿੱਤੇ ਹਨ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਰਾਜਪਾਲ ਜੀ ਨੇ ਹਰ ਖੇਤਰ ਵਿੱਚ ਤਰੱਕੀ ਲਈ ਪੰਜਾਬ ਸਰਕਾਰ ਦਾ ਜ਼ਿਕਰ ਕੀਤਾ ਹੈ। ਇੱਥੇ ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਕੱਲ੍ਹ ਤੁਸੀਂ ਦੇਖਿਆ ਹੈ ਕਿ ਇਕ ਪਾਸੇ ਰਾਜਪਾਲ ਦਾ ਭਾਸ਼ਣ ਹੋ ਰਿਹਾ ਸੀ ਅਤੇ ਦੂਜੇ ਪਾਸੇ ਸਾਡੇ ਸਾਮ੍ਹਣੇ ਵਾਲੇ ਸਾਥੀ ਰਾਜਪਾਲ ਦੇ ਭਾਸ਼ਣ ਦਾ ਬਾਈਕਾਟ ਕਰਕੇ ਬਾਹਰ ਚਲੇ ਗਏ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਵਿਘਨ) ਜਿੱਥੇ ਬਾਹਰ ਜਾ ਕੇ ਕਿਸਾਨਾਂ ਨਾਲ ਖੜ੍ਹੇ ਹੋ ਕੇ ਮਗਰਮੱਛ ਦੇ ਆਂਸੂ ਵਹਾ ਕੇ ਅਤੇ ਕਿਸਾਨਾਂ ਦੀ ਗੱਲ ਕਰਨ ਦਾ ਇਹ ਦਾਅਵਾ ਕਰਨ ਲੱਗੇ। ਉਥੇ ਸਾਬਕਾ ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ....

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਇਹ ਗੱਲ ਕਰਨ ਨੂੰ ਮਗਰਮੱਛ ਦੇ ਆਂਸੂ ਕਹਿ ਰਹੇ ਹਨ....

**ਡਾਕਟਰ ਰਾਜ ਕੁਮਾਰ ਵੇਰਕਾ :** ਪਹਿਲਾਂ ਸੁਣ ਤਾਂ ਲਓ, ਫੇਰ ਜਵਾਬ ਦੇ ਦੇਣਾ। ਇਹ ਜਵਾਬ ਦੇਣ ਵਾਲੇ ਤੁਹਾਡੇ ਬੰਦੇ ਬੈਠੇ ਹਨ।

**ਮਾਨਯੋਗ ਸਪੀਕਰ :** ਤੁਸੀਂ ਜਦੋਂ ਬੋਲਣਾ ਹੈ, ਉਦੋਂ ਗੱਲ ਕਰ ਲੈਣਾ ....(ਵਿਘਨ, ਸ਼ੋਰ)

**ਡਾਕਟਰ ਰਾਜ ਕੁਮਾਰ ਵੇਰਕਾ :** ਸਾਬਕਾ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇਸ ਗੱਲ ਦਾ ਅਪਵਾਦ ਕੀਤਾ ਕਿ ਉਹ ਕਿਸਾਨਾਂ ਦੇ ਮਾਫ ਕੀਤੇ ਕਰਜ਼ੇ ਦੀ ਲਿਸਟ ਚਾਹੁੰਦੇ ਹਨ। ਸਪੀਕਰ ਸਾਹਿਬ, ਇਹ ਜੱਗ ਜ਼ਾਹਿਰ ਹੈ ਅਤੇ ਆਨ-ਲਾਈਨ ਹੈ ਕਿ 4500 ਕਰੋੜ ਰੁਪਏ ਤੋਂ ਉੱਪਰ ਕਿਸਾਨਾਂ ਦਾ

ਕਰਜ਼ਾ ਮਾਫ ਕਰ ਦਿੱਤਾ ਗਿਆ ਹੈ। ਇੱਥੇ ਹੀ ਬਸ ਨਹੀਂ, ਜਿਹੜੇ ਪ੍ਰਾਈਵੇਟ ਬੈਂਕਾਂ ਦੇ ਕਰਜ਼ੇ ਮਾਫੀ ਦੀ ਵੀ ਸ਼ੁਰੂਆਤ ਕੀਤੀ ਗਈ ਹੈ, ਇਹ ਇਕ ਸ਼ਲਾਘਾਯੋਗ ਕਦਮ ਹੈ । ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਦਵਾਈ ਅਤੇ ਪੜ੍ਹਾਈ ਜਿਹੜੀ ਕਿ ਆਮ ਆਦਮੀ ਦੀ ਕਪੈਸਿਟੀ ਤੋਂ ਦੂਰ ਹੁੰਦੀ ਜਾ ਰਹੀ ਸੀ, ਇਸ ਗੱਲ ਵਾਸਤੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਤਰੱਕੀਸ਼ੀਲ ਕਦਮ ਵਧਾਏ ਹਨ। ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਤੰਦਰੁਸਤ ਪੰਜਾਬ ਵਾਸਤੇ ਤਰੱਕੀਸ਼ੀਲ ਕਦਮ ਅੱਗੇ ਵਧਾਏ ਹਨ। ਜਿਸ ਵਿੱਚ ਬਹੁਤ ਸਾਰੇ ਮੈਡੀਕਲ ਕਾਲਜ ਅਤੇ ਉਨ੍ਹਾਂ ਦੀ ਅਪਗ੍ਰੇਡੇਸ਼ਨ, ਮੈਡੀਕਲ ਕਲੀਨਿਕ ....

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ....

**ਡਾਕਟਰ ਰਾਜ ਕੁਮਾਰ ਵੇਰਕਾ :** ਇਨ੍ਹਾਂ ਤੋਂ ਇਲਾਵਾ ਐਜੂਕੇਸ਼ਨ ਦੇ ਖੇਤਰ ਵਿੱਚ ਸਮਾਰਟ ਸਕੂਲ, ਮਾਡਲ ਸਕੂਲ ਅਤੇ ਇਨ੍ਹਾਂ ਵਾਸਤੇ ਸਕੂਲਾਂ ਵਿੱਚ ਯੋਗਦਾਨ ਕਰਕੇ ਤਰੱਕੀ ਕੀਤੀ ਗਈ ਹੈ।(ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ....

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ....

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਕੀ ਸੀ?

**ਮਾਨਯੋਗ ਸਪੀਕਰ :** ਡਾਕਟਰ ਸਾਹਿਬ, ਇਕ ਮਿੰਟ। ਮੈਂ ਸਾਰੇ ਹੀ ਸਤਿਕਾਰਤ ਮੈਂਬਰਾਂ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਸਾਰਿਆਂ ਨੇ ਹੀ ਬੋਲਣਾ ਹੈ, running commentary, interruptions ਨਾ ਕਰੋ। ਤੁਸੀਂ ਬੋਲਣਾ ਹੈ, ਉਸ ਵੇਲੇ ਜਵਾਬ ਦਿਓ। ਤੁਸੀਂ ਵੀ ਬੋਲਣਾ ਹੈ, ਇਹ running commentary ਨਾ ਕਰੋ ਕਿਉਂਕਿ ਇਸ ਨਾਲ ਹਾਊਸ ਦਾ ਟਾਈਮ ਵੇਸਟ ਹੁੰਦਾ ਹੈ। ਤੁਸੀਂ ਹਾਊਸ ਦਾ ਟਾਈਮ ਵੇਸਟ ਨਾ ਕਰੋ, ਸ਼ਰਮਾ ਜੀ, ਤੁਸੀਂ ਵੀ ਬੋਲਣਾ ਹੈ, ਤੁਹਾਡੀ ਵੀ ਵਾਰੀ ਆਉਣੀ ਹੈ। ਪਲੀਜ਼, ਤੁਸੀਂ ਬੈਠੋ, ਬੈਠੋ, ਬੈਠੋ, ਬੈਠੋ...ਸ਼ਰਮਾ ਜੀ, ਬਹਿ ਜਾਓ। ਸ਼ਰਮਾ ਜੀ, ਬਹਿ ਜਾਓ।

**ਡਾਕਟਰ ਰਾਜ ਕੁਮਾਰ ਵੇਰਕਾ :** ਪੰਜਾਬ ਦੇ ਦੋ ਭਖਦੇ ਮਸਲੇ ਜਿਨ੍ਹਾਂ ਨੇ ਪੰਜਾਬ ਦੇ ਹਿਰਦੇ ਨੂੰ ਜ਼ਖਮੀ ਕੀਤਾ, ਉਹ ਸਭ ਤੋਂ ਵੱਡਾ ਮਸਲਾ ਸੀ ਜਿਹੜਾ ਇਥੇ ਛੇਵਾਂ

ਦਰਿਆ ਨਸ਼ਿਆਂ ਦਾ ਵਹਿ ਰਿਹਾ ਸੀ। ਪੁਲੀਟੀਕਲ ਪਾਰਟੀਆਂ ਦੇ ਲੋਕ ਇਸ ਵਿੱਚ ਸ਼ਾਮਿਲ ਸਨ। ਉਨ੍ਹਾਂ ਨੂੰ ਨੱਥ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪਾਈ ਹੈ, ਗੈਂਗਸਟਰਾਂ ਨੂੰ ਨੱਥ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪਾਈ ਹੈ, ਬਹੁਤ ਸਾਰੇ ਅੱਤਵਾਦੀਆਂ ਨੂੰ ਵੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪਕੜਿਆ ਹੈ। ਸਭ ਤੋਂ ਵੱਡੀ ਤ੍ਰਾਸਦੀ ਇਸ ਗੱਲ ਦੀ ਸੀ ਕਿ ਬਹਿਬਲ ਕਲਾਂ ਅਤੇ ਬਰਗਾੜੀ ਕਾਂਡ ਵਾਸਤੇ ਇਹ ਦਰਬਾਰ ਸਾਹਿਬ ਵਿੱਚ ਗਏ ਅਤੇ ਉਥੇ ਜਾ ਕੇ ਮਾਫੀ ਮੰਗਣ ਲੱਗ ਪਏ ਅਤੇ ਕਹਿਣ ਲੱਗੇ ਕਿ ਅਸੀਂ ਮਾਫੀ ਮੰਗਦੇ ਹਾਂ। ਇਹ ਦਰਬਾਰ ਸਾਹਿਬ ਵਿੱਚ ਗਏ, ਉਥੇ ਜਾ ਕੇ ਮੁਆਫੀ ਮੰਗਣ ਲੱਗ ਗਏ, ਕਹਿਣ ਲੱਗੇ ਕਿ ਅਸੀਂ ਮੁਆਫੀ ਮੰਗ ਰਹੇ ਹਾਂ। ਲੋਕਾਂ ਨੇ ਸਵਾਲ ਪੁੱਛਿਆ ਕਿ ਮੁਆਫੀ ਕਿਸ ਗੱਲ ਦੀ ਮੰਗ ਰਹੇ ਹੋ? ਕਿਸ ਚੀਜ਼ ਦੀ ਮੁਆਫੀ ਮੰਗਣ ਜਾ ਰਹੇ ਹੋ? ਲੇਕਿਨ ਉਸ ਗੱਲ ਦਾ ਜਵਾਬ ਇਨ੍ਹਾਂ ਨੇ ਉਸ ਜਗ੍ਹਾ ਤੇ ਨਹੀਂ ਦਿੱਤਾ। ਸਪੀਕਰ ਸਾਹਿਬ, ਮੈਨੂੰ ਹੈਰਾਨਗੀ ਇਸ ਗੱਲ ਦੀ ਵੀ ਹੈ ਕਿ ਜਿਹੜੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਬਾਬਾ ਰਾਮ ਰਹੀਮ ਨੂੰ ਮੁਆਫੀ ਦੇਣ ਵਾਸਤੇ, ਚੰਡੀਗੜ੍ਹ ਵਿਖੇ ਤਲਬ ਕਰਕੇ ਉਸ ਨੂੰ ਮੁਆਫੀ ਦਿਵਾਈ ਜਾਂਦੀ ਹੈ। ਗੁਰੂ ਦੀ ਗੋਲਕ ਦੇ ਵਿੱਚੋਂ ਇੱਕ ਕਰੋੜ ਰੁਪਿਆ ਜਿਹੜਾ ਕਿ ਜਾਂਚ ਵਿੱਚ ਵੀ ਆ ਗਿਆ ਹੈ ਕਿ ਗੁਰੂ ਦੀ ਗੋਲਕ ਵਿੱਚੋਂ ਇੱਕ ਕਰੋੜ ਰੁਪਿਆ ਕੱਢ ਕੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਦਿੱਤੇ ਗਏ ਕਿ ਬਾਬਾ ਰਾਮ ਰਹੀਮ ਨੂੰ ਮੁਆਫੀ ਜਿਹੜੀ ਦਿੱਤੀ ਗਈ ਹੈ, ਉਹ ਬਿਲਕੁਲ ਜਾਇਜ਼ ਹੈ। ਸਪੀਕਰ ਸਾਹਿਬ, ਉਸ ਤੋਂ ਬਾਅਦ ਜਾ ਕੇ...

(**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ) :** ਬਾਬਾ ਰਾਮ ਰਹੀਮ ਨਹੀਂ, ਬਲਾਤਕਾਰੀ ਰਾਮ ਰਹੀਮ ਕਹੋ।)

**ਡਾਕਟਰ ਰਾਜ ਕੁਮਾਰ ਵੇਰਕਾ :** ਉਸ ਤੋਂ ਬਾਅਦ ਉਥੇ ਜਾ ਕੇ ਜੋੜੇ ਝਾੜ ਰਹੇ ਸੀ, ਉਥੇ ਜਾ ਕੇ ਬੈਠੇ ਹਨ। ਲੇਕਿਨ ਮੈਨੂੰ ਇਸ ਗੱਲ ਦਾ ਉਸ ਵਕਤ ਦੁੱਖ ਹੋਇਆ, ਜਿਸ ਵਕਤ ਮੇਰੇ ਪਿਤਾ ਸਮਾਨ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਜਿਸ ਤਰੀਕੇ ਦੇ ਨਾਲ ਉਥੇ ਲਿਜਾ ਕੇ ਜ਼ਲੀਲ ਕੀਤਾ ਗਿਆ।(ਵਿਘਨ)(ਸ਼ੋਰ) ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ:-

cn fdLer] chekj ;g firk] dne dne ij fxjrk gS

fQj Hkh uyk;d dPpksa dh [kkfrj gkFk QSykbZ fQjrk gSA

ਕਿਸ ਤਰੀਕੇ ਦੇ ਨਾਲ ਉਹ ਵਿਚਾਰਾ ਹੱਥ ਫੈਲਾ ਰਿਹਾ ਸੀ। ਕਿਸ ਤਰੀਕੇ ਨਾਲ ਉਹ ਉਥੇ ਜਾ ਕੇ ਜੋੜੇ ਝਾੜ ਰਿਹਾ ਸੀ?

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। (ਵਿਘਨ) ਬੈਂਸ ਸਾਹਿਬ, ਤੁਸੀਂ ਆਪਣੀ ਵਾਰੀ ਤੇ ਬੋਲ ਲੈਣਾ। ** ** (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਵਡਾਲਾ ਜੀ, ਮੇਰੀ ਰਿਕੁਐਸਟ ਸੁਣੋ। ਤੁਸੀਂ ਗਵਰਨਰ ਐਡਰੈਸ ਤੇ ਬੋਲਣਾ ਹੈ, ਇਸ ਗੱਲ ਦਾ ਜਵਾਬ ਉਦੋਂ ਦੇ ਦੇਣਾ। ਬੈਠੋ, ਪਲੀਜ਼। (ਵਿਘਨ) ਨੋ ਪੁਆਇੰਟ ਆਫ ਆਰਡਰ। ਹਾਂ ਜੀ, ਡਾਕਟਰ ਸਾਹਿਬ, ਬੋਲੋ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਤੋਂ ਸਵਾਲ ਪੁੱਛਿਆ ਜਾਂਦਾ ਕਿ ਭਾਈ, ਤੁਸੀਂ ਜੇ ਕੋਈ ਗੁਨਾਹ ਨਹੀਂ ਕੀਤਾ ਤਾਂ ਮੁਆਫੀ ਕਿਸ ਗੱਲ ਦੀ ਮੰਗ ਕੇ ਆਏ ਹੋ? ਫਿਰ ਇਸ ਗੱਲ ਦਾ ਉਹ ਜਵਾਬ ਨਹੀਂ ਦੇਣਗੇ। ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ। ਇਹ ਬੜਾ ਸਪੱਸ਼ਟ ਹੈ, ਇਨ੍ਹਾਂ ਨੇ ਇਹ ਕਿਹਾ ਕਿ ਅਸੀਂ ਉਥੇ ਜਾ ਕੇ ਮੁਆਫੀ ਮੰਗ ਰਹੇ ਹਾਂ। ਲੇਕਿਨ ਲੋਕ ਚੰਗੇ ਮਾੜੇ ਇਨਸਾਨ ਨੂੰ ਤਸਦੀਕ ਕਰਦੇ ਹਨ ਔਰ ਵੋਟਾਂ ਪਾ ਕੇ ਸਿਆਸੀ ਬੰਦੇ ਦੇ ਭਵਿੱਖ ਨੂੰ ਤੈਅ ਕਰਦੇ ਹਨ ਔਰ ਉਸ ਦੁਆਰਾ ਕੀਤੇ ਕੰਮਾਂ ਦਾ ਜ਼ਿਕਰ ਕਰਦੇ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ-

ਕੋਈ ਇਥੇ ਨਾ ਦੇਵੇ ਤਸਦੀਕ ਤੇਰੀ ਤੇ ਉਥੇ ਜੋੜੇ ਝਾੜ ਕੇ ਦੱਸ
ਭਾਈ ਬਣਾਏਗਾ ਕੀ?

ਗੁਰੂ ਗ੍ਰੰਥ ਸਾਹਿਬ ਦਾ ਕਾਤਲ ਕਹਾਉਣ ਦੇ ਬਦਲੇ, ਹੋਰ ਦੱਸ ਉਥੋਂ
ਲਿਆਏਂਗਾ ਕੀ?

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਬਿਨਾਂ ਆਗਿਆ ਤੋਂ ਆਪਣੀ ਸੀਟ ਤੇ ਬੈਠੇ ਬੈਠੇ ਬੋਲ ਰਹੇ ਸਨ ਅਤੇ ਸਦਨ ਵਿੱਚ ਸ਼ੋਰ ਸੀ।)

**ਡਾਕਟਰ ਰਾਜ ਕੁਮਾਰ ਵੇਰਕਾ :** ਅੱਜ ਇਹ ਇਸ ਗੱਲ ਦਾ ਜ਼ਿਕਰ ਕਰਨਾ ਚਾਹੁੰਦੇ ਹਨ। ਮੈਂ ਕਹਿੰਦਾ ਹਾਂ ਕਿ ਅੱਜ ਇਸ ਗੱਲ ਦੀ ਜ਼ਰੂਰਤ ਹੈ ਕਿ ਅੱਜ ਪੰਜਾਬ ਦੀ ਅਮਨ-ਸ਼ਾਂਤੀ ਅਤੇ ਤਰੱਕੀ ਵਾਸਤੇ ਕੈਪਟਨ ਅਮਰਿੰਦਰ

** Expunged as ordered by the Chair.

ਸਿੰਘ ਜੀ ਦੀ ਸਰਕਾਰ ਵਚਨਬੱਧ ਹੈ। ਕੈਪਟਨ ਅਮਰਿੰਦਰ ਸਿੰਘ ਜੀ ਨੇ ਜਿਸ ਤਰ੍ਹਾਂ ਜ਼ਾਲਮਾਂ ਨੂੰ ਜ਼ੁਲਮ ਕਰਨ ਤੋਂ ਰੋਕਿਆ ਹੈ, ਗੈਂਗਸਟਰਾਂ ਨੂੰ ਨੱਥ ਪਾਈ ਹੈ, ਡਰੱਗਜ਼ ਵੇਚਣ ਵਾਲਿਆਂ ਨੂੰ ਨੱਥ ਪਾਈ ਹੈ, ਉਥੇ ਗਰੀਬਾਂ ਵਾਸਤੇ ਨਵੀਆਂ ਸਕੀਮਾਂ ਅਤੇ ਨਵੀਆਂ ਯੋਜਨਾਵਾਂ ਜਿਵੇਂ ਕਿ ਤੰਦਰੁਸਤ ਪੰਜਾਬ ਯੋਜਨਾ ਰਾਹੀਂ ਪੜ੍ਹਾਈ ਔਰ ਦਵਾਈ ਦੇ ਵਾਸਤੇ ਖਾਸ ਧਿਆਨ ਦਿੱਤਾ ਹੈ..... (ਵਿਘਨ)(ਸ਼ੋਰ) ਅੱਜ ਪੰਜਾਬ ਦੇ ਲੋਕ ਇਹ ਗੱਲ ਕਹਿ ਰਹੇ ਹਨ:-

"ਇਹ ਰਾਜਾ ਨਹੀਂ ਫਕੀਰ ਹੈ, ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਤਕਦੀਰ ਹੈ।" (ਵਿਘਨ)(ਸ਼ੋਰ)

**ਡਾਕਟਰ ਰਾਜ ਕੁਮਾਰ ਵੇਰਕਾ :** ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਇਸ ਵਾਸਤੇ ਮਹੱਤਵਪੂਰਨ ਕਦਮ ਉਠਾਏ ਹਨ। ਗੁਰੂ ਦੀ ਸੇਵਾ ਕਿਸੇ ਪਾਪੀ ਨੂੰ ਨਹੀਂ ਮਿਲਦੀ। ਗੁਰੂ ਦੀ ਸੇਵਾ ਗੁਰੂ ਦੇ ਸੇਵਕ ਨੂੰ ਮਿਲਦੀ ਹੈ। ਗੁਰੂ ਦੀ ਸੇਵਾ ਸੰਗਤ ਤੇ ਸਿੱਖ ਨੂੰ ਮਿਲਦੀ ਹੈ। ਸਪੀਕਰ ਸਾਹਿਬ, ਮੈਂ ਬਾਬੇ ਨਾਨਕ ਦੇ ਕਾਰੀਡੋਰ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ। ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵਾਹਿਗੁਰੂ ਦਾ ਆਸ਼ੀਰਵਾਦ ਹੈ। ਉਨ੍ਹਾਂ ਨੂੰ ਗੁਰੂ ਮਹਾਰਾਜ ਵੱਲੋਂ ਸੇਵਾ ਸੰਭਾਲ ਦੀ ਬਖਸ਼ਿਸ਼ ਦਿੱਤੀ ਗਈ ਹੈ। ਉਨ੍ਹਾਂ ਵੱਲੋਂ ਹੀ ਅੱਜ ਬਾਬੇ ਨਾਨਕ ਦੇ ਕਾਰੀਡੋਰ ਦੀ ਇਹ ਸੇਵਾ ਕਰਵਾਈ ਜਾ ਰਹੀ ਹੈ। ਮੈਨੂੰ ਹੈਰਾਨਗੀ ਹੈ ਕਿ ਜਦੋਂ ਸਰਦਾਰ ਨਵਜੋਤ ਸਿੰਘ ਸਿੱਧੂ ਬਾਬੇ ਨਾਨਕ ਦੀ ਧਰਤੀ ਤੇ ਪਹੁੰਚੇ ਤਾਂ ਇਸ ਕਾਰੀਡੋਰ ਦੀ ਚਰਚਾ ਹੋਈ। ਉਦੋਂ ਅਕਾਲੀ ਅਤੇ ਬੀ.ਜੇ.ਪੀ. ਵਾਲਿਆਂ ਨੇ ਇਨ੍ਹਾਂ ਨੂੰ ਕੌਮ ਦਾ ਗੱਦਾਰ ਕਿਹਾ, ਦੇਸ਼ ਦਾ ਗੱਦਾਰ ਕਿਹਾ।

(**ਅਵਾਜ਼ਾਂ:** ਕੈਪਟਨ ਸਾਹਿਬ ਨੇ ਕੀ ਕਿਹਾ ਸੀ?)

**ਡਾਕਟਰ ਰਾਜ ਕੁਮਾਰ ਵੇਰਕਾ :** ਲੇਕਿਨ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜਦੋਂ ਇਹ ਚਰਚਾ ਹੋਈ ਤਾਂ ਉਸ ਵਕਤ ਮੈਂ ਦੇਖਿਆ ਕਿ ਨਾਨਕ ਨਾਮ ਲੇਵਾ ਲੋਕਾਂ ਦੇ ਚਿਹਰਿਆਂ ਤੇ ਕਿੰਨੀ ਰੌਣਕ ਸੀ। ਉਨ੍ਹਾਂ ਲੋਕਾਂ ਦੇ ਅੰਦਰ ਕਿੰਨਾ ਜਜ਼ਬਾ ਪੈਦਾ ਹੋਇਆ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਤੇ ਲੋਕਾਂ ਨੂੰ ਭਰੋਸਾ ਸੀ। ਸਰਦਾਰ ਨਵਜੋਤ ਸਿੰਘ ਸਿੱਧੂ ਉਥੇ ਜਾ ਕੇ ਹਾਂ ਪੱਖੀ ਜਿੱਤ ਹਾਸਲ ਕਰਕੇ ਆਇਆ ਹੈ। ਲੋਕ ਕਹਿੰਦੇ ਸੀ ਕਿ-

[ਡਾਕਟਰ ਰਾਜ ਕੁਮਾਰ ਵੇਰਕਾ]

ਬਾਬਾ ਨਾਨਕ ਨਾਮ ਲੇਵਾ ਲੋਕੋਂ ਕੇ ਚਿਹਰੇ ਪੇ ਰੌਣਕ ਆਈ,

ਲਾਖੋਂ ਕਰੋੜੋਂ ਹਾਥੋਂ ਨੇ ਦੁਆ ਕੀ ਕਿ ਲਗੇ ਰਹੋ ਸਿੱਧੂ ਭਾਈ

ਲੋਕਾਂ ਨੇ ਵੀ ਇਨ੍ਹਾਂ ਤੇ ਭਰੋਸਾ ਕੀਤਾ ਹੈ। ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਜਿੱਥੇ ਗਰੀਬਾਂ ਦਾ ਮਾਮਲਾ ਹੈ, ਪੈਨਸ਼ਨ ਸਕੀਮ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਨੇ 10 ਸਾਲਾਂ ਦੇ ਰਾਜ ਵਿਚ ਪੈਨਸ਼ਨ ਨਹੀਂ ਵਧਾਈ ਪਰ ਆਪਣੇ ਅਖੀਰਲੇ ਸਾਲ ਵਿਚ ਜਾਣ ਲੱਗਿਆਂ 250/- ਰੁਪਿਆ ਵਧਾਉਣ ਦਾ ਐਲਾਨ ਕੀਤਾ ਪਰ ਲਾਗੂ ਨਹੀਂ ਕੀਤੀ। ਅੱਜ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਇਹ ਪੈਨਸ਼ਨ 750/- ਰੁਪਏ ਕੀਤੀ ਹੈ, ਜਿਹੜੀ ਹਰ 15 ਤਾਰੀਖ ਨੂੰ ਲੋਕਾਂ ਨੂੰ ਮਿਲ ਰਹੀ ਹੈ।(ਵਿਘਨ) (ਸ਼ੋਰ) ਤੁਸੀਂ ਉਸ ਗੱਲ ਦਾ ਜਵਾਬ ਮੰਗ ਲੈਣਾ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਇਕ ਮਿੰਟ ਵੇਰਕਾ ਸਾਹਿਬ। ਹਾਂ ਜੀ, ਚੀਮਾ ਜੀ, ਦੱਸੋ ਕੀ ਪੁਆਇੰਟ ਆਫ ਆਰਡਰ ਹੈ?

**ਸਰਦਾਰ ਹਰਪਾਲ ਸਿੰਘ ਚੀਮਾ :** ** ** **

**ਮਾਨਯੋਗ ਸਪੀਕਰ:** ਚੀਮਾ ਜੀ, ਇਹ ਕੋਈ ਪੁਆਇੰਟ ਆਫ ਆਰਡਰ ਹੈ? ਨੋ ਪੁਆਇੰਟ ਆਫ ਆਰਡਰ। ਵੇਰਕਾ ਜੀ, ਤੁਸੀਂ ਬੋਲੋ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਇਨ੍ਹਾਂ ਦੇ ਬੁਰੇ ਦਿਨ ਇਨ੍ਹਾਂ ਨੂੰ ਯਾਦ ਆ ਰਹੇ ਹਨ। ਇਹ ਹਰ ਪੱਖੋਂ ਖਜ਼ਾਨਾ ਖਾਲੀ ਕਰਕੇ ਗਏ ਸਨ ਵਿਰਾਸਤ ਦੇ ਅੰਦਰ ਸਾਨੂੰ ਖਾਲੀ ਖਜ਼ਾਨਾ ਦੇ ਕੇ ਗਏ ਸੀ ਪਰ ਇਹ ਸਮਝ ਨਹੀਂ ਪਾ ਰਹੇ ਕਿ ਕਿਹੜਾ ਕ੍ਰਿਸ਼ਮਾ ਹੋਇਆ ਕਿ ਅੱਜ ਹਰ ਪੱਖੋਂ ਵਿਕਾਸ ਦੇ ਕੰਮਾਂ ਵਿਚ ਤੇਜ਼ੀ ਹੋ ਗਈ। ਅੱਜ ਵਿਕਾਸ ਦੇ ਕੰਮਾਂ ਵਿਚ ਤੇਜ਼ੀ ਆਈ ਹੈ, ਅੱਜ ਇੰਡਸਟਰੀ ਤਰੱਕੀ ਕਰ ਰਹੀ ਹੈ, ਅੱਜ ਗਰੀਬ ਤਰੱਕੀ ਕਰ ਰਿਹਾ ਹੈ। ਇਹ ਕਹਿੰਦੇ ਹਨ ਕਿ ਅਸੀਂ ਬਹੁਤ ਸਾਰਾ ਕੰਮ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਕੋਲੋਂ ਇਹ ਕਿਸਾਨਾਂ ਦੇ ਕਰਜ਼ ਮੁਆਫੀ ਦਾ ਹਿਸਾਬ ਮੰਗਦੇ ਹਨ ਲੇਕਿਨ ਮੈਂ ਇਹ ਗੱਲ ਕਹਾਂ ਕਿ ਤੁਸੀਂ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਇੱਕ ਗੱਲ ਕਹੀ ਸੀ ਕਿ ਮੈਂ ਮੋਦੀ ਸਾਹਿਬ ਕੋਲ ਜਾ ਰਿਹਾ ਹਾਂ, ਜਿਸ ਦਿਨ ਮੋਦੀ ਸਾਹਿਬ ਪ੍ਰਧਾਨ ਮੰਤਰੀ ਬਣ ਗਏ, ਟਰੱਕ ਭਰ ਕੇ ਨੋਟਾਂ ਦਾ ਲੈ ਕੇ ਆਵਾਂਗਾ। ਭਾਈ, ਕਿਸੇ ਇੱਕ ਕਿਸਾਨ ਦਾ

**Expunged as ordered by the Chair.

ਤੁਸੀਂ ਕੋਈ ਕਰਜ਼ਾ ਮੁਆਫ ਕੀਤਾ ਹੈ ? ਕਿਸੇ ਕਿਸਾਨ ਦੀ ਤੁਸੀਂ ਸੁੱਧ ਲਈ? ਕਿਸੇ ਦੀ ਤੁਸੀਂ ਮਦਦ ਕੀਤੀ? ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿੱਥੇ ਕਿਸਾਨਾਂ ਦੀ ਮਦਦ ਕੈਪਟਨ ਅਮਰਿੰਦਰ ਸਿੰਘ ਕਰ ਰਿਹਾ ਹੈ ਜਿੱਥੇ ਬਿਮਾਰਾਂ ਦੀ ਮਦਦ ਅਤੇ ਜਿੱਥੇ ਐਜੂਕੇਸ਼ਨ ਦੇ ਵਿੱਚ ਮਦਦ ਕੈਪਟਨ ਅਮਰਿੰਦਰ ਸਿੰਘ ਕਰ ਰਿਹਾ ਹੈ...

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਆਪਣੀ ਸੀਟ ਤੇ ਬੈਠੇ ਬੈਠੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਵੇਰਕਾ ਜੀ, ਇੱਕ ਮਿੰਟ। ਸੰਧਵਾਂ ਸਾਹਿਬ, ਤੁਸੀਂ ਹਾਊਸ ਦਾ ਮਜ਼ਾਕ ਨਾ ਬਣਾਓ। ਤੁਸੀਂ ਹਾਊਸ ਦਾ ਮਜ਼ਾਕ ਬਣਾ ਰਹੇ ਹੋ।ਇਸ ਤਰ੍ਹਾਂ ਗੱਲ ਕਰਨ ਦੀ ਕੋਈ ਇਜਾਜ਼ਤ ਨਹੀਂ ਹੈ। ਤੁਹਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਵੀ ਬੋਲਣਾ ਹੈ। ਜੇ ਇਨ੍ਹਾਂ ਨੂੰ ਨਾ ਬੋਲਣ ਦਿੱਤਾ ਤਾਂ ਤੁਹਾਨੂੰ ਤਕਲੀਫ ਹੋਵੇਗੀ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਮੈਨੂੰ ਖੁਸ਼ੀ ਇਸ ਗੱਲ ਦੀ ਹੈ ਕਿ ਗਵਰਨਰ ਸਾਹਿਬ ਦੇ ਭਾਸ਼ਣ ਦੇ ਪ੍ਰਸਤਾਵ ਨੂੰ ਇੰਨ-ਬਿੰਨ ਪਾਸ ਕਰਨ ਵਾਸਤੇ ਉਸ ਦੇ ਹੱਕ ਵਿੱਚ ਮੈਂ ਸਦਨ ਨੂੰ ਕਹਾਂਗਾ ਕਿ ਇਹ ਅਜ਼ੀਮ ਸਦਨ ਹੈ, ਇਹ ਸੱਚਮੁੱਚ ਸੱਚੀ ਗੱਲ ਕਹਿਣ ਦਾ ਸਦਨ ਹੈ। ਇਸ ਪ੍ਰਸਤਾਵ ਨੂੰ ਬਿਨਾਂ ਕਿਸੇ ਬਹਿਸ ਦੇ ਪਾਸ ਕਰਨਾ ਚਾਹੀਦਾ ਹੈ। ਜੇਕਰ ਬਹਿਸ ਦੇ ਉਪਰ ਤੁਸੀਂ ਚਰਚਾ ਚਾਹੁੰਦੇ ਹੋ, ਤੁਸੀਂ ਲਾਅ ਐਂਡ ਆਰਡਰ ਦੀ ਗੱਲ ਕੀਤੀ। ਮੁੱਖ ਮੰਤਰੀ ਜੀ ਨੇ ਇਹ ਗੱਲ ਕਹੀ ਕਿ ਅਸੀਂ ਲਾਅ ਐਂਡ ਆਰਡਰ ਉਤੇ ਬਹਿਸ ਕਰਨ ਲਈ ਤਿਆਰ ਹਾਂ। ਕਿਸੇ ਵੀ ਤਰ੍ਹਾਂ ਦੀ ਬਹਿਸ ਤੋਂ ਇਹ ਸਰਕਾਰ ਭੱਜਣ ਵਾਲੀ ਨਹੀਂ ਹੈ। ਹਰ ਤਰ੍ਹਾਂ ਦੀ ਬਹਿਸ ਲਈ ਤਿਆਰ ਹੈ ਅਤੇ ਅਸੀਂ ਹਰ ਗੱਲ ਦਾ ਜਵਾਬ ਠੋਕ ਕੇ ਦੇਣ ਲਈ ਵੀ ਤਿਆਰ ਹਾਂ । ਜੇਕਰ ਤੁਸੀਂ ਇਹ ਗੱਲ ਚਾਹੁੰਦੇ ਹੋ ਕਿ ਗਵਰਨਰ ਐਡਰੈਸ ਤੇ ਬਹਿਸ ਹੋਵੇ ਤਾਂ ਤੁਸੀਂ ਜੀ ਸਦਕੇ ਬਹਿਸ ਕਰੋ। ਮੈਂ ਇਸ ਪ੍ਰਸਤਾਵ ਦੇ ਹੱਕ ਦੇ ਵਿੱਚ ਖੜ੍ਹਾ ਹੋਇਆ ਹਾਂ ਔਰ ਉਮੀਦ ਕਰਦਾ ਹਾਂ ਕਿ ਇਸ ਪ੍ਰਸਤਾਵ ਨੂੰ ਤੁਸੀਂ ਸਰਬਸੰਮਤੀ ਨਾਲ ਪਾਸ ਕਰੋਗੇ। ਧੰਨਵਾਦ।

**ਸਰਦਾਰ ਹਰਮਿੰਦਰ ਸਿੰਘ ਗਿੱਲ (ਪੱਟੀ):** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਪ੍ਰਸਤਾਵ ਤੇ ਬੋਲਣ ਦਾ ਮੌਕਾ ਦੇ ਰਹੇ ਹੋ। ਗਵਰਨਰ ਸਾਹਿਬ ਨੇ ਸਰਕਾਰ ਦੀਆਂ ਪਾਲਿਸੀਆਂ ਦੇ ਬਾਰੇ ਬੜੀ ਡਿਟੇਲ ਦੇ ਨਾਲ ਹਰ ਪੱਖ ਤੋਂ ਸਾਰੇ ਹਾਊਸ ਨੂੰ ਜਾਣੂ ਕਰਵਾਇਆ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਾਲ 2007 ਦੇ ਵਿੱਚ ਸਾਡੀ ਕਾਂਗਰਸ ਸਰਕਾਰ

ਗਈ ਸੀ, ਉਸ ਵੇਲੇ ਸਾਡੇ ਪੰਜਾਬ ਤੇ ਕੁੱਲ 46 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ । ਜਦੋਂ 2017 ਦੇ ਵਿੱਚ ਇਨ੍ਹਾਂ ਦੀ ਸਰਕਾਰ ਗਈ ਹੈ ਤਾਂ ਇਹ 2 ਲੱਖ ਕਰੋੜ ਰੁਪਏ ਤੋਂ ਵੱਧ ਕਰਜ਼ਾ ਪੰਜਾਬ ਦੇ ਸਿਰ ਤੇ ਛੱਡ ਕੇ ਗਏ ਹਨ। ਇਸ ਦੇ ਬਾਵਜੂਦ ਸਰਕਾਰ ਨੇ ਆਉਂਦਿਆਂ ਸਾਰ ਜਿਹੜੀਆਂ ਪਾਲਿਸੀਆਂ ਅਡਾਪਟ ਕੀਤੀਆਂ ਹਨ, ਉਸ ਦੇ ਤਹਿਤ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਵੱਡਾ ਮਸਲਾ ਪੰਜਾਬ ਦੇ ਵਿੱਚ ਨਸ਼ਿਆਂ ਦਾ ਮਸਲਾ ਸੀ। ਸਰਹੱਦਾਂ ਤੇ ਜਾ-ਜਾ ਕੇ ਬੀ.ਐਸ.ਐਫ ਦੇ ਖਿਲਾਫ ਰੈਲੀਆਂ ਕੀਤੀਆਂ ਜਾ ਰਹੀਆਂ ਸਨ, ਇਹ ਕਿਹਾ ਜਾ ਰਿਹਾ ਸੀ ਕਿ ਪੰਜਾਬ ਦੇ ਵਿੱਚ ਨਸ਼ਾ ਹੀ ਕੋਈ ਨਹੀਂ ਹੈ। ਇਹ ਪੰਜਾਬ ਨੂੰ ਬਦਨਾਮ ਕਰਵਾਉਣਾ ਚਾਹੁੰਦੇ ਹਨ ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਲਗਾਤਾਰ ਐਸੀਆਂ ਪਾਲਿਸੀਆਂ ਅਡਾਪਟ ਕੀਤੀਆਂ ਜਿਸ ਦੇ ਤਹਿਤ ਨਸ਼ਿਆਂ ਨੂੰ ਬਿਮਾਰੀ ਸਮਝਿਆ ਗਿਆ ਹੈ। ਜਿਹੜੇ ਨਸ਼ਾ...

(**ਅਵਾਜ਼ਾਂ:** ਕੁਲਬੀਰ ਜ਼ੀਰੇ ਦੀ ਵੀ ਗੱਲ ਕਰ ਲਓ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬੋਲ ਰਹੇ ਸਨ।)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਮੈਨੂੰ ਮਜੀਠੀਏ ਬਾਰੇ ਵੀ ਪਤਾ ਹੈ, ਕੁਲਬੀਰ ਜ਼ੀਰੇ ਦੀ ਗੱਲ ਨਾ ਕਰੋ। ਮੈਂ ਉਹ ਵੀ ਗੱਲ ਕਰਦਾ ਹਾਂ। ਹੁਣੇ ਤੁਹਾਨੂੰ ਮੈਂ ਸਾਰਾ ਕੁਝ ਦੱਸਦਾ ਹਾਂ। ਤੁਸੀਂ ਭੁੱਲ ਗਏ ਹੋ ਮਜੀਠੀਆ ਸਾਹਿਬ ਨੂੰ ਇਨ੍ਹਾਂ ਬਾਰੇ ਕੀ ਜ਼ਿਕਰ ਹੋਇਆ ਕਰਦੇ ਸਨ। ਵਾਰ ਵਾਰ ਉਨ੍ਹਾਂ ਦੀ ਗੱਲ ਕਰਦੇ ਹੋ। ਤੁਹਾਡੇ ਬਾਰੇ ਵੀ ਪਤਾ ਹੈ, ਮੈਂ ਤੁਹਾਡੇ ਬਾਰੇ ਵੀ ਦੱਸਦਾ ਹਾਂ।

**ਮਾਨਯੋਗ ਸਪੀਕਰ:** ਤੁਸੀਂ ਚੇਅਰ ਨੂੰ ਐਡਰੈਸ ਕਰੋ। ਗਿੱਲ ਸਾਹਿਬ, ਚੇਅਰ ਨੂੰ ਐਡਰੈਸ ਕਰੋ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਨਸ਼ਾ ਛੁਡਾਉਣ ਦੀ ਗੱਲ ਕਰਦੇ ਹਨ। ਸਰਕਾਰ ਬਣੀ ਨੂੰ 2 ਸਾਲ ਹੋ ਗਏ ਹਨ, ਕਿਸੇ ਸਰਕਾਰ ਦੇ ਮੰਤਰੀ, ਐਮ.ਐਲ.ਏ, ਲੀਡਰ ਬਾਰੇ ਕੋਈ ਐਸੀ ਚਰਚਾ ਪੰਜਾਬ ਵਿੱਚ ਦਿਖਦੀ ਨਹੀਂ ਹੈ ਕਿ ਉਹ ਕਿਸੇ ਨਸ਼ਾ ਵੇਚਣ ਵਾਲੇ ਦੀ ਮਦਦ ਕਰਦਾ ਹੈ। ਪਿਛਲੇ ਸਮੇਂ ਦੇ ਵਿੱਚ ਇਨ੍ਹਾਂ ਦੇ ਮੰਤਰੀਆਂ ਬਾਰੇ ਚਰਚਾ ਸੀ ਕਿ ਨਸ਼ਾ ਵੇਚਣ ਵਾਲੇ ਦੀ ਮਦਦ ਕਰਦੇ ਹਨ, ਨਸ਼ਾ ਵੇਚਣ ਵਾਲੇ ਉਨ੍ਹਾਂ ਦੇ ਘਰਾਂ ਵਿੱਚ ਰਹਿੰਦੇ ਹਨ।

**ਮਾਨਯੋਗ ਸਪੀਕਰ:** ਇੱਕ ਮਿੰਟ, ਗਿੱਲ ਸਾਹਿਬ। ਚੰਦੂਮਾਜਰਾ ਜੀ, ਡਿਸਟਰਬ ਨਾ ਕਰੋ। I am sorry to say ਤੁਸੀਂ ਵੀ ਬੋਲਣਾ ਹੈ। ਜਦੋਂ ਤੁਸੀਂ ਬੋਲਣਾ ਹੈ ਤਾਂ ਜੋ ਮਰਜ਼ੀ ਕਹੋ ਲੇਕਿਨ don't interrupt.

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੇਰਾ ਜਿਹੜਾ ਹਲਕਾ ਹੈ ਉਹ ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵਾਲਾ ਹਲਕਾ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਉਥੇ ਸ਼ਰ੍ਹੇਆਮ ਲੋਕ ਬੈਂਕਾਂ ਦੇ ਏ.ਟੀ.ਐਮ ਕੱਢ ਕੇ ਪੁੱਟ ਕੇ ਲੈ ਜਾਂਦੇ ਸਨ ਪਰ ਹੁਣ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਤਰਨਤਾਰਨ ਜ਼ਿਲ੍ਹੇ ਵਿੱਚ 16000 ਬੰਦਾ De-addiction Centre ਤੋਂ ਦਵਾਈ ਲੈ ਰਿਹਾ ਹੈ। ਇਸ ਸਰਕਾਰ ਦੀ ਪਾਲਿਸੀ ਕਰਕੇ, ਸਖਤੀ ਕਰਕੇ ਨਸ਼ਾ ਵੇਚਣ ਵਾਲੇ ਨੂੰ ਅੰਦਰ ਕੀਤਾ ਜਾ ਰਿਹਾ ਹੈ। ਅਸੀਂ ਕਿਸੇ ਦੀ ਮਦਦ ਨਹੀਂ ਕਰਦੇ। ਇਸ ਦੀ ਬਦੌਲਤ ਅੱਜ ਹਾਲਾਤ ਕੀ ਹੈ ਕਿ ਸਾਡੇ ਜ਼ਿਲ੍ਹੇ ਦਾ 80% ਕਰਾਈਮ ਘੱਟ ਹੋ ਗਿਆ ਹੈ। ਠੀਕ ਹੈ ਕਿ 100% ਨਹੀਂ ਹੋਇਆ ਪਰ 80% ਘੱਟ ਹੋ ਗਿਆ ਹੈ, ਸਿਰਫ ਇਸ ਕਰਕੇ ਕਿ ਸਰਕਾਰ ਨੇ ਨਸ਼ਾ ਵੇਚਣ ਵਾਲਿਆਂ ਤੇ ਸਖਤੀ ਕੀਤੀ ਹੈ ਔਰ ਜਿਹੜੇ ਵਿਚਾਰੇ ਨਸ਼ੇ ਵਿੱਚ ਫਸੇ ਸਨ, ਉਨ੍ਹਾਂ ਦਾ ਅਸੀਂ ਇਲਾਜ ਕਰਵਾ ਰਹੇ ਹਾਂ। ਸਾਡੇ ਨਸ਼ਾ ਛੁਡਾਊ ਕੇਂਦਰ, ਜਿਨ੍ਹਾਂ ਵਿੱਚ ਕੋਈ ਜਾਣ ਨੂੰ ਤਿਆਰ ਨਹੀਂ ਸੀ, ਅੱਜ ਸਾਡੇ ਜ਼ਿਲ੍ਹੇ ਵਿੱਚ 16 ਹਜ਼ਾਰ ਤੋਂ ਵੱਧ ਲੋਕ ਜਾ ਰਹੇ ਹਨ। ਮੈਂ ਇਹ ਵੀ ਕਹਿ ਰਿਹਾ ਹਾਂ ਕਿ ਜਿਹੜੇ ਜਾ ਰਹੇ ਹਨ, ਉਨ੍ਹਾਂ ਦੀ ਰੋਟੀ ਦਾ ਵੀ ਅਸੀਂ ਪ੍ਰਬੰਧ ਕੀਤਾ ਹੈ, ਅਸੀਂ ਉਨ੍ਹਾਂ ਨੂੰ 10 ਰੁਪਏ ਵਿੱਚ ਰੋਟੀ ਦਿੰਦੇ ਹਾਂ। ਸਵੇਰੇ, ਦੁਪਹਿਰ, ਸ਼ਾਮੀ 10 ਰੁਪਏ ਵਿੱਚ ਰੋਟੀ ਖਾ ਕੇ ਆਰਾਮ ਨਾਲ ਘਰਾਂ ਨੂੰ ਜਾਂਦੇ ਹਨ। ਉਹ ਸਾਰੇ ਮਾੜੇ ਕੰਮਾਂ ਤੋਂ ਹੱਟ ਰਹੇ ਹਨ।

ਦੂਸਰੀ ਮੇਰੀ ਗੱਲ ਹੈ ਕਿ ਪੁਲੀਟੀਕਲ ਵੈਨਡੈਟਾ ਬਾਰੇ ਸਾਡੀ ਸਰਕਾਰ ਨੇ ਕਿਹਾ ਹੈ ਕਿ ਅਸੀਂ ਨਹੀਂ ਕੀਤਾ ਹੈ। ਇਸ ਸਬੰਧੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਕਿਸੇ ਨੂੰ ਤੰਗ ਨਹੀਂ ਕੀਤਾ। ਇਸ ਕਰਕੇ ਕਿ ਇਸ ਨੇ ਸਾਨੂੰ ਵੋਟ ਨਹੀਂ ਪਾਈ, ਕਿਸੇ ਤੇ ਕੋਈ ਪਰਚਾ ਦਰਜ ਨਹੀਂ ਕੀਤਾ। ਪਰ ਜੇ ਕੋਈ ਖਰੂਦ ਕਰੇ, ਨਸ਼ਾ ਵੇਚੇ, ਗੋਲੀਆਂ ਚਲਾਏ, ਬਲਾਤਕਾਰ ਕਰੇ, ਭਾਵੇਂ ਉਹ ਕਿਸੇ ਪਾਰਟੀ ਨਾਲ ਸਬੰਧਿਤ ਹੈ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਜੇ ਕੋਈ ਕਹੇ ਕਿ ਕੋਲਿਆਂਵਾਲੀ ਨੂੰ ਫੜ ਕੇ ਅੰਦਰ ਕਿਉਂ ਕੀਤਾ ਹੈ ਤਾਂ ਇਹ ਕੋਈ ਪੁਲੀਟੀਕਲ ਵੈਨਡੈਟਾ ਨਹੀਂ ਹੈ। ਜਿਹੜਾ ਸਰਕਾਰ ਦਾ ਪੈਸਾ ਖਾ ਕੇ ਨਾ ਮੋੜੇ ਤਾਂ ਸਰਕਾਰ ਨੇ ਉਸ ਦੇ ਖਿਲਾਫ ਕਾਰਵਾਈ ਕਰਨੀ ਹੈ।

ਇੱਕ ਮੇਰੀ ਬੇਨਤੀ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਪੰਜਾਬ ਵਿੱਚ ਬਣਿਆ। ਪਹਿਲਾਂ ਜ਼ੋਰਾ ਸਿੰਘ ਕਮਿਸ਼ਨ ਵੀ ਬਣਿਆ। ਜਿਸ ਦਿਨ ਕਮਿਸ਼ਨ ਨੇ ਰਿਪੋਰਟ ਦਿੱਤੀ ਸੀ ਅਤੇ ਉਹ ਰਿਪੋਰਟ ਇੱਥੇ ਸਦਨ ਵਿੱਚ ਪੇਸ਼ ਕੀਤੀ ਗਈ । ਸਪੀਕਰ ਸਾਹਿਬ, ਤੁਸੀਂ ਵੀ ਵੇਖਿਆ ਕਿ ਉਸ ਰਿਪੋਰਟ ਨੂੰ ਲੀਰੋ-ਲੀਰ ਕਰਕੇ ਇੱਥੇ ਸਦਨ ਵਿੱਚ ਪੈਰਾਂ ਵਿੱਚ ਸੁੱਟਿਆ ਗਿਆ। ਇੱਥੇ ਕਈ ਮੈਂਬਰਾਂ ਨੇ ਉਹ ਕਾਗਜ਼ ਇਕੱਠੇ ਕੀਤੇ ਅਤੇ ਝੋਲੀ ਵਿੱਚ ਪਾ ਕੇ ਲੈ ਕੇ ਗਏ। ਉਸ ਜਸਟਿਸ ਸਾਹਿਬ ਨੂੰ ਇਨਜਸਟਿਸ ਕਿਹਾ ਗਿਆ, ਉਨ੍ਹਾਂ ਦੀਆਂ ਡਿਗਰੀਆਂ ਨੂੰ ਜਾਅਲੀ ਕਿਹਾ ਗਿਆ, ਇਹ ਵੀ ਧਮਕੀ ਦਿੱਤੀ ਗਈ ਕਿ ਜਦੋਂ ਸਾਡੀ ਸਰਕਾਰ ਆਈ ਤਾਂ ਅਸੀਂ ਜਸਟਿਸ ਸਾਹਿਬ ਨੂੰ ਫੜ ਕੇ ਅੰਦਰ ਕਰ ਦਿਆਂਗੇ ਪਰ, ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹੁਣ ਤੱਕ 24 ਬੰਦੇ ਫੜ ਕੇ ਅੰਦਰ ਕੀਤੇ ਹਨ, ਜਿਨ੍ਹਾਂ ਨੇ ਵੱਖ ਵੱਖ ਗੁਰਦੁਆਰੇ ਸਾਹਿਬਾਨਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਚੋਰੀ ਕਰਕੇ ਪਾੜ ਕੇ ਉਨ੍ਹਾਂ ਦੇ ਪੱਤਰੇ ਗਲੀਆਂ ਵਿੱਚ ਸੁੱਟੇ ਸਨ। ਉਨ੍ਹਾਂ 24 ਵਿੱਚੋਂ ਤਿੰਨ ਬੰਦਿਆਂ ਨੂੰ ਕੋਹੜ ਹੋ ਗਿਆ ਹੈ, ਜਿਨ੍ਹਾਂ ਨੂੰ ਕੋਹੜ ਹੋਇਆ ਹੈ ਕਿ ਉਹ ਜੇਲ੍ਹ ਵਿੱਚ ਬੈਠ ਕੇ ਕਹਿ ਰਿਹਾ ਹੈ ਕਿ ਸਾਨੂੰ ਮੌਤ ਦੇ ਦਿਉ, ਅਸੀਂ ਜਿਊਣਾ ਨਹੀਂ ਚਾਹੁੰਦੇ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾੜੇ ਹਨ, ਜਿਨ੍ਹਾਂ ਨੇ ਪੜਵਾਏ ਹਨ, ਜਿਨ੍ਹਾਂ ਨੇ ਪਾੜਨ ਵਾਲਿਆਂ ਦੀ ਮਦਦ ਕੀਤੀ ਹੈ, ਕੋਈ ਮੱਤ ਖਿਆਲ ਕਰੇ ਕਿ ਪੁਲੀਟੀਕਲ ਤੌਰ ਤੇ ਪੰਜਾਬ ਦੇ ਅਸਮਾਨ ਤੇ ਚੜ੍ਹ ਜਾਵਾਂਗੇ, ਕੋਈ ਨਹੀਂ ਚੜ੍ਹ ਸਕਦਾ।ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਕਿਸੇ ਨੂੰ ਬਖਸ਼ਣਾ ਨਹੀਂ ਹੈ। ਇਸ ਦੇ ਨਾਲ ਨਾਲ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਚਰਨਜੀਤ ਸ਼ਰਮਾ ਦੇ ਹੁਕਮਾਂ ਉਤੇ ਜਦੋਂ ਕੋਟਕਪੂਰੇ ਚੌਂਕ ਵਿੱਚ ਸਵੇਰੇ 6 ਵੱਜ ਕੇ 50 ਮਿੰਟ ਤੇ without any provacation ਡਾਂਗ ਚਲਾਈ ਗਈ ਅਤੇ ਜਿਹੜੇ ਸਤਿਨਾਮ ਵਾਹਿਗੁਰੂ ਦਾ ਜਾਪ ਕਰ ਰਹੇ ਹਨ, ਇਹ ਹੁਕਮ ਸੀ ਕਿ 10 ਮਿੰਟਾਂ ਵਿੱਚ ਇਹ ਚੌਂਕ ਖਾਲੀ ਹੋਣਾ ਚਾਹੀਦਾ ਹੈ, ਚੌਂਕ ਖਾਲੀ ਕਰਵਾ ਦਿੱਤਾ ਗਿਆ, ਡਾਂਗਾਂ ਚੱਲੀਆਂ। ਜਿਹੜੇ ਹੁਣ ਕਹਿੰਦੇ ਕਿ ਪਾਣੀ ਦੀ ਵਾਛੜ ਕਿਉਂ ਛੱਡੀ। ਉਨ੍ਹਾਂ ਅੰਮ੍ਰਿਤਧਾਰੀ ਲੋਕਾਂ ਤੇ ਗੰਦੇ ਪਾਣੀ ਦੀਆਂ ਵਾਛੜਾਂ ਮਾਰੀਆਂ ਗਈਆਂ। ਉਸ ਵੇਲੇ ਪੰਜ ਜ਼ਿਲ੍ਹਿਆਂ ਦੀ ਪੁਲਿਸ ਇਕੱਠੀ ਕਰਕੇ ਕੋਟਕਪੂਰੇ ਵਿੱਚ ਬਿਠਾਈ ਗਈ ਔਰ ਉਨ੍ਹਾਂ ਲੋਕਾਂ ਨੂੰ ਕੁੱਟ ਕੁੱਟ ਕੇ ਭਜਾਇਆ ਗਿਆ। ਫਿਰ ਚਰਨਜੀਤ ਸ਼ਰਮਾ ਨੂੰ ਹੁਕਮ ਕੀਤਾ ਕਿ ਬਹਿਬਲ ਕਲਾਂ ਵਿੱਚ ਵੀ ਕੁਝ ਲੋਕ ਬੈਠੇ ਹਨ। ਉਨ੍ਹਾਂ ਦੇ ਖਿਲਾਫ ਵੀ ਕੋਈ ਕਾਰਵਾਈ ਕਰੋ। ਸ਼ਰਮਾ ਜੀ ਉਸੇ ਵੇਲੇ ਹੀ ਹੁਕਮ ਮੰਨ ਕੇ ਭੱਜ ਕੇ ਗਏ। ਉੱਥੇ ਜਾ ਕੇ ਉਨ੍ਹਾਂ

ਨੇ ਆਰਡਰ ਕੀਤਾ ਕਿ ਢਾਈ ਮਿੰਟ ਵਿੱਚ ਚੌਂਕ ਖਾਲੀ ਹੋਣਾ ਚਾਹੀਦਾ ਹੈ। ਜਦੋਂ ਲੋਕ ਨਹੀਂ ਉੱਠੇ ਤਾਂ ਉਨ੍ਹਾਂ ਨੂੰ ਗੋਲੀਆਂ ਮਾਰੀਆਂ ਗਈਆਂ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਾਲੇ ਵੇਟ ਕਰੋ। ਚਰਨਜੀਤ ਸ਼ਰਮਾ ਬਹੁਤ ਕੁਝ ਦੱਸ ਕੇ ਗਏ ਹਨ ਕਿ ਉਨ੍ਹਾਂ ਨੂੰ ਆਰਡਰ ਕਿਸ ਨੇ ਕੀਤੇ, ਉਸ ਤੋਂ ਅਗਾਂਹ ਆਰਡਰ ਕਿੱਥੋਂ ਆਏ, ਇਹ ਸਾਰੀਆਂ ਗੱਲਾਂ ਆਉਣ ਵਾਲੇ ਦਿਨਾਂ ਵਿੱਚ ਸਾਹਮਣੇ ਆ ਜਾਣੀਆਂ ਹਨ।

(ਇਸ ਸਮੇਂ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਮੈਂਬਰ, ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਕੋਈ ਵੀ ਬੰਦਾ ਜਿਸ ਬੰਦੇ ਨੇ ਇਹ ਆਰਡਰ ਕੀਤੇ ਹਨ, ਇੱਥੇ ਆਪਾਂ ਕਹਿੰਦੇ ਰਹੇ ਹਾਂ, ਬਾਦਲ ਸਾਹਿਬ ਨੇ ਵੀ ਕਈ ਵਾਰੀ ਬਿਆਨ ਦਿੱਤੇ ਹਨ ਕਿ ਮੁੱਖ ਮੰਤਰੀ ਦੀ ਆਗਿਆ ਤੋਂ ਬਿਨਾਂ ਪੱਤਾ ਨਹੀਂ ਹਿੱਲ ਸਕਦਾ। ਇਹ ਸਾਰੀ ਗੱਲ, ਕਿਸ ਕਿਸ ਨੇ ਆਰਡਰ ਕੀਤੇ, ਕਿਸ ਕਿਸ ਨੇ ਸ਼ਹਿ ਦਿੱਤੀ, ਇਹ ਸਭ ਕੁਝ ਆਵੇਗਾ। ਸਪੀਕਰ ਸਾਹਿਬ, ਮੈਨੂੰ ਹੈਰਾਨੀ ਹੋਈ, ਜਦੋਂ 2017 ਦੀਆਂ ਇਲੈਕਸ਼ਨਾਂ ਚੱਲ ਰਹੀਆਂ ਸਨ, ਵੱਡੇ ਬਾਦਲ ਸਾਹਿਬ ਦਾ ਬਿਆਨ ਆਇਆ ਕਿ ਜੇ ਸਰਸੇ ਵਾਲਾ ਡੇਰਾ ਸਾਡੀ ਮਦਦ ਕਰਦਾ ਹੈ ਤਾਂ ਕੋਈ ਮਾੜੀ ਗੱਲ ਨਹੀਂ ਹੈ। ਇਹ ਇਲੈਕਸ਼ਨ ਦੀ ਗੱਲ ਹੈ। ਵੱਡੇ ਬਾਦਲ ਸਾਹਿਬ ਦਾ ਬਿਆਨ ਹੈ।

(ਇਸ ਸਮੇਂ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਡੇਰਾ ਪੰਜਾਬ ਦੇ ਵਿੱਚ ਜਗ੍ਹਾ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣ ਲਈ ਜ਼ਿੰਮੇਵਾਰ ਹੈ, ਜਿਹੜਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪੁਸ਼ਾਕ ਪਾ ਕੇ ਬਹਾਨੇ ਮਾਰਦਾ ਹੈ। ਜਿਸ ਬੰਦੇ ਨੇ ਪੰਜਾਬ ਵਿੱਚ ਇਹ ਕੁਝ ਕਰਵਾਇਆ, ਜਿਸ ਨੂੰ ਇਹ ਮੁਆਫੀ ਮੰਗਵਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਤੇ ਲੈ ਕੇ ਗਏ, ਜਿਸ ਦੀ ਮੁਆਫੀ ਦਾ ਪ੍ਰਚਾਰ ਕਰਨ ਵਾਸਤੇ 91 ਲੱਖ ਦੇ ਇਸ਼ਤਿਹਾਰ ਲਗਾਏ, ਅੱਜ ਉਸ ਦੀ ਹਮਾਇਤ ਲੈਣ ਵਾਸਤੇ ਸ਼ਰ੍ਹੇਆਮ ਪੁਲੀਟੀਕਲ ਸਟੇਜਾਂ ਤੇ ਇਹ ਗੱਲ ਕਹੀ ਹੈ ਕਿ ਬਾਬਾ ਰਾਮ ਰਹੀਮ ਸਾਡੀ ਮਦਦ ਕਰਦਾ ਹੈ ਤਾਂ ਕੋਈ ਮਾੜੀ ਗੱਲ ਨਹੀਂ ਹੈ। ਮੈਂ ਇਹ ਆਪਣੇ ਕੋਲੋਂ ਕੋਈ ਗੱਲ ਨਹੀਂ ਕਹਿ ਰਿਹਾ, ਇਹ ਅਖਬਾਰਾਂ ਦੀਆਂ ਰਿਪੋਰਟਾਂ ਹਨ।

[ਸਰਦਾਰ ਹਰਮਿੰਦਰ ਸਿੰਘ ਗਿੱਲ]

ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੁਝ ਲੋਕਾਂ ਨੇ ਪਿੱਛੇ ਜਿਹੇ ਸ੍ਰੀ ਦਰਬਾਰ ਸਾਹਿਬ ਜਾ ਕੇ ਸੇਵਾ ਵੀ ਕੀਤੀ, ਮੁਆਫੀਆਂ ਵੀ ਮੰਗੀਆਂ। ਸਪੀਕਰ ਸਾਹਿਬ, ਮੈਂ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਬਹੁਤ ਸਮਾਂ ਰਿਹਾ ਹਾਂ। ਮੈਂ ਦੇਖਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਵਿੱਚ ਜਾਂ ਸ੍ਰੀ ਦਰਬਾਰ ਸਾਹਿਬ ਦੇ ਜੋੜਾ ਘਰ ਵਿੱਚ ਸੇਵਾ ਕਰਨ ਵਾਸਤੇ ਦਾੜ੍ਹੀ ਖੋਲ੍ਹਣੀ ਜ਼ਰੂਰੀ ਨਹੀਂ ਪਰ ਕੁਝ ਲੋਕਾਂ ਨੇ ਉੱਥੇ ਦਾੜ੍ਹੀ ਖੋਲ੍ਹ ਖੋਲ੍ਹ ਕੇ ਸੇਵਾ ਕੀਤੀ ਹੈ। (ਵਿਘਨ) (ਸ਼ੋਰ) ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਦੇ ਪ੍ਰਧਾਨ ਵਾਸਤੇ ਦਾੜ੍ਹੀ ਖੋਲ੍ਹਣੀ ਜ਼ਰੂਰੀ ਹੈ ਜਿਹੜੀ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਨਹੀਂ ਖੋਲ੍ਹੀ ਹੈ। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ। ਸਾਨੂੰ ਜਿਹੜੀ ਗੱਲ ਕਰਨੀ ਚਾਹੀਦੀ ਹੈ ਉਹ ਕਰਦੇ ਨਹੀਂ ਹਾਂ ਪਰ ਉੱਥੇ ਜਾ ਕੇ, ਜੋੜੇ ਘਰ ਵਿੱਚ ਜਾ ਕੇ ਤੁਸੀਂ ਲੈਦਰ ਦੇ ਬੂਟ ਸਾਫ ਕਰਨ ਦੀ ਬਜਾਏ Sports shoes ਸਾਫ ਕਰਦੇ ਰਹੇ ਹੋ ਅਤੇ ਫਿਰ ਮਾਫੀਆਂ ਮੰਗਦੇ ਹੋ ਕਿ ਸਾਡੀਆਂ ਗਲਤੀਆਂ ਮਾਫ ਕਰ ਦਿਓ। ਇਹ ਤਾਂ ਸਾਰੇ ਲੋਕਾਂ ਨੇ ਦੇਖਿਆ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਬੈਠੇ-ਬੈਠੇ ਬੋਲ ਰਹੇ ਸਨ।)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਕਮਾਲ ਦੀ ਗੱਲ ਹੈ ਕਿ ਤੁਸੀਂ ਸਪੋਰਟਸ shoes ਤੇ ਪਾਲਿਸ਼ ਮਾਰੀ ਹੈ। ਜਿਹੜੇ ਲੋਕਾਂ ਦੇ Sports shoes ਖਰਾਬ ਕਰ ਦਿੱਤੇ ਹਨ ਉਨ੍ਹਾਂ ਲੋਕਾਂ ਨੇ ਕੰਪਲੇਂਟ ਕੀਤੀ ਹੈ ਕਿ ਸਾਡੇ Sports shoes ਤੇ ਕਾਲੀ ਪਾਲਿਸ਼ ਮਾਰ ਦਿੱਤੀ ਹੈ। ਇਨ੍ਹਾਂ ਨੂੰ ਪਤਾ ਨਹੀਂ ਲਗਦਾ ਹੈ। (ਵਿਘਨ) ਮੈਂ ਬੇਨਤੀ ਕਰਨਾ ਚਾਹੁੰਦਾ ਹਾਂ। (ਵਿਘਨ) ਦੱਸਾਂਗੇ, ਦੱਸਾਂਗੇ।

**ਮਾਨਯੋਗ ਸਪੀਕਰ:** ਪਲੀਜ਼, ਪਲੀਜ਼, ਗਿੱਲ ਸਾਹਿਬ ਪਲੀਜ਼ ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਲੰਗਰ ਤੋਂ ਜੀ.ਐਸ.ਟੀ. ਮਾਫ ਕਰਨ ਵਾਸਤੇ ਸਦਨ ਵਿੱਚ ਮੁੱਖ ਮੰਤਰੀ ਸਾਹਿਬ ਨੇ ਐਲਾਨ ਕੀਤਾ ਔਰ ਗੁਰਦੁਆਰਾ ਸਾਹਿਬ ਦੇ ਨਾਲ-ਨਾਲ ਦੁਰਗਿਆਨਾ ਮੰਦਿਰ ਤੇ ਵੀ ਜੀ.ਐਸ.ਟੀ. ਖਤਮ ਕਰ ਦਿੱਤੀ। ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਇਸ ਦਾ ਕ੍ਰੈਡਿਟ ਪੰਜਾਬ ਸਰਕਾਰ ਨੂੰ ਜਾਵੇਗਾ ਤਾਂ ਇਹ ਭੱਜ ਕੇ ਕੇਂਦਰ ਸਰਕਾਰ ਕੋਲ ਗਏ ਪਰ ਕੇਂਦਰ ਸਰਕਾਰ ਨੇ ਜੀ.ਐਸ.ਟੀ. ਮਾਫ ਕਰਨ ਦੇ ਬਹਾਨੇ ਇਹ ਗੱਲ ਕਹੀ ਕਿ ਅਸੀਂ ਸੇਵਾ ਭੋਜ ਯੋਜਨਾ ਸ਼ੁਰੂ ਕਰਦੇ ਹਾਂ। ਸੇਵਾ ਭੋਜ ਯੋਜਨਾ ਵਿੱਚ

ਹਰ ਲੰਗਰ ਨੂੰ ਹਰ ਸਾਲ ਦਾ ਜੋ ਖਰਚਾ ਹੋਇਆ, ਉਹ ਜਾ ਕੇ ਦੇਣਾ ਪਵੇਗਾ ਤਾਂ ਫਿਰ ਉਹ ਰੀਇੰਬਰਸਮੈਂਟ ਕਰਨਗੇ। ਇਹ ਕਿਹੜੀ ਜੀ.ਐਸ.ਟੀ. ਮਾਫ ਕੀਤੀ ਹੈ ਜੀ? ਬੜਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੋਦੀ ਸਰਕਾਰ ਨੇ ਜੀ.ਐਸ.ਟੀ. ਮਾਫ ਕਰ ਦਿੱਤੀ ਹੈ। ਉਹ ਲੰਗਰ ਦੇ ਵਿੱਚ ਤਾਂ ਸਾਨੂੰ ਪਲੇਨਲੀ ਕਹਿਣਾ ਚਾਹੀਦਾ ਹੈ ਕਿ ਜੀ.ਐਸ.ਟੀ. ਮਾਫ ਹੋਵੇ। (ਵਿਘਨ) ਮੈਂ ਬਾ-ਦਲੀਲ ਗੱਲ ਕਰ ਰਿਹਾ ਹਾਂ ਤੁਸੀਂ ਬਾਅਦ ਵਿੱਚ ਜਵਾਬ ਦਿਓ।

**ਸ਼੍ਰੀ ਐਨ. ਕੇ. ਸ਼ਰਮਾ:** ਤੁਹਾਡੀ ਸਰਕਾਰ ਸੈਂਟਰ ਵਿੱਚ ਰਹੀ ਹੈ ਤਾਂ ਕਾਂਗਰਸ ਨੇ ਕਿਹੜੀ ਜੀ. ਐਸ.ਟੀ. ਮਾਫ ਕੀਤੀ ਹੈ?

**ਮਾਨਯੋਗ ਸਪੀਕਰ:** ਚਲੋ ਕੋਈ ਨਹੀਂ ਤੁਸੀਂ ਕਹਿ ਲਓ। ਜਦੋਂ ਤੁਹਾਡੀ ਵਾਰੀ ਆਉਣੀ ਹੈ, ਕਹਿ ਲੈਣਾ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਆਪਣਾ 50% ਮਾਫ ਕੀਤਾ ਹੈ। ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਿਸਾਨਾਂ ਦੇ ਕਰਜ਼ਿਆਂ ਬਾਰੇ ਇਹ ਸਾਰੇ ਪ੍ਰਚਾਰ ਕਰਦੇ ਹਨ ਕਿ ਸਾਰਾ ਕਰਜ਼ਾ ਮਾਫ ਕਰੋ। ਦੇਖੋ ਜਿਹੜੇ ਲੋਕਾਂ ਨੇ ਲਿਮਟਾਂ ਬਣਾਈਆਂ ਹਨ, ਜਿਨ੍ਹਾਂ ਨੇ 50-50 ਲੱਖ ਦੀਆਂ, ਕਰੋੜ ਦੀਆਂ ਲਿਮਟਾਂ ਬਣਾਈਆਂ ਹਨ ਜਿਹੜੇ ਬਿਜ਼ਨਸ ਕਰਦੇ ਹਨ, ਉਨ੍ਹਾਂ ਦਾ ਕਰਜ਼ਾ ਕਿਵੇਂ ਮਾਫ ਕੀਤਾ ਜਾ ਸਕਦਾ ਹੈ? ਦਸ ਸਾਲ ਤੁਹਾਡੀ ਸਰਕਾਰ ਰਹੀ ਹੈ ਤਾਂ ਤੁਸੀਂ ਕਿਸੇ ਦਾ ਇੱਕ ਰੁਪਿਆ ਨਹੀਂ ਮਾਫ ਕੀਤਾ ਹੈ। ਮੈਂ ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ (ਵਿਘਨ)। ਬੈਠ ਜਾਓ, ਸੰਧਵਾਂ ਸਾਹਿਬ। ਸਪੀਕਰ ਸਾਹਿਬ ਤੋਂ ਪਹਿਲਾਂ ਟਾਈਮ ਲਓ।

**ਮਾਨਯੋਗ ਸਪੀਕਰ :** ਸੰਧਵਾਂ ਸਾਹਿਬ, ਦੱਸੋ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਕਰਜ਼ਾ ਪੂਰਾ ਕਿਵੇਂ ਮਾਫ ਹੋ ਸਕਦਾ ਹੈ ਤਾਂ ਇਨ੍ਹਾਂ ਨੇ ਮੈਨੀਫੈਸਟੋ ਵਿੱਚ ਕਿਉਂ ਪਾਇਆ ਸੀ ਕਿ ਅਸੀਂ ਪੂਰਾ ਕਰਜ਼ਾ ਮਾਫ ਕਰਾਂਗੇ। ਇਸ ਦਾ ਮਤਲਬ ਹੈ ਕਿ ਤੁਸੀਂ ਪੰਜਾਬ ਨਾਲ ਧੋਖਾ ਕੀਤਾ ਹੈ।

**ਮਾਨਯੋਗ ਸਪੀਕਰ :** ਤੁਸੀਂ ਬੋਲਣਾ ਹੈ, ਉਦੋਂ ਬੋਲ ਲੈਣਾ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਮੈਂ ਦੱਸਦਾ ਹਾਂ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਦੋ ਲੱਖ ਰੁਪਏ ਦਾ ਕਰਜ਼ਾ ਪੰਜ ਏਕੜ ਤੱਕ ਦੇ ਕਿਸਾਨਾਂ ਦਾ ਮਾਫ ਕਰਨ ਦਾ ਫੈਸਲਾ ਕੀਤਾ ਹੈ ਔਰ ਉਸ ਵਿੱਚੋਂ 4736 ਕਰੋੜ ਰੁਪਏ ਦਾ

[ਸਰਦਾਰ ਹਰਮਿੰਦਰ ਸਿੰਘ ਗਿੱਲ]

ਪੰਜ ਲੱਖ ਤੋਂ ਵੱਧ ਪਰਿਵਾਰਾਂ ਦਾ ਕਰਜ਼ਾ ਮਾਫ ਕੀਤਾ ਹੈ। ਅਸੀਂ 10 ਲੱਖ 25 ਹਜ਼ਾਰ ਪਰਿਵਾਰਾਂ ਦਾ ਕਰਜ਼ਾ ਮਾਫ ਕਰਨਾ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕਿਸਾਨ ਜਿਹੜਾ ਪੋਸਟਰ ਬੁਆਇ ਹੈ, ਉਸ ਦਾ ਅਸੀਂ ਕਰਜ਼ਾ ਮਾਫ ਕਰਨ ਚਲੇ ਗਏ। ਮੈਂ ਕਹਿੰਦਾ ਹਾਂ ਕਿ ਤੁਹਾਡਾ ਪੋਸਟਰ ਬੁਆਇ ਕੋਲਿਆਂਵਾਲੀ ਹੈ। ਉਸ ਦਾ 30 ਲੱਖ ਰੁਪਏ ਦਾ ਚੈੱਕ ਬਾਊਂਸ ਹੋਇਆ ਹੈ। ਉਸ ਦਾ ਵੀ ਜਾ ਕੇ ਮਾਫ ਕਰ ਦਿਓ। (ਥੰਪਿੰਗ)। (ਵਿਘਨ) ਚੰਦੂਮਾਜਰਾ ਜੀ, ਤੁਸੀਂ ਬਾਰ-ਬਾਰ ਕਿਉਂ ਬੋਲੀ ਜਾ ਰਹੇ ਹੋ?

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਇਨ੍ਹਾਂ ਨੇ ਕਿਹਾ ਹੈ ਕਿ ਜਿਹੜਾ ਅਸੀਂ ਮਾਫ ਕੀਤਾ ਹੈ ਜਾਂ ਵਰਕਰਾਂ ਨੇ ਜਾਂ ਲੋਕਾਂ ਨੇ ਜਿਹੜਾ ਕੰਟ੍ਰੀਬਿਊਟ ਕੀਤਾ ਹੈ, ਕੀ ਇਹ ਉਸ ਦੀ ਵਿਰੋਧਤਾ ਕਰਦੇ ਹਨ?

**ਸਰਦਾਰ ਹਰਮਿੰਦਰ ਸਿੰਘ ਗਿੱਲ:** ਮੈਂ ਹੱਕ ਵਿੱਚ ਹਾਂ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਇਹ ਕਹਿੰਦੇ ਹਨ ਕਿ ਕਰੋੜਾਂ ਰੁਪਏ ਮਾਫ ਕੀਤਾ, ਸਰ, ਤੁਸੀਂ ਉੱਥੇ ਜਾ ਕੇ ਹਾਲਤ ਦੇਖੋ, ਭਾਸ਼ਣਾਂ ਨਾਲ ਕੁਝ ਨਹੀਂ ਹੋਣਾ ਹੈ, ਤੁਸੀਂ ਗਿੱਲ ਸਾਹਿਬ ਕੱਲ੍ਹ ਉੱਥੇ ਆ ਕੇ ਦੇਖਦੇ ਕਿ ਉਨ੍ਹਾਂ ਦੀ ਹਾਲਤ ਕੀ ਸੀ।

**ਮਾਨਯੋਗ ਸਪੀਕਰ:** ਬੈਠੋ, ਪਲੀਜ਼ ਬੈਠੋ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਇਹ ਜਿਹੜਾ ਕਰਜ਼ਾ ਮਾਫੀ ਦਾ ਪ੍ਰੋਗਰਾਮ ਹੈ, ਮੈਂ ਤੁਹਾਨੂੰ ਇਕੱਲੇ ਆਪਣੇ ਹਲਕੇ ਦੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਪੱਟੀ ਹਲਕੇ ਵਿੱਚ ਹੁਣ ਤੱਕ 34 ਕਰੋੜ ਰੁਪਿਆ ਮਾਫ ਹੋ ਚੁੱਕਿਆ ਹੈ। ਸਰ, ਜਿੰਨੀਆਂ ਕੋਆਪਰੇਟਿਵ ਸੁਸਾਇਟੀਆਂ ਹਨ, ਇੱਕ-ਇੱਕ ਸੁਸਾਇਟੀ ਦਾ 200-250 ਬੰਦੇ ਦਾ ਕਰਜ਼ਾ ਮਾਫ ਹੋਇਆ ਹੈ ਔਰ ਉਸ ਵਿੱਚੋਂ 50% ਤੋਂ ਵੱਧ ਅਕਾਲੀ ਦਲ ਦੇ ਬੰਦੇ ਹਨ। ਮੈਂ ਇੱਕ ਹੋਰ ਸਨਸਨੀਖੇਜ਼ ਗੱਲ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਸਰਕਾਰ ਦੀ ਸਕੀਮ ਹੈ ਕਿ ਪੰਜ ਕਿੱਲੇ ਤੋਂ ਵੱਧ ਪੈਲੀ ਨਹੀਂ ਹੋਣੀ ਚਾਹੀਦੀ ਹੈ ਪਰ ਜਿਹੜੇ ਸਾਡੇ ਪਿੰਡਾਂ ਵਿੱਚ ਮਾਨਯੋਗ ਅਕਾਲੀ ਦਲ ਦੇ ਵਰਕਰ ਹਨ, ਉਨ੍ਹਾਂ ਨੇ ਕੀ ਕੀਤਾ ਹੈ ਕਿ ਪਟਵਾਰੀਆਂ ਨਾਲ ਰਲ ਕੇ, ਸੈਕਟਰੀਆਂ ਨਾਲ ਰਲ ਕੇ ਜਿਨ੍ਹਾਂ ਦੀ 15-15, 20-20 ਕਿੱਲੇ ਜ਼ਮੀਨ ਸੀ ਉਨ੍ਹਾਂ ਨੇ ਸ਼ੋਅ ਕੀਤੀ ਕਿ ਸਾਡੀ ਜ਼ਮੀਨ ਪੰਜ ਕਿੱਲੇ ਤੋਂ ਘੱਟ ਹੈ ਔਰ ਉਨ੍ਹਾਂ ਨੇ ਵੀ ਆਪਣੇ ਪਰਿਵਾਰਾਂ ਨੂੰ ਕਰਜ਼ਾ ਮਾਫੀ ਦਿਵਾਈ ਹੈ। ਅਸੀਂ ਫਿਰ ਵੀ ਨਹੀਂ ਰੋਕਿਆ। ਕਿਉਂਕਿ ਉਦੋਂ ਤੁਹਾਡੀ ਮਿਲੀਭੁਗਤ ਸੀ ਅਤੇ ਸੈਕਟਰੀ ਤੁਹਾਡਾ ਕਹਿਣਾ ਮੰਨਦੇ ਸੀ ਉਨ੍ਹਾਂ ਨੇ ਕਰਜ਼ਾ ਮਾਫੀ ਲੈ ਲਈ ਹੈ ਪਰ ਅਸੀਂ ਉਹ

ਵੇਲਾ ਵੀ ਦੇਖਿਆ ਹੈ ਕਿ ਜਦੋਂ ਕਣਕ ਲੈਣ ਲਈ ਲਾਈਨਾਂ ਵਿੱਚ ਖੜ੍ਹੇ ਕਾਂਗਰਸੀਆਂ ਨੂੰ ਤੁਸੀਂ ਬਾਂਹ ਫੜ ਕੇ ਬਾਹਰ ਕੱਢ ਦਿੰਦੇ ਸੀ ਕਿ ਇਹ ਬਾਦਲ ਸਾਹਿਬ ਦੀ ਕਣਕ ਹੈ, ਅਸੀਂ ਤੁਹਾਨੂੰ ਨਹੀਂ ਦੇਣੀ ਹੈ ਪਰ ਅਸੀਂ ਕਰਜ਼ਾ ਮਾਫ ਕਰ ਰਹੇ ਹਾਂ। 50% ਤੋਂ ਵੱਧ ਕਿਸਾਨ ਜਿਹੜੇ ਅਕਾਲੀ ਦਲ ਦੇ ਵਰਕਰ ਹਨ, ਉਨ੍ਹਾਂ ਦਾ ਕਰਜ਼ਾ ਮਾਫ ਹੋਇਆ ਹੈ। (ਵਿਘਨ)

**ਮਾਨਯੋਗ ਸਪੀਕਰ:** ਸ਼ਰਮਾ ਜੀ, ਤੁਸੀਂ ਬੋਲਣਾ ਹੈ, ਤੁਹਾਡੇ ਮੈਂਬਰਾਂ ਨੇ ਬੋਲਣਾ ਹੈ। ਤੁਸੀਂ ਗੱਲ ਸੁਣ ਲਓ। ਮੇਰੀ ਰਿਕੁਐਸਟ ਸੁਣੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ. ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ)

**ਮਾਨਯੋਗ ਸਪੀਕਰ:** ਤੁਸੀਂ ਬੋਲਣਾ ਹੈ, ਤੁਸੀਂ ਗੱਲ ਸੁਣੋ। ਮੇਰੀ ਰਿਕੁਐਸਟ ਸੁਣੋ, ਮੇਰੀ ਰਿਕੁਐਸਟ ਸੁਣੋ। ਤੁਸੀਂ ਬੋਲਣਾ ਹੈ, ਤੁਸੀਂ ਸਾਰਾ ਹੀ ਝੂਠਾ ਕਰਾਰ ਦੇ ਦਿਉ, ਜਦੋਂ ਬੋਲੋਗੇ।ਤੁਸੀਂ ਸਾਰਾ ਹੀ ਝੂਠਾ ਕਰਾਰ ਦੇ ਦਿਉ ਪਰ ਉਨ੍ਹਾਂ ਨੂੰ ਬੋਲਣ ਤਾਂ ਦਿਉ। ਬੈਠੋ ਪਲੀਜ਼।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਪਿਛਲੇ ਦੋ ਸਾਲ ਤੋਂ ਚਾਰ ਫਸਲਾਂ ਪੰਜਾਬ ਦੀਆਂ ਮੰਡੀਆਂ ਵਿੱਚ ਆਈਆਂ ਹਨ ਪੰਜਾਬ ਸਰਕਾਰ ਨੇ ਉਨ੍ਹਾਂ ਫਸਲਾਂ ਦੀ ਬੜੀ ਸ਼ਾਨਦਾਰ ਖਰੀਦ ਕੀਤੀ ਹੈ। ਮੈਨੂੰ ਉਹ ਦਿਨ ਯਾਦ ਹੈ ਜਦੋਂ 2016 ਦੇ ਵਿੱਚ ਸਾਡੇ ਪੰਜਾਬ ਦੇ ਕਿਸਾਨ ਮੰਡੀਆਂ ਦੇ ਵਿੱਚ 1121, 1509 ਕਿਸਮ ਦੀ ਜਿਹੜੀ ਸਾਡੇ ਝੋਨੇ ਦੀ ਵੈਰਾਇਟੀ ਹੈ, ਉਹ ਲੈ ਕੇ ਗਏ ਔਰ ਉਨ੍ਹਾਂ ਦਾ ਜਿਹੜਾ ਝੋਨਾ ਸੀ, ਉਹ ਇੱਕ ਹਜ਼ਾਰ ਰੁਪਏ ਅਤੇ 1200/- ਰੁਪਏ ਕੁਇੰਟਲ ਤੱਕ ਖਰੀਦਿਆ ਗਿਆ ਔਰ ਲੋਕ ਵੇਚਣ ਵਾਸਤੇ ਮਜਬੂਰ ਹੋਏ। ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਆਈ ਅਤੇ ਪੰਜਾਬ ਵਿਚ 4 ਸੀਜ਼ਨ ਲੰਘੇ ਹਨ। ਇਨ੍ਹਾਂ ਸਾਰਿਆਂ ਨੂੰ ਪੁੱਛ ਲਓ ਅਤੇ ਇਹ ਆਪਣੇ ਦਿਲ ਤੇ ਹੱਥ ਰੱਖ ਕੇ ਦੱਸਣ ਕਿ 1121,1509 ਝੋਨੇ ਦੀ ਫਸਲ 3000/- ਰੁਪਏ ਕੁਇੰਟਲ ਤੋਂ ਵੱਧ ਵਿਕ ਰਹੀ ਹੈ। ਇਕੱਲੇ-ਇਕੱਲੇ ਕਿਸਾਨ ਨੂੰ 15000 ਤੋਂ ਲੈ ਕੇ 20000 ਪ੍ਰਤੀ ਏਕੜ ਦਾ ਫਾਇਦਾ ਹੋ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਡਿਸਟਰੈਸ ਸੇਲ ਬੰਦ ਕਰ ਦਿੱਤੀ ਹੈ। ਪਿਛਲੀ ਸਰਕਾਰ ਦੇ ਸਮੇਂ ਫੈਸ਼ਨ ਹੁੰਦਾ ਸੀ, ਮੰਡੀਆਂ ਦੇ ਵਿਚ ਟੋਲੇ ਬਣੇ ਸੀ ਔਰ ਉੱਥੇ ਜਦੋਂ ਕਿਸਾਨ ਆਪਣੀ ਜਿਣਸ ਲੈ ਕੇ ਜਾਂਦਾ ਸੀ ਤਾਂ

[ਸਰਦਾਰ ਹਰਮਿੰਦਰ ਸਿੰਘ ਗਿੱਲ]

ਉਸ ਨੂੰ ਕਹਿੰਦੇ ਸੀ ਕਿ ਤੇਰਾ ਝੋਨਾ 1200/- ਰੁਪਏ ਪ੍ਰਤੀ ਕੁਇੰਟਲ ਖਰੀਦਣਾ ਹੈ ਵੇਚਣਾ ਹੈ ਤਾਂ ਵੇਚ ਦੇ, ਪਰ ਉਹ ਵਿਚਾਰੇ ਮਜਬੂਰ ਹੋ ਕੇ ਸੁੱਟ ਕੇ ਚਲੇ ਜਾਂਦੇ ਸੀ। ਦੋ-ਤਿੰਨ ਦਿਨਾਂ ਬਾਅਦ ਸਰਕਾਰੀ ਭਾਅ ਤੇ ਉਹੀ ਝੋਨਾ ਖਰੀਦ ਕੇ ਆਪਣੀਆਂ ਜੇਬਾਂ ਭਰ ਲੈਂਦੇ ਸੀ। ਸੋ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਇਨ੍ਹਾਂ ਚਾਰਾਂ ਸੀਜ਼ਨਾਂ ਦੇ ਦੌਰਾਨ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ)

**ਮਾਨਯੋਗ ਸਪੀਕਰ :** ਢੀਂਡਸਾ ਸਾਹਿਬ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਇਹ ਪਤਾ ਨਹੀਂ ਕੀ ਕਹਿੰਦੇ ਹਨ। ਜਦੋਂ ਝੋਨੇ ਦਾ ਸੀਜ਼ਨ ਸੀ ਤਾਂ ਅਖਬਾਰਾਂ ਵਿਚ ਖਬਰਾਂ ਲੱਗਦੀਆਂ ਸਨ ਕਿ 2-2% ਕਿਸਾਨਾਂ ਦੀ ਕਟੌਤੀ ਕੀਤੀ ਜਾ ਰਹੀ ਸੀ। 2-2% ਕਟੌਤੀ ਕਿਸਾਨਾਂ ਦੀ ਖਰੀਦ ਤੇ ਕੀਤੀ ਜਾ ਰਹੀ ਸੀ। ਇਹ ਕਹਿੰਦੇ ਹਨ ਕਿ..

**ਮਾਨਯੋਗ ਸਪੀਕਰ:** ਤੁਸੀਂ ਜਵਾਬ ਦੇ ਦਿਉ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਜੇ ਤੁਸੀਂ ਕਹੋਗੇ ਤਾਂ ਮੈਂ ਕਿਸਾਨਾਂ ਨਾਲ ਮਿਲਵਾ ਦੇਵਾਂਗੇ ਜਿਨ੍ਹਾਂ ਦੇ ਕਟੌਤੀ ਲੱਗੀ ਹੈ।

**ਮਾਨਯੋਗ ਸਪੀਕਰ:** ਤੁਸੀਂ ਜਵਾਬ ਦੇ ਦਿਉ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਜੋ ਢੀਂਡਸਾ ਸਾਹਿਬ ਗੱਲ ਕਰ ਰਹੇ ਹਨ। ਮੈਂ ਇਨ੍ਹਾਂ ਦੀ ਸਰਕਾਰ ਦੀ ਗੱਲ ਕਰਨੀ ਚਾਹੁੰਦਾ ਹਾਂ। ਸਰ, ਉਦੋਂ ਇਨ੍ਹਾਂ ਨੇ ਜਿਹੜਾ 1509 ਕਿਸਮ ਦਾ ਚੌਲ ਹੈ, ਉਸ ਸਮੇਂ ਇਨ੍ਹਾਂ ਨੇ ਕਿਹਾ ਕਿ ਅਸੀਂ ਸਰਕਾਰੀ ਭਾਅ 1550/- ਰੁਪਏ ਉਤੇ ਖਰੀਦਣਾ ਹੈ। ਸਰ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਇੱਕ ਹੈਰਾਨੀ ਕਰਨ ਵਾਲਾ ਤੱਥ ਹੈ ਕਿ ਇਨ੍ਹਾਂ ਨੇ 1550/- ਰੁਪਏ ਉਤੇ ਉਹ ਝੋਨਾ ਖਰੀਦ ਕੇ, ਜਿਹੜਾ ਇਨ੍ਹਾਂ ਦਾ ਖੁਰਾਕ ਮੰਤਰੀ ਸੀ,ਸਾਡੇ ਹਲਕੇ ਦਾ ਮੰਤਰੀ ਸਾਹਿਬ, ਉਨ੍ਹਾਂ ਨੇ ਗੁਦਾਮਾਂ ਵਿੱਚ ਰੱਖ ਕੇ ਬਾਅਦ ਵਿੱਚ 2000/- ਰੁਪਏ ਕੁਇੰਟਲ ਵੇਚ ਕੇ ਮੁਨਾਫਾ ਆਪਣੀਆਂ ਜੇਬਾਂ ਵਿੱਚ ਪਾ ਲਿਆ। ਇਹ ਵੀ ਗੱਲ ਤੁਸੀਂ ਦੱਸੋ, ਕੀ ਤੁਸੀਂ ਇਸ ਗੱਲ ਤੋਂ ਮੁਨਕਰ ਹੁੰਦੇ ਹੋ? ਕੀ ਤੁਸੀਂ ਭੁੱਲ ਗਏ ਹੋ? ਮੈਂ ਅਗਲੀਆਂ ਗੱਲਾਂ ਵੀ ਤੁਹਾਨੂੰ ਦੱਸਦਾ ਹਾਂ। ਇੱਕ ਮੈਂ ਬੇਨਤੀ ਕਰਦਾ ਹਾਂ ਕਿ ਨੀਲੇ ਕਾਰਡ ਪਿਛਲੀ ਵਾਰ ਲੋਕਾਂ

ਨੂੰ ਸਸਤੀ ਕਣਕ ਦੇਣ ਵਾਸਤੇ ਬਣੇ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਇੱਕ ਮਿੰਟ। ਹਜ਼ਾਰਾਂ ਦੀ ਗਿਣਤੀ ਵਿੱਚ ਉਹ ਕਾਰਡ ਕੱਟ ਕੇ, ਮੈਨੂੰ ਕਹਿਣਾ ਨਹੀਂ ਚਾਹੀਦਾ ਪਰ ਮੈਂ ਤੁਹਾਡੀ ਇਨਫਰਮੇਸ਼ਨ ਲਈ ਦੱਸਦਾ ਹਾਂ ਕਿ ਉੱਥੇ ਬੰਦੇ ਬੈਠੇ ਹਨ ਜੋ ਇਕ ਫਾਰਮ ਦੇ 50 ਰੁਪਏ ਲੈਂਦੇ ਹਨ। ਇਸ ਤਰ੍ਹਾਂ ਹੋਣ ਨਾਲ ਲੋਕਾਂ ਦੀ ਲੁੱਟ ਹੋ ਰਹੀ ਹੈ। ਜੇ ਆਪਣੇ ਕੋਲ, ਸਪੀਕਰ ਸਾਹਿਬ, ਇੱਕ ਮਿੰਟ ਹੈ ਜੀ ਤਾਂ ਮੈਂ ਦੱਸਦਾ ਹਾਂ..

**ਮਾਨਯੋਗ ਸਪੀਕਰ :** ਜਦੋਂ ਤੁਸੀਂ ਬੋਲੋਗੇ, ਤੁਸੀਂ ਅਜੇ ਬੋਲਣਾ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਜਦੋਂ ਅਸੀਂ ਲੋਕਾਂ ਦੇ ਰਾਸ਼ਨ ਕਾਰਡ ਕੱਟੇ। ਕੱਟੇ ਦਾ ਮਤਲਬ ਸਾਡੇ ਕੋਲ ਅਨਾਜ ਨਹੀਂ ਹੈ। ਹੁਣ ਨਵੇਂ ਫਾਰਮ ਭਰਨੇ ਸ਼ੁਰੂ ਕਰ ਦਿੱਤੇ..

**ਮਾਨਯੋਗ ਸਪੀਕਰ:** ਤੁਸੀਂ ਅਜੇ ਬੋਲਣਾ ਹੈ, ਜਦੋਂ ਬੋਲੋਗੇ ਉਦੋਂ ਗੱਲ ਕਹਿ ਲੈਣਾ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿਛਲੀ ਵਾਰੀ ਨੀਲੇ ਕਾਰਡ ਬਣੇ ਸੀ। ਉਨ੍ਹਾਂ ਕਾਰਡਾਂ ਦੇ ਉੱਪਰ ਵੱਡੇ ਬਾਦਲ ਸਾਹਿਬ ਦੀ ਅਤੇ ਸਾਡੇ ਮੰਤਰੀ ਸਾਹਿਬ ਆਦੇਸ਼ ਪ੍ਰਤਾਪ ਜੀ ਦੀ ਫੋਟੋ ਲਗਾਈ ਸੀ। ਚਲੋ, ਇਹ ਸਰਕਾਰ ਸੀ, ਜਿਸ ਮਰਜ਼ੀ ਦੀ ਫੋਟੋ ਲਗਾਉਣ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਡਿਸਪੈਰਿਟੀ ਕਿੰਨੀ ਸੀ। ਮੈਂ ਸਰਕਾਰੀ ਅੰਕੜਿਆਂ ਦੇ ਹਿਸਾਬ ਨਾਲ ਦੱਸਣਾ ਚਾਹੁੰਦਾ ਹਾਂ ਕਿ ਮਜੀਠੇ ਹਲਕੇ ਵਿੱਚ ਜਿੱਥੋਂ ਦੇ ਮੰਤਰੀ ਸਾਹਿਬ ਸਨ, ਉਥੋਂ ਦੇ 92% ਲੋਕਾਂ ਦੇ ਕਾਰਡ ਬਣੇ ਸਨ। ਉਨ੍ਹਾਂ ਦੇ ਬਿਲਕੁਲ ਗੁਆਂਢ ਅਟਾਰੀ ਹਲਕਾ ਸੀ, ਉੱਥੇ 50% ਤੋਂ ਘੱਟ ਕਾਰਡ ਬਣੇ ਸਨ, ਇਥੇ ਸ਼੍ਰੀ ਤਰਸੇਮ ਸਿੰਘ ਡੀ.ਸੀ.ਸਾਹਿਬ ਬੈਠੇ ਹਨ, ਇਹ ਕੀ ਗੱਲ ਜੀ, ਮੰਤਰੀ ਸਾਹਿਬ, ਇੱਕ ਹਲਕੇ ਵਿਚ ਸੌ-ਸੌ ਕਰੋੜ ਰੁਪਿਆ ਜਾਂਦਾ ਸੀ ਅਤੇ ਕਿਸੇ ਹਲਕੇ ਵਿਚ 2 ਕਰੋੜ ਰੁਪਿਆ ਜਾਂਦਾ ਸੀ। ਖੈਰ, ਬੜੀ ਜੈ-ਜੈ ਕਾਰ ਇਨ੍ਹਾਂ ਦੀ ਚਲਦੀ ਸੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕਿਸੇ ਫੋਟੋ ਤੋਂ ਬਿਨਾਂ ਸਮਾਰਟ ਕਾਰਡ ਬਣਾ ਰਹੇ ਹਾਂ। ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੇ ਕਾਰਡ ਬਣੇ ਸੀ ਜਿਨ੍ਹਾਂ ਲੋਕਾਂ ਦੀਆਂ ਬੜੀਆਂ-ਬੜੀਆਂ ਕੋਠੀਆਂ ਸਨ, ਆਪਣੇ ਟਰੈਕਟਰਾਂ ਤੇ ਕਣਕ ਲੱਦ ਕੇ ਲੈ ਆਉਂਦੇ ਸੀ। ਪਰ ਜਦੋਂ ਕਣਕ ਲੱਦ ਕੇ ਲੈ ਆਉਂਦੇ ਸੀ, ਉਨ੍ਹਾਂ ਕੋਠੀਆਂ ਵਿੱਚ ਝਾੜੂ ਮਾਰਨ ਵਾਲੀਆਂ ਜ਼ਨਾਨੀਆਂ ਕਹਿੰਦੀਆਂ ਸਨ ਕਿ ਸਾਡਾ ਤਾਂ ਕਾਰਡ ਨਹੀਂ ਬਣਿਆ। ਉਦੋਂ ਗਰੀਬਾਂ ਦਾ ਕਾਰਡ ਨਹੀਂ ਸੀ

ਬਣਿਆ, ਤਕੜਿਆਂ ਦਾ ਬਣਿਆ ਸੀ। ਹੁਣ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਸਮਾਰਟ ਕਾਰਡ ਬਣ ਰਹੇ ਹਨ, ਬਕਾਇਦਾ ਵੀਡੀਓ ਕਾਨਫਰੰਸਿਗ ਕਰਾਂਗੇ, ਅਸੀਂ ਟਰਾਂਸਪੇਰੈਂਸੀ ਨਾਲ ਕਾਰਡ ਬਣਾਵਾਂਗੇ ਔਰ ਜਿਹੜੇ ਗਰੀਬ ਵਿਅਕਤੀ ਸਰਕਾਰ ਦੀਆਂ ਪਾਲਿਸੀਆਂ ਦੇ ਅਧੀਨ ਆਉਣਗੇ, ਉਨ੍ਹਾਂ ਦੇ ਕਾਰਡ ਬਣਨਗੇ ਭਾਵੇਂ ਉਹ ਸ਼ਡਿਊਲਡ ਕਾਸਟ ਦਾ ਹੈ, ਭਾਵੇਂ ਬੈਕਵਰਡ ਕਲਾਸ ਦੇ ਹਨ, ਭਾਵੇਂ ਕੋਈ ਉੱਚੀ ਸ਼੍ਰੇਣੀ ਨਾਲ ਸਬੰਧ ਰੱਖਦਾ ਹੋਵੇ ਜਿਸ ਦੇ ਕੋਲ ਕੋਈ ਜ਼ਮੀਨ ਜਾਇਦਾਦ ਨਹੀਂ, ਉਨ੍ਹਾਂ ਦੇ ਕਾਰਡ ਬਣਨਗੇ । ਜੇਕਰ ਤੁਹਾਨੂੰ ਕੋਈ ਵੀ ਗੱਲ ਪਤਾ ਲੱਗੇ ਕਿ ਕੋਈ ਪੈਸਾ ਲੈਂਦਾ ਹੈ ਤਾਂ ਅਸੀਂ ਉਸ ਦੇ ਖਿਲਾਫ ਆਪ ਸਖਤ ਕਾਰਵਾਈ ਕਰਾਂਗੇ। ਤੁਸੀਂ ਚਿੰਤਾ ਨਾ ਕਰੋ, ਪਿਛਲੀ ਵਾਰ ਹੁੰਦਾ ਸੀ ਕਿ ਜਦੋਂ ਇਲੈਕਸ਼ਨ ਆ ਗਈ ਉਦੋਂ ਮੰਤਰੀ ਸਾਹਿਬ ਨੇ ਕਿਸੇ ਪਿੰਡ ਦੇ ਸਰਪੰਚ ਨੂੰ ਸੌ ਕਾਰਡ ਫੜਾ ਦੇਣਾ ਕਿ ਜਿਸ ਦੇ ਮਰਜ਼ੀ ਭਰ ਕੇ ਦੇ ਦਿਉ ਲੇਕਿਨ ਵੋਟਾਂ ਮਿਲਣੀਆਂ ਚਾਹੀਦੀਆਂ ਹਨ, ਇਹੋ ਜਿਹੀ ਗੱਲ ਨਹੀਂ ਹੈ। ਇੱਕੋ ਵਾਰੀ ਕਾਰਡ ਬਣਾਵਾਂਗੇ ਔਰ ਬੜੀ ਨਿਰਪੱਖਤਾ ਨਾਲ ਲੋਕਾਂ ਨੂੰ ਦਿੱਤੇ ਜਾਣਗੇ। ਸੋ, ਮੈਂ ਇਸ ਦੇ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਾਈ ਭਾਗੋ ਸਾਈਕਲ ਸਕੀਮ ਬੱਚੀਆਂ ਵਾਸਤੇ ਪਿਛਲੇ ਸਮੇਂ ਵਿੱਚ ਚਲਦੀ ਰਹੀ ਹੈ। ਜਦੋਂ ਬੱਚੀਆਂ ਨੂੰ ਸਾਈਕਲ ਦਿੰਦੇ ਸੀ, ਉਸ ਸਾਈਕਲ ਦੀ ਟੋਕਰੀ ਦੇ ਅਗਲੇ ਪਾਸੇ ਵੱਡੇ ਬਾਦਲ ਸਾਹਿਬ ਦੀ ਫੋਟੋ ਲਗਾਈ ਜਾਂਦੀ ਸੀ। ਸਰ, ਮਾਈ ਭਾਗੋ ਇੱਕ ਵੱਡੇ ਪਰਿਵਾਰ ਨਾਲ ਸਬੰਧਿਤ ਸੀ। ਸਾਡੇ ਝਬਾਲ ਨਾਲ ਸਬੰਧਿਤ ਸੀ। ਢਿੱਲੋਂ ਪਰਿਵਾਰ ਨਾਲ ਸਬੰਧਿਤ ਸੀ। ਭਾਈ ਲੰਗਾਹ ਜੀ, ਜਿਹੜੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਬਣਾਏ ਸਨ, ਉਸ ਦੇ ਭਰਾ ਦੀ ਪੋਤਰੀ ਸੀ ਔਰ ਉਨ੍ਹਾਂ ਨੇ ਜਿਹੜੇ ਚਾਲੀ ਸਿੰਘ ਬੇਦਾਵਾ ਦੇ ਕੇ ਆ ਗਏ ਸਨ, ਉਨ੍ਹਾਂ ਨੂੰ ਵੰਗਾਰ ਕੇ ਲਿਆਂਦਾ ਸੀ। ਕਿਹਾ ਸੀ ਕਿ ਜਾਓ ਖਿਦਰਾਣਾ ਦੀ ਢਾਬ ਤੇ ਜਾ ਕੇ ਆਪਣਾ ਬੇਦਾਵਾ ਗੁਰੂ ਸਾਹਿਬ ਤੋਂ ਪੜਵਾਓ। ਇਹ ਸਕੀਮ ਉਨ੍ਹਾਂ ਦੇ ਨਾਂ ਤੇ ਚਲਦੀ ਹੈ। ਸਰ, ਮੈਂ ਕਹਿੰਦਾ ਹਾਂ ਕਿ ਬਾਦਲ ਸਾਹਿਬ ਦੀ ਫੋਟੋ ਅੱਗੇ ਟੋਕਰੀ ਤੇ ਹੁੰਦੀ ਸੀ ਔਰ ਮਾਈ ਭਾਗੋ ਜੀ ਦਾ ਨਾਂ ਚੈਨ ਕਵੱਰ ਤੇ ਲਿਖਿਆ ਹੁੰਦਾ ਸੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਹਾਜ਼ਰ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਹਰਮਿੰਦਰ ਸਿੰਘ ਗਿੱਲ :** ਹੁਣ ਸੁਣ ਲਓ। ਅਸੀਂ ਸਾਈਕਲ ਦੇ ਰਹੇ ਹਾਂ, ਹੁਣ ਸਾਈਕਲਾਂ ਉਤੇ ਕੋਈ ਫੋਟੋ ਨਹੀਂ ਲਗਾਈ ਜਾ ਰਹੀ। ਅਸੀਂ ਜਿੱਥੇ ਮੁੱਖ ਮੰਤਰੀ ਦੀ ਫੋਟੋ ਲਗਾਈ ਹੋਈ ਸੀ, ਉਥੇ ਮਾਈ ਭਾਗੋ ਜੀ ਦਾ ਨਾਂ ਲਿਖਿਆ ਹੈ

ਕਿਉਂਕਿ ਮਾਈ ਭਾਗੋ ਜੀ ਦਾ ਨਾਂ ਕਿਸੇ ਵੀ ਮੁੱਖ ਮੰਤਰੀ ਤੋਂ ਬਹੁਤ ਵੱਡਾ ਹੈ। ਅਸੀਂ ਬਕਾਇਦਾ ਤੌਰ ਤੇ ਸਾਈਕਲਾਂ ਦੇ ਰਹੇ ਹਾਂ। ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਰਜ਼ੇ ਦੀ ਗੱਲ ਜਾਂ ਮਾਫੀ ਦੀ ਗੱਲ ਬਹੁਤ ਚੱਲ ਰਹੀ ਹੈ। ਸਰ, ਮੈਂ ਸਦਨ ਵਿੱਚ ਬੜੀ ਵਾਰੀ ਬੇਨਤੀ ਕੀਤੀ ਕਿ 11 ਮਾਰਚ ਵਾਲੇ ਦਿਨ ਸਾਡਾ ਇਲੈਕਸ਼ਨਾਂ ਦਾ ਰਿਜ਼ਲਟ ਨਿਕਲਿਆ, 10 ਮਾਰਚ ਵਾਲੇ ਦਿਨ ਸਾਡੇ ਸੀ.ਸੀ.ਐਲ. ਤੇ ਜਿਹੜਾ ਸਾਡਾ ਫੂਡ ਸਟਾਕ ਸੀ, ਉਸ ਵਿੱਚ 29919.96 ਕਰੋੜ ਰੁਪਏ ਦਾ ਬਹੁਤ ਵੱਡਾ ਘਾਟਾ ਸੀ। ਇਹ 10 ਮਾਰਚ ਵਾਲੇ ਦਿਨ ਪਤਾ ਨਹੀਂ ਕਿਹੜੀ ਗੱਲੋਂ ਇਸ ਸੀ.ਸੀ.ਐਲ. ਨੂੰ ਲੌਂਗ ਟਰਮ ਲੋਨ ਵਿੱਚ ਬਦਲ ਗਏ, ਇਸ ਤਰ੍ਹਾਂ ਕਰਕੇ ਉਸ ਟਾਈਮ ਸਾਡੇ ਸਿਰ ਕਰਜ਼ਾ ਸਵਾ ਅੱਠ ਪਰਸੈਂਟ ਦੇ ਹਿਸਾਬ ਨਾਲ ਚੜ੍ਹਾ ਗਏ। ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ 3240 ਕਰੋੜ ਰੁਪਿਆ ਹਰ ਸਾਲ ਪੰਜਾਬ ਸਰਕਾਰ ਭਰ ਰਹੀ ਹੈ ਅਤੇ ਅਸੀਂ ਇਹ ਵੀਹ ਸਾਲ ਤੱਕ ਭਰਨਾ ਹੈ, ਜਿਸ ਦੇ ਹਿਸਾਬ ਨਾਲ 64,800 ਕਰੋੜ ਰੁਪਿਆ ਇਸ ਸੀ.ਸੀ.ਐਲ. ਦੇ ਕਰਜ਼ੇ ਦਾ ਪੰਜਾਬ ਨੇ ਅਦਾ ਕਰਨਾ ਹੈ। ਅਸੀਂ ਇਹ ਕਿੱਥੋਂ ਦੇ ਦਿਆਂਗੇ? ਅਸੀਂ ਕਿਵੇਂ ਪੰਜਾਬ ਦੀ ਡਿਵੈੱਲਪਮੈਂਟ ਕਰ ਸਕਦੇ ਹਾਂ? ਢੀਂਡਸਾ ਸਾਹਿਬ ਵੀ ਸਾਈਨ ਕਰਨ ਉਸ ਟਾਈਮ ਨਾਲ ਗਏ ਸਨ, ਤੁਸੀਂ ਸਾਈਨ ਨਾ ਕਰਦੇ, ਛੱਡ ਜਾਂਦੇ, ਅਸੀਂ ਆਪ ਕਰ ਲੈਂਦੇ। ਹੁਣ ਮੋਦੀ ਸਾਹਿਬ ਦੀ ਸਰਕਾਰ ਹੈ, ਇਹ ਜਾ ਕੇ ਬੇਨਤੀ ਕਰਦੇ ਕਿ ਸਾਡੇ ਤੋਂ ਇੰਨਾ ਕਰਜ਼ੇ ਦਾ ਭਾਰ ਨਹੀਂ ਝੱਲਿਆ ਜਾਣਾ। ਪਰ ਦੱਸੋ, ਪੰਜਾਬ ਦੇ ਪੱਲੇ ਹੈ ਕੀ ? ਅਸੀਂ 64,800 ਕਰੋੜ ਰੁਪਏ ਕਰਜ਼ਾ ਅਸੀਂ ਕਿੱਥੋਂ ਉਤਾਰਾਂਗੇ?

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ : (ਬੈਠੇ-ਬੈਠੇ):** ਝੂਠ, ਝੂਠ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਜੇ ਝੂਠ ਕਹਿੰਦੇ ਹੋ ਤਾਂ ਤੁਸੀਂ ਡਾਕੂਮੈਂਟ ਕੱਢ ਲਓ। ਕੋਈ ਗੱਲ ਨਹੀਂ ਸੈਂਟਰ ਵਿੱਚ ਸਰਕਾਰ ਆ ਜਾਣ ਦਿਓ, ਅਸੀਂ ਕਰਵਾਵਾਂਗੇ।(ਵਿਘਨ, ਸ਼ੋਰ)।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਮੈਂਬਰ ਸਾਹਿਬ ਸਰਕਾਰ ਆਉਣ ਦੀ ਗੱਲ ਕਰ ਰਹੇ ਹਨ ਪਰ ਇਨ੍ਹਾਂ ਦੀ ਸਰਕਾਰ ਤਾਂ ਆਈ ਹੋਈ ਹੈ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਮੈਂ ਸੈਂਟਰ ਵਿੱਚ ਸਰਕਾਰ ਆਉਣ ਦੀ ਗੱਲ ਕਰਦਾ ਹਾਂ। ਅਸੀਂ ਤਾਂ ਕਰੀ ਜਾਂਦੇ ਹਾਂ। ਉਹ ਸੈਂਟਰ ਨੇ ਕਰਨਾ ਹੈ। ਪਰ ਸੈਂਟਰ ਤਾਂ ਸਾਡਾ ਇੰਟਰੈਸਟ ਘੱਟ ਨਹੀਂ ਕਰਦਾ, ਜਿਹੜਾ ਤੁਸੀਂ ਉਨ੍ਹਾਂ ਨੂੰ ਸਵਾ ਅੱਠ

[ਸਰਦਾਰ ਹਰਮਿੰਦਰ ਸਿੰਘ ਗਿੱਲ]

ਪਰਸੈਂਟ ਤੇ ਮਨਾ ਕੇ ਆਏ ਹੋ। (ਵਿਘਨ, ਸ਼ੋਰ) ਮੈਂ ਐਜੂਕੇਸ਼ਨ ਦੇ ਖੇਤਰ ਸਬੰਧੀ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੜੇ ਲੰਮੇ ਸਮੇਂ ਤੋਂ ਪੰਜਾਬ ਦੀ ਐਜੂਕੇਸ਼ਨ ਖਾਸ ਕਰਕੇ ਸਰਕਾਰੀ ਸਕੂਲਾਂ ਦੀ ਐਜੂਕੇਸ਼ਨ ਥੱਲੇ ਸੀ। (ਵਿਘਨ, ਸ਼ੋਰ) ਪਹਿਲਾਂ ਮੇਰੀ ਗੱਲ ਸੁਣ ਲਓ, ਫਿਰ ਬੋਲ ਲਓ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਇੱਕ ਫੈਸਲਾ ਕੀਤਾ ਸੀ ਕਿ ਛੇ ਸਾਲ ਦੀ ਉਮਰ ਤੋਂ ਘੱਟ ਬੱਚਾ ਸਕੂਲ ਨਹੀਂ ਜਾ ਸਕਦਾ। ਸਾਡੀ ਸਰਕਾਰ ਨੇ ਤਿੰਨ ਸਾਲ ਤੋਂ ਲੈ ਕੇ ਛੇ ਸਾਲ ਤੱਕ ਦੇ ਬੱਚੇ ਸਕੂਲ ਭੇਜੇ ਹਨ। ਮੈਨੂੰ ਇੱਕ ਗੱਲ ਦੀ ਖੁਸ਼ੀ ਹੈ ਕਿ 1 ਲੱਖ 33 ਹਜ਼ਾਰ ਬੱਚਾ ਉਨ੍ਹਾਂ ਪ੍ਰੀ-ਨਰਸਰੀ ਕਲਾਸਿਜ਼ ਵਿੱਚ ਦਾਖਲ ਹੋਇਆ, ਜਿਹੜਾ ਆਮ ਤੌਰ ਤੇ ਰਿਵਾਜ਼ ਸੀ ਕਿ ਇਹ ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਜਾਂਦੇ ਸਨ, ਕਿਉਂਕਿ ਸਾਡੇ ਸਰਕਾਰੀ ਸਕੂਲਾਂ ਵਿੱਚ ਛੇ ਸਾਲ ਤੋਂ ਘੱਟ ਉਮਰ ਦਾ ਬੱਚਾ ਸਕੂਲ ਨਹੀਂ ਜਾ ਸਕਦਾ ਸੀ। ਉਸ ਕਰਕੇ ਸਕੂਲਾਂ ਵਿੱਚ ਬਹੁਤ ਵੱਡੇ ਪੱਧਰ ਤੇ ਸੁਧਾਰ ਹੋਇਆ ਹੈ। (ਵਿਘਨ) (ਸ਼ੋਰ) ਇਨਫਰਾਸਟਰਕਚਰ ਵੀ ਦਿਆਂਗੇ, ਸਕੂਲ ਵੀ ਬਣਵਾਵਾਂਗੇ, (ਵਿਘਨ, ਸ਼ੋਰ)। ਪਹਿਲਾਂ ਬੋਲ ਲੈਣ ਦਿਓ। ਸਰ, ਇਹ ਠੀਕ ਹੈ ਕਿ ਕਿਤੇ ਡਾਂਗ ਸੋਟਾ ਨਹੀਂ ਚੱਲਣਾ ਚਾਹੀਦਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ** ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਇਹ ਠੀਕ ਹੈ ਕਿ ਪਾਣੀ ਦੀਆਂ ਬੁਛਾੜਾਂ ਨਹੀਂ ਚੱਲਣੀਆਂ ਚਾਹੀਦੀਆਂ। ਸਾਡੇ ਸਰਕਾਰੀ ਮੁਲਾਜ਼ਮ ਸਾਡੇ ਘਰਾਂ ਵਿੱਚ ਜਾ ਕੇ ਗਾਲ੍ਹਾਂ ਕੱਢਣ, ਮੈਂ ਇਸ ਗੱਲ ਦੇ ਹੱਕ ਵਿੱਚ ਨਹੀਂ । (ਵਿਘਨ, ਸ਼ੋਰ) ਸਪੀਕਰ ਸਾਹਿਬ, ਇੱਕ ਨਿਯਮ ਬਣਾਉਣਾ ਚਾਹੀਦਾ ਹੈ ਕਿ ਜੇਕਰ ਸਰਕਾਰ ਦੇ ਮੁਲਾਜ਼ਮਾਂ ਨੇ ਪ੍ਰੋਟੈਸਟ ਕਰਨਾ ਹੈ ਤਾਂ ਉਨ੍ਹਾਂ ਨੂੰ ਕਿਸੇ ਸਕੀਮ ਵਿੱਚ ਪ੍ਰੋਟੈਸਟ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ। ਅਸੀਂ ਕਿਸੇ ਦੇ ਪ੍ਰੋਟੈਸਟ ਕਰਨ ਦੇ ਵਿਰੁੱਧ ਨਹੀਂ ਹਾਂ (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਜੋ ਕੁਝ ਬਿਨਾਂ ਇਜਾਜ਼ਤ ਤੋਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਇਹ ਟੀਚਰਾਂ ਦੇ ਹਮਾਇਤੀ ਹਨ।ਅਸੀਂ ਵੀ ਟੀਚਰਾਂ ਦੇ ਹਮਾਇਤੀ ਹਾਂ। ਉਹ ਵੀ ਸਾਡੇ ਭਰਾਵਾਂ ਵਿਚੋਂ ਹਨ। ਮੇਰੀ ਬੇਨਤੀ

** Expunged as ordered by the Chair.

ਹੈ ਕਿ ਜੋ ਵੀ ਪਿਛਲੇ ਸਮੇਂ ਦੇ ਵਿਚ ਤੁਸੀਂ ਉਦਾਹਰਣਾਂ ਪੇਸ਼ ਕੀਤੀਆਂ ਹਨ। ਮੈਨੂੰ ਦੱਸੋ **** ਕਿਉਂ ਟੀਚਰਾਂ ਦੇ ਗਲ ਪੈਂਦੇ ਰਹੇ ਹਨ। ਉਹ ਕਿਉਂ ਲੜਕੀਆਂ ਦੀਆਂ ਚੁੰਨੀਆਂ ਖਿੱਚਦੇ ਰਹੇ, ਉਹ ਟੀਚਰਾਂ ਦੀਆਂ ਪੱਗਾਂ.....(ਵਿਘਨ, ਸ਼ੋਰ) ਉਹ ਇਸੇ ਕਰਕੇ ਗਏ ਹਨ।

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਗਰੀਬਾਂ ਦੇ ਘਰਾਂ ਵਿਚ ਪਖਾਨੇ ਬਣਾਉਣ ਵਾਸਤੇ ਸਾਡੀ ਮਦਦ ਕੀਤੀ ਅਤੇ ਬਹੁਤ ਵੱਡੇ ਪੱਧਰ ਤੇ ਮੁਹਿੰਮ ਚਲਾਈ। ਇਸ ਤਹਿਤ 4 ਲੱਖ 99 ਹਜ਼ਾਰ ਪਖਾਨੇ ਹੁਣ ਤੱਕ ਬਣ ਚੁੱਕੇ ਹਨ। ਇਕੱਲੇ ਮੇਰੇ ਹਲਕੇ ਵਿਚ ਸੈਂਟਰ ਸਰਕਾਰ ਦਾ ਅਕਾਲੀ ਸਰਕਾਰ ਵੇਲੇ ਆਰਡਰ ਸੀ ਕਿ ਪੱਟੀ ਹਲਕੇ ਵਿਚ ਕਿਸੇ ਗਰੀਬ ਦੇ ਘਰ ਪਖਾਨਾ ਨਹੀਂ ਬਣਨਾ ਚਾਹੀਦਾ ਪਰ ਹੁਣ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਵਿਚ ਸਾਢੇ ਪੰਜ ਹਜ਼ਾਰ ਪਖਾਨਾ ਬਣਾਇਆ ਹੈ, ਇਕੱਲੇ ਇਕੱਲੇ ਪਿੰਡ 100-100 ਤੋਂ ਵੱਧ ਬਣਾਇਆ ਹੈ। ਅਸੀਂ ਆਪ ਸਵੇਰੇ ਚਾਰ ਵਜੇ ਦੇਖਣ ਜਾਂਦੇ ਹਾਂ ਕਿ ਕੋਈ ਬੋਤਲ ਫੜ ਕੇ ਤਾਂ ਨਹੀਂ ਜਾਂਦਾ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਦਿਹਾੜਾ ਆ ਰਿਹਾ ਹੈ। ਮੈਂ, ਸਰਦਾਰ ਨਵਜੋਤ ਸਿੰਘ ਸਿੱਧੂ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ। ਇਹ ਗੱਲਾਂ ਦਬ ਚੁੱਕੀਆਂ ਸੀ। ਇੱਥੇ ਵਡਾਲਾ ਸਾਹਿਬ ਬੈਠੇ ਹਨ। ਉਨ੍ਹਾਂ ਦੇ ਪਿਤਾ ਜੀ ਨੇ ਬਹੁਤ ਸਮਾਂ ਉਥੇ ਜਾ ਕੇ ਅਰਦਾਸਾਂ ਕੀਤੀਆਂ ਹਨ ਪਰ ਸਾਲ 2008 ਵਿਚ ਸ਼੍ਰੀ ਪ੍ਰਣਬ ਮੁਖਰਜੀ ਆਏ, ਉਸ ਸਮੇਂ ਇਥੇ ਅਕਾਲੀ ਦਲ ਦੀ ਸਰਕਾਰ ਸੀ, ਉਨ੍ਹਾਂ ਨੇ ਆਪਣੀ ਗੱਲ ਰੱਖਣੀ ਚਾਹੀ ਤਾਂ ਉਨ੍ਹਾਂ ਨੂੰ ਇੱਕ ਕਮਰੇ ਵਿਚ ਬੰਦ ਕਰ ਦਿੱਤਾ ਗਿਆ ਅਤੇ ਸ਼੍ਰੀ ਵਡਾਲਾ ਜੀ ਨੂੰ ਗੱਲ ਨਹੀਂ ਕਰਨ ਦਿੱਤੀ ਗਈ। ਇਹ ਇਨ੍ਹਾਂ ਨੇ ਪ੍ਰੈੱਸ ਕਾਨਫਰੰਸ ਵਿਚ ਕਿਹਾ ਹੈ। ਸਾਡੀ ਪਾਰਲੀਮੈਂਟ ਦੀ ਜਿਹੜੀ ਸਟੈਂਡਿੰਗ ਕਮੇਟੀ ਸੀ, ਉਨ੍ਹਾਂ ਨੇ ਫੈਸਲਾ ਕਰ ਦਿੱਤਾ ਸੀ ਕਿ ਕਾਰੀਡੋਰ ਨਹੀਂ ਬਣ ਸਕਦਾ। ਉਨ੍ਹਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਚਾਰ ਦੂਰਬੀਨਾਂ ਹੋਰ ਲਗਾ ਦਿਆਂਗੇ, ਤੁਸੀਂ ਦੂਰਬੀਨਾਂ ਨਾਲ ਵੇਖ ਲਿਆ ਕਰੋ ਪਰ, ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ, ਸ਼੍ਰੀ ਇਮਰਾਨ ਖਾਨ ਨਾਲ ਸਰਦਾਰ ਨਵਜੋਤ ਸਿੰਘ ਸਿੱਧੂ ਨਾਲ ਮੁਲਾਕਾਤ ਦੌਰਾਨ ਇਹ ਮਸਲਾ ਉੱਠਿਆ ਤਾਂ ਸਾਰੇ ਪਾਸੇ ਇਹ ਗੱਲ ਉਤਾਂਹ ਉੱਠੀ ਹੈ। ਇਹ ਸਭ ਗੁਰੂ ਸਾਹਿਬ ਜੀ ਦੀ ਕਿਰਪਾ ਹੈ। ਮੈਂ ਤਾਂ ਇਹ ਕਹਾਂਗਾ ਕਿ

**Expunged as ordered by the Chair.

[ਸਰਦਾਰ ਹਰਮਿੰਦਰ ਸਿੰਘ ਗਿੱਲ]

"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨਾ ਜਾਣੈ ਮੇਰਾ"

ਇਹ ਸਭ ਗੁਰੂ ਸਾਹਿਬ ਦੀ ਕਿਰਪਾ ਹੈ। ਗੁਰੂ ਜੀ ਨੇ ਇਹੋ ਜਿਹਾ ਵਰਤਾਰਾ ਵਰਤਾਇਆ ਹੈ ਕਿ ਸਾਡੀ ਕੇਂਦਰ ਸਰਕਾਰ ਨੇ, ਪੰਜਾਬ ਸਰਕਾਰ ਨੇ, ਪਾਕਿਸਤਾਨ ਸਰਕਾਰ ਨੇ, ਸਾਡੇ ਸੀ.ਐਮ ਸਾਹਿਬ ਨੇ, ਸਾਡੇ ਮੰਤਰੀ ਸਾਹਿਬ ਨੇ ਸਾਰਿਆਂ ਨੇ ਜ਼ੋਰ ਲਾਇਆ ਹੈ। ਇਹ ਸਾਂਝਾ ਕੰਮ ਹੈ। ਪਰਮਾਤਮਾ ਕਿਰਪਾ ਕਰੇਗਾ ਕਿ ਜਦੋਂ ਅਸੀਂ ਕਰਤਾਰਪੁਰ ਸਾਹਿਬ 550 ਸਾਲਾ ਮਨਾਉਣ ਜਾਵਾਂਗੇ ਤਾਂ ਬਿਨਾਂ ਵੀਜ਼ੇ ਤੋਂ, ਬਿਨਾਂ ਪਾਸਪੋਰਟ ਤੋਂ ਜਾਵਾਂਗੇ ਔਰ ਸਾਰੇ ਹੀ ਜਾਵਾਂਗੇ ਅਤੇ ਸਾਰੇ ਹੀ ਮੱਥਾ ਟੇਕਾਂਗੇ। ਗੁਰੂ ਸਾਹਿਬ ਦੇ ਅੱਗੇ ਸ਼ਰਧਾਂਜਲੀ ਭੇਟ ਕਰਾਂਗੇ। ਉਨ੍ਹਾਂ ਦੀ ਜਿਹੜੀ 104 ਏਕੜ ਜਗ੍ਹਾ ਹੈ। ਜਿਹੜੀ ਜ਼ਮੀਨ ਦੇ ਵਿਚ ਹੁਣ ਕਣਕ ਬੀਜੀ ਹੋਈ ਹੈ, ਉੱਥੇ ਜਾ ਕੇ ਲੰਗਰ ਛਕਾਂਗੇ। ਸੋ, ਮੈਂ ਅਖੀਰ ਦੇ ਵਿਚ ਗਵਰਨਰ ਸਾਹਿਬ ਦੇ ਐਡਰੈੱਸ ਤੇ ਉਨ੍ਹਾਂ ਦੀ ਪ੍ਰਸੰਸਾ ਕਰਦਾ ਹਾਂ ਕਿ ਜਿਹੜੀਆਂ ਜਿਹੜੀਆਂ ਪਾਲਿਸੀਆਂ ਉਨ੍ਹਾਂ ਨੇ ਆਪਣੇ ਐਡਰੈੱਸ ਵਿਚ ਪੰਜਾਬ ਸਰਕਾਰ ਦੀਆਂ ਦੱਸੀਆਂ ਹਨ, ਉਹ ਬਿਲਕੁਲ ਪੰਜਾਬ ਪੱਖੀ ਹਨ, ਪੰਜਾਬ ਹਿਤੈਸ਼ੀ ਹਨ। ਮੈਂ ਇਸ ਦੀ ਪੁਰਜ਼ੋਰ ਸ਼ਲਾਘਾ ਕਰਦਾ ਹਾਂ ਤੇ ਗਵਰਨਰ ਸਾਹਿਬ ਦੇ ਐਡਰੈੱਸ ਦੀ ਪ੍ਰੋੜ੍ਹਤਾ ਕਰਦਾ ਹਾਂ। ਧੰਨਵਾਦ ਸਰ।

**ਮਾਨਯੋਗ ਸਪੀਕਰ :** ਹਾਂ ਜੀ, ਪ੍ਰਿੰਸੀਪਲ ਬੁੱਧ ਰਾਮ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਆਪਣੀ ਸੀਟ ਤੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਵਡਾਲਾ ਜੀ, ਜਦੋਂ ਤੁਸੀਂ ਆਪਣੀ ਵਾਰੀ ਤੇ ਬੋਲੋਗੇ ਤਾਂ ਆਪਣੀ ਗੱਲ ਕਹਿ ਲੈਣਾ। ਚਲੋ, ਫਿਰ ਦੱਸੋ ਜੀ, ਤੁਸੀਂ ਕੀ ਕਹਿਣਾ ਹੈ?

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਗਿੱਲ ਸਾਹਿਬ ਨੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਗੱਲ ਕੀਤੀ ਹੈ। ਇਨ੍ਹਾਂ ਨੇ ਬੜੀ ਵਧੀਆ ਗੱਲ ਆਖੀ ਹੈ ਕਿ ਉਹ ਬਾਬੇ ਨਾਨਕ ਜੀ ਦੀ ਧਰਤੀ ਹੈ ਤੇ ਸਾਰਿਆਂ ਵਾਸਤੇ ਸਾਂਝੀ ਹੈ। ਲੇਕਿਨ ਇਸ ਵਾਸਤੇ ਬਹੁਤ ਲੰਮਾ ਸਮਾਂ ਉਪਰਾਲੇ ਹੋਏ। ਮੈਂ ਹਾਊਸ ਨੂੰ ਇੱਕ ਅਪੀਲ ਕਰਨੀ ਚਾਹੁੰਦਾ ਹਾਂ ਕਿ ਕਰਤਾਰਪੁਰ ਲਾਂਘਾ, it should be bipartisan ਕੋਈ ਇਸ ਵਿਚ ਪਾਰਸ਼ੈਲਟੀ ਨਹੀਂ ਚਾਹੀਦੀ। ਸਾਰੀਆਂ ਪਾਰਟੀਆਂ ਨੂੰ ਇਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਜੇ ਵਡਾਲਾ ਸਾਹਿਬ ਨੇ ਯੋਗਦਾਨ ਪਾਇਆ, ਸਿੱਧੂ ਸਾਹਿਬ ਨੇ ਪਾਇਆ, ਇਮਰਾਨ ਖਾਨ ਜੀ ਦਾ, ਪ੍ਰਾਈਮ ਮਨਿਸਟਰ ਮੋਦੀ ਜੀ ਦਾ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ, ਬੀਬੀ ਹਰਸਿਮਰਤ ਕੌਰ ਬਾਦਲ ਜੀ ਦਾ ਇਸ ਵਿਚ ਸਭ ਦਾ ਯੋਗਦਾਨ ਹੈ, it should be bipartisan.

It should not be party-based or ਆਪਾਂ ਕਿਸੇ ਇੰਡੀਵਿਜ਼ੂਅਲ ਨੂੰ ਕਰੀਏ। ਸਿੱਧੂ ਸਾਹਿਬ ਦੀ ਵੀ ਇਸ ਗੱਲ ਵਿਚ ਬੜੀ ਸਿਫਤ ਹੈ। ਇਨ੍ਹਾਂ ਦੀ ਸ਼੍ਰੀ ਇਮਰਾਨ ਖਾਨ ਨਾਲ ਦੋਸਤੀ ਸੀ, ਇਨ੍ਹਾਂ ਨੂੰ ਬੜਾ ਵਧੀਆ ਮੌਕਾ ਮਿਲ ਗਿਆ। ਸਾਰਾ ਸਿੱਖ ਜਗਤ ਇਸ ਗੱਲ ਦਾ ਸਤਿਕਾਰ ਕਰਦਾ ਹੈ। ਅਸੀਂ ਵੀ ਵੈਲਕਮ ਕਰਦੇ ਹਾਂ। ਪਰ ਅਸੀਂ ਇਸ ਨੂੰ ਪਾਰਸ਼ੈਲਿਟੀ ਦੇ ਨਾਲ ਨਾ ਦੇਖੀਏ ਅਤੇ ਨਾ ਹੀ.....

**ਮਾਨਯੋਗ ਸਪੀਕਰ :** ਤੁਸੀਂ ਜਦੋਂ ਬੋਲਣਾ ਹੈ ਉਦੋਂ ਕਹਿ ਲੈਣਾ, ਜੋ ਕੁਝ ਕਹਿਣਾ ਹੈ, ਤੁਹਾਡੀ ਗੱਲ ਆ ਗਈ। ਹਾਂ ਜੀ, ਸ਼੍ਰੀ ਬੁੱਧ ਰਾਮ ਜੀ, ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ (ਬੁਢਲਾਡਾ, ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਗਵਰਨਰ ਸਾਹਿਬ ਦੇ ਭਾਸ਼ਣ ਵਿਚ ਜਿੰਨੇ ਵੀ ਲੜੀਵਾਰ ਮੁੱਦੇ ਉਠਾਏ ਗਏ ਸੀ, ਮੈਂ ਸਮਝਦਾ ਹਾਂ ਕਿ ਇਸ ਤੋਂ ਗਰਾਊਂਡ ਰਿਐਲਿਟੀ ਬਹੁਤ ਦੂਰ ਹੈ। ਸਰਕਾਰ ਨੇ 90% ਗਵਰਨਰ ਸਾਹਿਬ ਤੋਂ ਠੀਕ ਨਹੀਂ ਬੁਲਵਾਇਆ ਹੈ। ਮੈਂ ਇੱਕ ਦੋ ਮੁੱਦਿਆਂ ਦੀ ਗੱਲ ਕਰਦਾ ਹਾਂ, ਸਿੱਖਿਆ ਦੇ ਵਿਚ ਇਹ ਕਹਿੰਦੇ ਹਨ ਕਿ ਅਸੀਂ ਬਹੁਤ ਤਰੱਕੀ ਕੀਤੀ ਹੈ, ਮੈਂ ਇੱਕ ਅੰਕੜਾ ਪੇਸ਼ ਕਰਦਾ ਹਾਂ ਕਿ 163 ਸਕੂਲਾਂ ਦਾ ਨਤੀਜਾ ਜ਼ੀਰੋ ਪ੍ਰਤੀਸ਼ਤ ਰਿਹਾ ਹੈ ਜਿਹੜਾ ਦਰਸਾਉਂਦਾ ਹੈ ਕਿੰਨੀ ਕੁ ਸਿੱਖਿਆ ਦੇ ਵਿੱਚ ਅਸੀਂ ਤਰੱਕੀ ਕੀਤੀ ਹੈ? ਮੈਂ ਇੱਕ ਅੰਕੜਾ ਪੇਸ਼ ਕਰਦਾ ਹਾਂ ਕਿ ਪੰਜਾਬ ਦੇ ਵਿੱਚ 30 ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਦਾ ਨਤੀਜਾ ਜ਼ੀਰੋ ਪ੍ਰਤੀਸ਼ਤ ਰਿਹਾ ਹੈ, ਜਿਹੜਾ ਪਿਛਲੀ ਮਾਰਚ ਦੇ ਵਿੱਚ ਆਇਆ ਸੀ। 176 ਸਕੂਲਾਂ ਦੇ ਵਿੱਚ ਜ਼ੀਰੋ ਤੋਂ ਲੈ ਕੇ ਦਸ ਪ੍ਰਤੀਸ਼ਤ ਤੱਕ, ਯਾਨੀ ਕਿ 10 ਪ੍ਰਤੀਸ਼ਤ ਤੋਂ ਘੱਟ ਰਿਜ਼ਲਟ ਰਿਹਾ, 232 ਸਕੂਲਾਂ ਦੇ ਵਿੱਚ 20 ਪ੍ਰਤੀਸ਼ਤ ਤੋਂ ਘੱਟ ਰਿਜ਼ਲਟ ਰਿਹਾ ਹੈ। 571 ਸਕੂਲਾਂ ਦਾ ਪੰਜਾਬ ਸਰਕਾਰ ਦੇ ਵਿੱਚ ਇੰਨਾ ਬੁਰਾ ਹਾਲ ਹੋਇਆ ਹੈ। ਦੇਖੋ, ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਵਿਕਾਸ ਦੀ ਸੜਕ ਵਿੱਦਿਅਕ ਸੰਸਥਾਵਾਂ ਵਿੱਚ ਦੀ ਹੋ ਕੇ ਲੰਘਦੀ ਹੈ। ਮੇਰਾ ਮਤਲਬ ਹੈ ਕਿ ਸਿੱਖਿਆ ਦਾ ਵਿਕਾਸ ਹੀ ਸਭ ਤੋਂ ਵੱਡਾ ਕਾਰਗਰ ਅਤੇ ਸੌਖਾ ਢੰਗ ਹੈ। ਲੋਕਤੰਤਰ ਦਾ ਤਕਾਜ਼ਾ ਹੈ ਕਿ ਹਰ ਬੱਚੇ ਨੂੰ ਇੱਕੋ ਜਿਹੀ ਸਿੱਖਿਆ ਅਤੇ ਇੱਕੋ ਜਿਹੇ ਮੌਕੇ ਮਿਲਣੇ ਚਾਹੀਦੇ ਹਨ। ਪੜ੍ਹਾਈ ਦੀਆਂ ਸਾਰੀਆਂ ਸਹੂਲਤਾਂ ਇੱਕ ਢੰਗ ਨਾਲ ਮਿਲਣੀਆਂ ਚਾਹੀਦੀਆਂ ਹਨ, ਇਕਸਾਰ ਹੋਣੀਆਂ ਚਾਹੀਦੀਆਂ ਹਨ ਪਰ ਪਿਛਲੀ ਦਸ ਸਾਲਾਂ ਦੀ ਅਕਾਲੀ ਸਰਕਾਰ ਨੇ ਸਿੱਖਿਆ ਦੇ ਸਬੰਧ ਵਿਚ ਬਹੁਤ ਤਜਰਬੇ ਕੀਤੇ। ਸਿੱਖਿਆ ਵਿੱਚ ਉਨ੍ਹਾਂ ਨੇ ਕੀ ਕੀਤਾ ਕਿ ਪਹਿਲਾਂ ਸਰਕਾਰੀ ਸਕੂਲ ਸੀ, ਮਾਡਲ ਸਕੂਲ ਖੋਲ੍ਹ ਦਿੱਤੇ, ਮਾਡਲ ਸਕੂਲ ਤੋਂ ਬਾਅਦ

[ਸ਼੍ਰੀ ਬੁੱਧ ਰਾਮ]
ਮੈਰੀਟੋਰੀਅਸ ਸਕੂਲ ਖੋਲ੍ਹ ਦਿੱਤੇ। ਮੈਰੀਟੋਰੀਅਸ ਸਕੂਲਾਂ ਦੇ ਨਾਲ ਆਦਰਸ਼ ਸਕੂਲ ਖੋਲ੍ਹ ਦਿੱਤੇ। ਸਪੀਕਰ ਸਾਹਿਬ, ਇਨ੍ਹਾਂ ਸਕੂਲਾਂ ਦਾ ਇਹ ਹਾਲ ਹੈ ਕਿ ਮਾਡਲ ਸਕੂਲਾਂ ਵਿੱਚ ਅਧਿਆਪਕ ਨਹੀਂ ਹਨ। ਮੇਰੇ ਹਲਕੇ ਦੇ ਵਿੱਚ ਦੋ ਸਕੂਲ ਹਨ, ਜਿਥੋਂ ਮੈਂ ਰਿਟਾਇਰ ਹੋਇਆ ਹਾਂ ਦਾਤੇਵਾਸ ਤੇ ਕੂਲਰੀਆ। ਉਥੇ ਮਾਡਲ ਸਕੂਲ, ਜਿਥੇ ਇੰਗਲਿਸ਼ ਮੀਡੀਅਮ ਸਕੂਲ ਹੈ, ਉਥੇ ਉਨ੍ਹਾਂ ਨੂੰ ਪੀ.ਟੀ.ਆਈ. ਅਤੇ ਡਰਾਇੰਗ ਮਾਸਟਰ ਹੁਣ ਸਰਕਾਰ ਡੈਪੂਟੇਸ਼ਨ ਤੇ ਭੇਜ ਰਹੀ ਹੈ। ਆਦਰਸ਼ ਸਕੂਲਾਂ ਦਾ ਇਹ ਹਾਲ ਹੈ ਕਿ ਪੀ.ਪੀ.ਪੀ. ਮੋਡ ਦੇ ਅਧੀਨ ਆਦਰਸ਼ ਸਕੂਲਾਂ ਦੀਆਂ ਬਿਲਡਿੰਗਾਂ ਸਰਕਾਰ ਨੇ ਬਣਾ ਕੇ ਦਿੱਤੀਆਂ ਹਨ, ਥਾਂ ਅਸੀਂ ਲੈ ਕੇ ਦਿੱਤੀ ਹੈ ਲੇਕਿਨ ਉਹ ਸਕੂਲ ਪ੍ਰਾਈਵੇਟ ਕੰਪਨੀਆਂ ਨੂੰ, ਪ੍ਰਾਈਵੇਟ ਲੋਕਾਂ ਨੂੰ ਠੇਕੇ ਤੇ ਦਿੱਤੇ ਹੋਏ ਹਨ ਅਤੇ ਉਨ੍ਹਾਂ ਨੂੰ ਸਰਕਾਰ 1800/- ਰੁਪਿਆ ਪ੍ਰਤੀ ਬੱਚੇ ਦੇ ਹਿਸਾਬ ਨਾਲ ਦੇ ਰਹੀ ਹੈ । ਉਥੋਂ ਦੇ ਜਿਹੜੇ ਪ੍ਰਬੰਧਕ ਹਨ, ਮੈਂ ਆਦਰਸ਼ ਸਕੂਲ ਬੋਹਾ ਦੀ ਗੱਲ ਕਰਦਾ ਹਾਂ, ਜਿਥੇ ਕੱਲ੍ਹ ਪਰਸੋਂ ਸਿੱਖਿਆ ਸਕੱਤਰ ਜਾ ਕੇ ਆਏ ਸੀ ਕਿ ਪ੍ਰਬੰਧਕਾਂ ਨੇ ਆਪਣੀ ਚਾਚੀ, ਤਾਈ, ਭੂਆ, ਫੁੱਫੜ, ਮਾਸੀ, ਜਿੰਨੇ ਵੀ ਉਨ੍ਹਾਂ ਦੇ ਰਿਸ਼ਤੇਦਾਰ ਸੀ, ਬੁਢਲਾਡੇ ਦੇ ਵਿੱਚ ਸਕੂਲ ਹੈ, ਸੰਗਰੂਰ ਤੋਂ ਲਿਆ ਕੇ ਬਕਾਇਦਾ ਉਥੇ ਐਪੁਆਇੰਟ ਕੀਤੇ ਹਨ। ਕਿਸੇ ਦੀ ਕੋਈ ਵਿਦਿਅਕ ਯੋਗਤਾ ਨਹੀਂ, ਕੋਈ ਟੈੱਟ ਪਾਸ ਨਹੀਂ ਹੈ। ਉਥੇ ਮਿੱਡ ਡੇਅ ਮੀਲ ਦਾ ਬੁਰਾ ਹਾਲ ਹੋਇਆ ਹੈ। ਇੱਕ ਵੱਡੀ ਗੱਲ ਇਹ ਹੈ ਕਿ ਇਹ ਤੁਹਾਡੀ 16.8.2018 ਦੀ ਚਿੱਠੀ ਹੈ, ਜਿਸ ਮੁਤਾਬਿਕ ਆਦਰਸ਼ ਸਕੂਲ ਦੇ ਟੀਚਰਾਂ ਨੂੰ 10300-34800 + 4200 ਦੇ ਗਰੇਡ ਪੇਅ ਦੇ ਨਾਲ ਤਨਖਾਹ ਦੇਣੀ ਹੈ, ਜਿਹੜਾ ਨਾਲ ਪ੍ਰਾਇਮਰੀ ਟੀਚਰ ਹੈ, ਉਸ ਨੂੰ 41,000, ਟੀ.ਜੀ.ਟੀ. ਨੂੰ 50,000, ਅਤੇ ਪੀ.ਜੀ.ਟੀ. ਨੂੰ 55000, ਰੁਪਿਆ ਦੇਣਾ ਹੈ। ਤੁਹਾਡੀ ਚਿੱਠੀ ਦਾ ਉਥੇ ਕੋਈ ਅਸਰ ਨਹੀਂ ਹੋ ਰਿਹਾ। ਉਹ ਬਿਲਕੁੱਲ ਇਸ ਤੋਂ ਜਵਾਬ ਦੇ ਰਹੇ ਹਨ। ਇਸ ਤੋਂ ਬਿਨਾਂ ਗੱਲ ਇਹ ਹੈ ਕਿ ਮੈਂ ਸਮਝਦਾ ਸੀ ਕਿ ਮਾਡਲ ਸਕੂਲ ਫੇਲ੍ਹ ਹੋ ਗਏ, ਮੈਰੀਟੋਰੀਅਸ ਸਕੂਲ ਬਣਾ ਦਿੱਤੇ, ਮੈਂ ਲੰਬਾ ਸਮਾਂ ਟੀਚਰ ਰਿਹਾ ਹਾਂ ਔਰ ਜਦੋਂ ਮੈਂ ਆਪਣੇ ਹਲਕੇ ਦੇ ਬੱਚਿਆਂ ਨੂੰ ਪੁੱਛਦਾ ਹਾਂ ਕਿ ਤੁਹਾਡਾ ਮੈਰੀਟੋਰੀਅਸ ਸਕੂਲ ਦੇ ਵਿੱਚ ਕੀ ਹਾਲ ਹੈ। ਸਪੀਕਰ ਸਾਹਿਬ, ਉਹ ਬੱਚੇ ਬਿਲਕੁੱਲ ਉਥੇ ਪਛਤਾ ਰਹੇ ਹਨ ਕਿ ਉਨ੍ਹਾਂ 'ਤੇ ਉਥੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਥੋਂ ਤੱਕ ਕਿ ਹੁਣ ਸਮਾਰਟ ਸਕੂਲ ਵੀ ਖੋਲ੍ਹ ਦਿੱਤੇ ਹਨ। ਮੈਂ ਜਾਣਨਾ ਚਾਹੁੰਦਾ ਹਾਂ ਕਿ ਬੱਚਿਆਂ ਨਾਲ ਇਹ ਧੋਖਾ ਕਿਉਂ ਕੀਤਾ ਜਾ ਰਿਹਾ ਹੈ? ਕੀ ਲੋੜ ਪਈ ਹੈ? ਜਿਥੇ ਸਮਾਰਟ ਸਕੂਲ ਹੋਏਗਾ, ਮਾਡਲ ਸਕੂਲ ਹੋਏਗਾ, ਦੂਜੇ ਸਰਕਾਰੀ ਸਕੂਲਾਂ ਦੇ ਬੱਚੇ ਕਿਥੇ ਜਾਣਗੇ? ਸਕੂਲਾਂ ਵਿੱਚ ਵੱਡੀ ਪੱਧਰ ਤੇ ਪੋਸਟਾਂ

ਖਾਲੀ ਹਨ। ਕਿਤੇ ਸਾਇੰਸ ਮਾਸਟਰ ਨਹੀਂ, ਕਿਤੇ ਮੈਥ ਮਾਸਟਰ ਨਹੀਂ ਔਰ ਲੈਕਚਰਾਰਾਂ ਦੀਆਂ ਪੋਸਟਾਂ ਖਾਲੀ ਹਨ, ਕਿਤੇ ਇੱਕ ਲੈਕਚਰਾਰ ਹੈ, ਕਿਤੇ ਬਿਲਕੁਲ ਨਹੀਂ ਹੈ। ਮੈਂ ਉਦਾਹਰਣ ਦੇ ਤੌਰ ਤੇ ਦੱਸਦਾ ਹਾਂ ਕਿ ਮੇਰਾ ਧਰਮਪੁਰਾ ਪਿੰਡ ਹੈ, ਉਥੋਂ ਦੀ ਪੰਚਾਇਤ ਨੇ, ਪ੍ਰਬੰਧਕ ਕਮੇਟੀ ਨੇ ਮੈਨੂੰ ਮਤਾ ਪਾ ਕੇ ਦਿੱਤਾ ਕਿ ਲਓ ਜੀ, ਅਸੀਂ ਇੱਕ ਟੀਚਰ ਨੂੰ ਮਸਾਂ ਮੁਸ਼ਕਲ ਦੇ ਨਾਲ ਮਨਾਇਆ ਹੈ, ਉਥੇ ਚਾਰ ਟੀਚਰ ਸੀ ਜਿਥੋਂ ਮਨਾਇਆ ਸੀ ਕਿ ਤੁਸੀਂ ਇਸ ਦੀ ਬਦਲੀ ਕਰਵਾ ਲਿਆਓ। ਮੈਂ ਪੰਜ ਵਾਰ ਮੰਤਰੀ ਜੀ ਕੋਲ ਜਾ ਆਇਆ, ਪੰਜ ਵਾਰ ਜਾ ਆਇਆ ਕਿ ਸਰ ਇਹ ਬਹੁਤ ਜ਼ਰੂਰੀ ਹੈ। ਜੇਕਰ ਇਨ੍ਹਾਂ ਵਿੱਚੋਂ ਇੱਕ ਲੈਕਚਰਾਰ ਆ ਜਾਂਦਾ ਹੈ ਤਾਂ ਘੱਟੋ ਘੱਟ ਸਕੂਲ ਚੱਲ ਪਵੇਗਾ। ਪੰਜ ਵਾਰੀ ਜਾਣ ਦੇ ਬਾਵਜੂਦ ਵੀ ਕੋਈ ਬਦਲੀ ਨਹੀਂ ਕੀਤੀ ਔਰ ਉਥੋਂ ਦੇ ਜਿਹੜੇ ਬੱਚੇ ਹਨ, ਉਥੋਂ ਦੀ ਜਿਹੜੀ ਬਿਲਡਿੰਗ ਹੈ। ਸਰ, ਉਸਦਾ ਬੁਹਤ ਬੁਰਾ ਹਾਲ ਹੈ। ਮੈਂ ਹੈਰਾਨ ਇਸ ਗੱਲ ਤੇ ਹਾਂ ਕਿ ਵੈਸੇ ਵਿਭਾਗ ਵਿੱਚ 6000 ਬਦਲੀ ਹੋ ਗਈ ਹੈ ਔਰ ਜੇਕਰ ਅੱਗ ਲੱਗੀ ਹੋਵੇ ਤਾਂ ਧੂੰਆਂ ਉਡਦਾ ਹੈ। ਅੱਜ ਵੱਡੀ ਪੱਧਰ ਤੇ ਕਹਿੰਦੇ ਹਨ ਕਿ ਪੈਸੇ ਚਲਦੇ ਹਨ। ਮੈਂ ਸਿੱਖਿਆ ਸਕੱਤਰ ਦੀ ਇਮਾਨਦਾਰੀ ਤੇ ਕੋਈ ਸ਼ੱਕ ਨਹੀਂ ਕਰਦਾ ਪ੍ਰੰਤੂ ਕੌਣ ਬੰਦਾ ਪੈਸੇ ਲੈਂਦਾ ਹੈ? ਜੇਕਰ ਇੱਕ ਅਧਿਆਪਕ ਪੈਸੇ ਦੇ ਕੇ ਬਦਲੀ ਕਰਵਾਉਂਦਾ ਹੈ ਤਾਂ ਮੌਰਨਿੰਗ ਅਸੰਬਲੀ ਦੇ ਵਿੱਚ ਉਹ ਕਿਸ ਤਰ੍ਹਾਂ ਇਹ ਕਹੇਗਾ ਕਿ ਬੱਚਿਓ ਝੂਠ ਨਾ ਬੋਲੋ, ਬੱਚਿਓ ਰਿਸ਼ਵਤਖੋਰੀ ਪ੍ਰਬੰਧ ਦੇ ਵਿਰੁੱਧ ਰਹੋ। ਉਹ ਨਹੀਂ ਕਹਿ ਸਕਦਾ। ਸੋ, ਇਸ ਕਰਕੇ ਵੱਡੀ ਪੱਧਰ ਤੇ ਜਿਹੜੇ ਸਿੱਖਿਆ ਦੇ ਮਹਿਕਮੇ ਦੇ ਵਿੱਚ ਤਜਰਬੇ ਹੋ ਰਹੇ ਹਨ, ਇਹ ਬਹੁਤ ਮਾੜੀ ਗੱਲ ਹੈ, ਇਸ ਨੂੰ ਰੋਕਣਾ ਚਾਹੀਦਾ ਹੈ।

ਇੱਕ ਹੋਰ ਗੱਲ ਹੈ, ਪਿਛਲੀ ਵਾਰੀ ਇਸ਼ਤਿਹਾਰ ਨੰ: 3582 ਅਧੀਨ ਪੋਸਟਾਂ ਆਈਆਂ। ਉਨ੍ਹਾਂ ਵਿੱਚ ਜਿਸ ਨੇ ਟਾਪਰ ਕੀਤਾ, ਉਹ ਮੇਰੇ ਹਲਕੇ ਦਾ ਮੁੰਡਾ ਹੈ, ਜਿਸ ਨੇ ਟੌਪ ਕੀਤਾ। ਜਦੋਂ ਉਸ ਨੂੰ ਆਰਡਰ ਦੇਣ ਲੱਗੇ ਤਾਂ ਆਰਡਰ ਦੇਣ ਤੋਂ ਬਾਅਦ ਕੁਲਵਿੰਦਰ ਸਿੰਘ ਨਾਮ ਦਾ ਮਾਸਟਰ ਹੈ, ਉਸ ਨੂੰ ਜਾ ਕੇ ਜਲੰਧਰ ਸਟੇਸ਼ਨ ਦੇ ਦਿੱਤਾ। ਜਦੋਂ ਕਿ ਕਿਹਾ ਸੀ ਕਿ 25 ਪ੍ਰਤੀਸ਼ਤ ਮਨਮਰਜ਼ੀ ਨਾਲ ਦੇ ਵਾਂਗੇ ਅਤੇ 75 ਪ੍ਰਤੀਸ਼ਤ ਆਪਣੀ ਮਰਜ਼ੀ ਨਾਲ ਭੇਜਾਂਗੇ। ਮੈਂ ਸਮਝਦਾ ਹਾਂ ਕਿ ਜਦੋਂ ਉਸ ਨੂੰ ਸਕੂਲ ਦੇ ਬੱਚੇ ਪੁੱਛਦੇ ਹਨ ਕਿ ਸਰ, ਤੁਸੀਂ ਟੌਪ ਕੀਤਾ ਹੈ, ਤੁਹਾਡੇ ਨਾਲ ਇੰਨਾ ਬੁਰਾ ਹਾਲ ਕਿਉਂ ਹੋਇਆ ਹੈ ਤਾਂ ਉਹ ਅਧਿਆਪਕ ਕਿਵੇਂ ਬੱਚਿਆਂ ਨੂੰ ਕਹੇਗਾ ਕਿ ਤੁਸੀਂ ਟੌਪ ਕਰੋ। ਕਹਿਣ ਦਾ ਮਤਲਬ ਹੈ ਕਿ ਪੰਜਾਬ ਦੀ ਕਿਸੇ ਕਿਸਮ ਦੀ ਕੋਈ ਸਿੱਖਿਆ ਪਾਲਿਸੀ ਨਹੀਂ ਹੈ। ਬਾਕੀ ਰਹੀ ਗੱਲ ਆਂਗਨਵਾੜੀ ਦੀ, ਜਿਵੇਂ ਦੱਸਿਆ ਕਿ 12921 ਸਕੂਲਾਂ ਦੇ ਵਿੱਚ ਆਂਗਨਵਾੜੀ ਚਲਾ ਰਹੇ

[ਸ਼੍ਰੀ ਬੁੱਧ ਰਾਮ]

ਹਨ, ਮੇਰੇ ਹਲਕੇ ਵਿਚ ਆਂਗਨਵਾੜੀ ਸੈਂਟਰ ਚਲ ਰਹੇ ਹਨ। ਮੈਂ ਆਪਣੇ ਹਲਕੇ ਦੇ ਸਕੂਲਾਂ ਵਿਚ ਜਾਂਦਾ ਹੀ ਰਹਿੰਦਾ ਹਾਂ ਕਿਉਂਕਿ ਸਾਰੇ ਟੀਚਰ ਮੇਰੇ ਨਾਲ ਦੇ ਹੀ ਹਨ। ਚਾਰ ਚਾਰ ਆਂਗਨਵਾੜੀ ਸੈਂਟਰ ਇਕ-ਇਕ ਸਕੂਲ ਵਿਚ ਕੰਮ ਕਰ ਰਹੇ ਹਨ, ਉਨ੍ਹਾਂ ਨੇ ਇਕ ਕਮਰੇ ਦੇ ਵਿਚ ਤਿੰਨ-ਤਿੰਨ ਕੰਧਾਂ ਕੱਢੀਆਂ ਹਨ, ਇਕ ਪਰਲੇ ਪਾਸੇ ਖੂੰਜੇ ਵਿਚ ਲਗਿਆ ਹੈ, ਇਕ ਦੂਜੇ ਪਾਸੇ ਬੈਠਾ ਹੈ, ਇਕ ਦੂਜੇ ਪਾਸੇ ਬੈਠਾ ਹੈ । ਜੇਕਰ ਤੁਸੀਂ ਆਂਗਨਵਾੜੀ ਸੈਂਟਰ ਸਕੂਲ ਵਿਚ ਤਿੰਨ ਤੋਂ ਲੈ ਕੇ ਛੇ ਸਾਲ ਦੇ ਬੱਚੇ ਭਰਤੀ ਕੀਤੇ ਹਨ ਤਾਂ ਉਨ੍ਹਾਂ ਨੂੰ ਬਕਾਇਦਾ ਕੋਈ ਨਾ ਕੋਈ ਬਦਲਵਾਂ ਕਮਰਿਆਂ ਦਾ ਪ੍ਰਬੰਧ ਕਰੋ..

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਕਰੋ ਜੀ।

**ਸ਼੍ਰੀ ਬੁੱਧ ਰਾਮ :** ਆਂਗਨਵਾੜੀ ਸੈਂਟਰਾਂ ਲਈ ਉਥੇ ਕਿਸੇ ਕਮਰਿਆਂ ਦਾ ਪ੍ਰਬੰਧ ਕਰੋ। ਸੋ, ਇਸੇ ਤਰ੍ਹਾਂ ਮੈਂ ਉਚ ਵਿਦਿਆ ਦੀ ਗੱਲ ਕਰਦਾ ਹਾਂ । ਵੇਖੋ, ਉਚ ਵਿਦਿਆ ਵਿਚ ਰੂਸਾ (RUSA) ਦੇ ਅਧੀਨ ਇਕ ਸੰਗਠਨ ਕੰਮ ਕਰ ਰਿਹਾ ਹੈ। ਸਰ, ਕਾਲਜਾਂ ਵਿੱਚ ਇਸ ਵਕਤ 1876 ਦੇ ਕਰੀਬ ਪ੍ਰੋਫੈਸਰਾਂ ਦੀਆਂ ਪੋਸਟਾਂ ਹਨ, 1996 ਤੋਂ ਬਾਅਦ ਭਰਤੀ ਨਹੀਂ ਹੋਈ, ਸਿਰਫ 500 ਭਰੀਆਂ ਹਨ ਪਰ ਬਾਕੀ ਸਾਰੀਆਂ ਜਿਹੜੀਆਂ 1376 ਦੇ ਕਰੀਬ ਪੋਸਟਾਂ ਹਨ, ਉਹ ਖਾਲੀ ਪਈਆਂ ਹਨ, ਉਹ ਖਾਲੀ ਪੋਸਟਾਂ ਕੌਣ ਭਰੇਗਾ? ਉਸ ਦੀ ਥਾਂ ਉਤੇ ਤੁਸੀਂ ਗੈਸਟ ਫੈਕਲਿਟੀ, ਪਾਰਟ ਟਾਈਮ ਟੀਚਰ ਤੇ ਠੇਕਾ ਆਧਾਰ ਤੇ ਟੀਚਰ ਭਰਤੀ ਕੀਤੇ ਹਨ ਔਰ ਉਨ੍ਹਾਂ ਵਿਚ ਕੋਈ ਰਿਜਰਵੇਸ਼ਨ ਨਹੀਂ ਹੈ..

**Mr. Speaker:** Thank you.

**ਸ਼੍ਰੀ ਬੁੱਧ ਰਾਮ :** ਆਂਗਨਵਾੜੀ ਸੈਂਟਰਾਂ ਉਨ੍ਹਾਂ ਵਿੱਚ ਕਿਸੇ ਕਿਸਮ ਦੀ ਕੋਈ ਰਿਜਰਵੇਸ਼ਨ ਨਹੀਂ । ਸਰ, ਇਕ ਹੋਰ ਗੱਲ ਹੈ ਕਿ ਪੰਜਾਬ ਵਿਚ ਇੱਕ ਵੀ ਯੂਨੀਵਰਸਿਟੀ ਅਜਿਹੀ ਨਹੀਂ ਜਿਸ ਨੂੰ ਅਸੀਂ ਵਿਸ਼ਵ ਪੱਧਰੀ ਯੂਨੀਵਰਸਿਟੀ ਐਲਾਨ ਕਰ ਸਕੀਏ..

**ਮਾਨਯੋਗ ਸਪੀਕਰ :** ਚਲੋ, ਤੁਸੀਂ ਕਨਕਲੂਡ ਕਰੋ ਜੀ।

**ਸ਼੍ਰੀ ਬੁੱਧ ਰਾਮ :** ਤੁਸੀਂ ਪੰਜਾਬੀ ਯੂਨੀਵਰਸਿਟੀ ਨੂੰ 50 ਕਰੋੜ ਰੁਪਿਆ ਦਿੱਤਾ ਹੈ, ਮੈਂ ਪੰਜਾਬੀ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੂੰ ਪੁੱਛਿਆ ਕਿ ਕੀ ਤੁਹਾਡਾ ਇਸ ਦੇ ਨਾਲ ਸਰ ਗਿਆ ਹੈ ਤਾਂ ਉਨ੍ਹਾਂ ਕਿਹਾ ਕਿ ਜੇ 300 ਕਰੋੜ ਰੁਪਿਆ ਪੰਜਾਬੀ ਯੂਨੀਵਰਸਿਟੀ ਨੂੰ ਮਿਲੇਗਾ ਤਾਂ ਕਿਤੇ ਯੂਨੀਵਰਸਿਟੀ ਚਲੇਗੀ। ਲਾਸਟ

ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਪਿਛਲੇ ਬਜਟ ਵਿਚ ਰੱਖਿਆ ਸੀ ਕਿ ਪੰਜ ਸਰਕਾਰੀ ਕਾਲਜਾਂ ਨੂੰ 10 ਕਰੋੜ ਰੁਪਿਆ ਦਿਆਂਗੇ ਜਿਸ ਵਿਚ ਜ਼ੀਰਾ, ਮਲੇਰਕੋਟਲਾ, ਸੁਨਾਮ, ਸਰਦਾਰਗੜ੍ਹ ਤੇ ਕਾਲਾ ਅਫਗਾਨਾ ਵਿਖੇ ਕਿਸੇ ਇਕ ਵੀ ਕਾਲਜ ਨੂੰ ਅਜੇ ਤੱਕ ਪੈਸਾ ਨਹੀਂ ਮਿਲਿਆ, ਇਹ ਮੇਰੇ ਪਾਸ ਲੇਟੈਸਟ ਰਿਪੋਰਟ ਹੈ। ਤੁਸੀਂ ਕਿਹਾ ਸੀ ਕਿ ਅਸੀਂ ਦੋ ਚੇਅਰਾਂ ਸਥਾਪਿਤ ਕਰਾਂਗੇ, ਇਕ ਮਹਾਰਾਣਾ ਪ੍ਰਤਾਪ ਚੇਅਰ ਦੋ ਕਰੋੜ ਰੁਪਏ ਨਾਲ ਪੰਜਾਬੀ ਯੂਨੀਵਰਸਿਟੀ ਵਿਚ ਬਣਾਉਣੀ ਸੀ, ਉਹ ਬਿਲਕੁਲ ਨਹੀਂ ਬਣਾਈ, ਤੁਸੀਂ 10 ਨਵੇਂ ਡਿਗਰੀ ਕਾਲਜ ਖੋਲ੍ਹਣ ਵਾਸਤੇ ਕਿਹਾ ਸੀ, ਇਕ ਵੀ ਡਿਗਰੀ ਕਾਲਜ ਨਹੀਂ ਖੋਲ੍ਹਿਆ। ਸੋ, ਐਜੂਕੇਸ਼ਨ ਦੇ ਪੱਖੋਂ ਇਹ ਪੰਜਾਬ ਦਾ ਜਿਹੜਾ ਬੁਰਾ ਹਾਲ ਕਰ ਰੱਖਿਆ ਹੈ, ਇਸ ਸਰਕਾਰ ਨੂੰ ਦੋ ਸਾਲ ਹੋ ਗਏ ਹਨ..

**Mr. Speaker:** Thank you. Thank you. Thank you.

**ਸ਼੍ਰੀ ਬੁੱਧ ਰਾਮ :** ਉਸ ਵਿਚ ਚਾਹੀਦਾ ਇਹ ਹੈ ਕਿ ਐਜੂਕੇਸ਼ਨ ਇਕ ਇਹੋ ਜਿਹਾ ਮੁੱਦਾ ਹੈ ਜੋ ਦੇਸ਼ ਦੇ ਵਿਕਾਸ ਵਾਸਤੇ ਸਾਰਿਆਂ ਨਾਲੋਂ ਕਾਰਗਰ ਸਿੱਧ ਹੁੰਦਾ ਹੈ । ਜੇਕਰ ਉਸ ਨੂੰ ਤੁਸੀਂ ਇਗਨੋਰ ਕਰੋਗੇ ਤਾਂ ਦੇਸ਼ ਵਿਕਾਸ ਨਹੀਂ ਕਰੇਗਾ। ਸੋ, ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦੀ ਹਾਂ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਫੂਲਕਾ ਸਾਹਿਬ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਪੈਰ੍ਹਾ ਨੰ: 20-21 ਵਿਚ ਜੋ ਕਿਹਾ ਹੈ, ਉਸ ਦੇ ਨਾਲ ਰਲਦਾ ਮਿਲਦਾ ਮੁੱਦਾ ਜੋ ਪੰਜਾਬ ਵਾਸਤੇ ਇੱਕ ਬਹੁਤ ਹੀ ਇੰਪਾਰਟੈਂਟ ਮਸਲਾ ਹੈ, ਉਹ ਹੈ ਐਸ.ਜੀ.ਪੀ.ਸੀ. ਦੇ ਇਲੈਕਸ਼ਨ। ਐਸ.ਜੀ.ਪੀ.ਸੀ. ਦੇ ਇਲੈਕਸ਼ਨ ਚਾਹੇ ਸੈਂਟਰ ਸਰਕਾਰ ਕਰਵਾਉਂਦੀ ਹੈ ਪਰ ਐਸ.ਜੀ.ਪੀ.ਸੀ. ਪੰਜਾਬ ਵਿਚ ਇੱਕ ਬਹੁਤ ਵੱਡਾ ਰੋਲ ਪਲੇਅ ਕਰਦੀ ਹੈ, ਉਹ ਨਾ ਕੇਵਲ ਇਕੱਲੇ ਧਾਰਮਿਕ ਖੇਤਰ ਵਿਚ ਕਰਦੀ ਹੈ ਬਲਕਿ ਵਿਦਿਆ ਤੇ ਸਿਹਤ ਦੇ ਖੇਤਰ ਵਿਚ ਵੀ ਬਹੁਤ ਵੱਡਾ ਰੋਲ ਐਸ.ਜੀ.ਪੀ.ਸੀ. ਦਾ ਹੈ। ਇਸ ਕਰਕੇ ਮੈਂ ਸੋਚਦਾ ਹਾਂ ਕਿ ਇਹ ਸਦਨ ਦਾ ਫਰਜ਼ ਬਣ ਜਾਂਦਾ ਹੈ ਕਿ ਇਹ ਸਦਨ ਇਸ ਗੱਲ ਨੂੰ ਯਕੀਨੀ ਬਣਾਏ ਕਿ ਐਸ.ਜੀ.ਪੀ.ਸੀ. ਦਾ ਪ੍ਰਬੰਧ ਠੀਕ ਤਰੀਕੇ ਨਾਲ ਹੋਵੇ ਤੇ ਨਾਲ ਦੀ ਨਾਲ ਜੋ ਐਸ.ਜੀ.ਪੀ.ਸੀ. ਦੀਆਂ ਚੋਣਾਂ ਹਨ, ਉਹ ਕਾਨੂੰਨ ਦੇ ਮੁਤਾਬਿਕ ਟਾਈਮ ਦੇ ਉਤੇ ਹੋਣ । ਸਪੀਕਰ ਸਾਹਿਬ, ਮੈਂ ਇਸ ਮੌਜੂਦਾ ਐਸ.ਜੀ.ਪੀ.ਸੀ. ਦੇ ਕਾਰਜਕਾਲ ਬਾਰੇ, ਇਨ੍ਹਾਂ ਦੀ ਟਰਮ ਬਾਰੇ ਪ੍ਰਧਾਨ

[ਸਰਦਾਰ ਹਰਵਿੰਦਰ ਸਿੰਘ ਫੂਲਕਾ]

ਮੰਤਰੀ ਜੀ ਨੂੰ ਚਿੱਠੀ ਲਿਖੀ ਸੀ। ਪ੍ਰਧਾਨ ਮੰਤਰੀ ਜੀ ਦਾ ਜਵਾਬ ਆਇਆ । ਉਸ ਜਵਾਬ ਵਿੱਚ ਉਨ੍ਹਾਂ ਨੇ ਇਹ ਗੱਲ ਸਾਫ ਲਿਖੀ ਹੈ ਕਿ ਮੌਜੂਦਾ ਐਸ.ਜੀ.ਪੀ.ਸੀ. ਦਾ ਜੋ ਹਾਊਸ ਹੈ, ਉਸ ਦੀ ਟਰਮ, ਉਸ ਦਾ ਕਾਰਜਕਾਲ ਦਸੰਬਰ, 2016 ਵਿੱਚ ਖਤਮ ਹੋ ਚੁੱਕਿਆ ਹੈ ਤਾਂ ਇਸ ਦਾ ਮਤਲਬ ਕਿ ਦਸੰਬਰ, 2016 ਤੋਂ ਪਹਿਲਾਂ ਜਾਂ ਉਦੋਂ ਇਹ ਐਸ.ਜੀ.ਪੀ.ਸੀ. ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਸਨ ।

ਸਪੀਕਰ ਸਾਹਿਬ, ਮੈਂ ਉਸ ਚਿੱਠੀ ਵਿਚੋਂ ਇੱਕ ਲਾਈਨ ਪੜ੍ਹਾਂਗਾ: "The term of five years of the present SGPC Board constituted vide Notification dated 16/17.12.2011 was over on 16.12.2016. The process of filling of the post of Chief Commissioner Gurudwara Elections was completed on 01.08.2018. However, the newly appointed Chief Commissioner Gurudwara Elections, Mr. Justice (Retd.) Darshan Singh conveyed his inability to join the post."

Now, ਸਪੀਕਰ ਸਾਹਿਬ, ਉਸ ਤੋਂ ਬਾਅਦ ਹੋਮ ਮਨਿਸਟਰੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਨਵਾਂ ਪੈਨਲ ਮੰਗਿਆ । ਉਹ ਨਵਾਂ ਪੈਨਲ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੇ ਭੇਜ ਦਿੱਤਾ । ਹੁਣ ਮੈਂ ਇਹ ਚਿੱਠੀ ਵੀ ਇਸ ਹਾਊਸ ਦੇ ਰਿਕਾਰਡ ਉਤੇ ਰੱਖਣਾ ਚਾਹਾਂਗਾ, ਪਲੀਜ਼ ਇਜਾਜ਼ਤ ਦਿਉ, ਕਿਉਂਕਿ ਇਹ ਬੜਾ ਇੰਪਾਰਟੈਂਟ ਮਾਮਲਾ ਹੈ। ਹਾਂ ਜੀ, ਲਵੋ ਜੀ।

(ਮਾਨਯੋਗ ਸਪੀਕਰ ਸਾਹਿਬ ਨੇ ਇਹ ਚਿੱਠੀ ਇਸ਼ਾਰੇ ਨਾਲ ਸਦਨ ਦੀ ਮੇਜ਼ ਤੇ ਰੱਖਣ ਦੀ ਸਹਿਮਤੀ ਦੇ ਦਿੱਤੀ ਜੋ ਕਿ ਹੇਠ ਅਨੁਸਾਰ ਹੈ:-

No.17014/07/2018-IS.VII

Government of India

Ministry of Home Affairs

(Internal Security-I Division)

North Block, New Delhi

14th December,2018

To,

**Shri Harvinder Singh Phoolka**

Senior Advocate

C-253 Defence Colony

New Delhi-110024

Sub: Reference received from PMO regarding Holding of Elections of SGPC

Sir,

I am directed to refer to your letter dated 09.10.2018 received from the Prime Minister's Office on the above subject and to say that in terms of the Section 51 of the Sikh Gurdwaras Act,1925, ' the members of the Board shall hold office for five years from the date of its constitution or until the constitution of a new Board, whichever is later.' The term of five years of the present SGPC Board constituted vide Notification dated 16/17.12.2011 was over on 16.12.2016. The process of filling of the post of Chief Commissioner Gurdwara Elections was completed on 01.08.2018. However, the newly appointed Chief Commissioner Gurdwara Elections, Mr. Justice (Retd.) Darshan Singh Conveyed his inability to join the post.

2. The Ministry of Home Affairs has again initiated the proposal for appointment of the Chief Commissioner Gurdwara Elections for which a panel of retired Judges from the Registrar General, Punjab and Haryana High Court has been sought. The reply from Registrar General, Punjab and Haryana High Court is still awaited. After the appointment of Chief Commissioner, Gurdwara Elections, further necessary action including conduct of elections of new SGPC Board can be taken by the Chief Commissioner Gurdwara Elections.

Yours faithfully,

sd/-

**(Gopi Chandra Chhawaniya)**

Director (IS-I)

Tel: 2309358

**Copy to :**

Shri Kumar Shailendra, Section Officer, Prime Minister's Office, South Block, New Delhi w.r.t. PMOID No. PMOPG/ D/2018/0383092 dated 16.10.2018

ਹੁਣ ਉਹ ਨਵਾਂ ਪੈਨਲ ਜਿਹੜਾ ਹੋਮ ਮਨਿਸਟਰੀ ਦੇ ਕੋਲ ਪਿਆ ਹੈ ਕਿ ਪਹਿਲਾਂ ਚੀਫ ਕਮਿਸ਼ਨਰ, ਗੁਰਦੁਆਰਾ ਇਲੈਕਸ਼ਨ ਹੋਮ ਮਨਿਸਟਰੀ ਨੇ ਐਪੁਆਇੰਟ ਕਰਨਾ ਹੈ । ਉਸ ਤੋਂ ਮਗਰੋਂ ਇਹ ਇਲੈਕਸ਼ਨ ਪ੍ਰਾਸੈਸ ਸ਼ੁਰੂ ਹੋਵੇਗਾ, 2016 ਵਿੱਚ ਇਲੈਕਸ਼ਨ ਡਿਊ ਸੀ, ਹੁਣ ਆਪਾਂ 2019 ਵਿਚ ਪਹੁੰਚ ਚੁੱਕੇ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਸ ਹਾਊਸ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਹਾਊਸ ਮਤਾ ਪਾਸ ਕਰਕੇ ਸੈਂਟਰ ਸਰਕਾਰ ਨੂੰ ਇਸ ਗੱਲ ਦੀ ਬੇਨਤੀ ਕਰੇ ਕਿ ਇਹ ਜੋ ਆਲਰੇਡੀ ਏਨਾ ਲੇਟ ਹੋ ਚੁੱਕਿਆ ਹੈ ਅਤੇ ਚੀਫ ਕਮਿਸ਼ਨਰ ਗੁਰਦੁਆਰਾ ਇਲੈਕਸ਼ਨ ਦੀ ਨਿਯੁਕਤੀ ਜਲਦੀ ਤੋਂ ਜਲਦੀ ਕੀਤੀ ਜਾਵੇ। ਇਹ ਮਤਾ ਹਾਊਸ ਪਾਸ ਕਰੇ। ਪਿਛਲੇ ਸੈਸ਼ਨ ਵਿੱਚ ਐਸ.ਜੀ.ਪੀ.ਸੀ. ਦੀਆਂ ਚੋਣਾਂ ਬਾਰੇ ਬੜੀਆਂ ਗੱਲਾਂ ਹੋਈਆਂ ਹਨ। ਮੇਰੀ ਬੇਨਤੀ ਟਰੇਜ਼ਰੀ ਬੈਂਚਿਜ਼ ਦੇ ਮੈਂਬਰਾਂ ਨੂੰ ਇਹ ਹੈ ਕਿ ਹਾਊਸ ਵਿੱਚ ਇਕੱਲੇ ਗੱਲਾਂ ਕਰਕੇ ਹੀ ਕੰਮ ਨਹੀਂ ਬਣਨਾ। ਹਾਊਸ ਵਿੱਚ ਵੱਡੀਆਂ ਵੱਡੀਆਂ ਗੱਲਾਂ ਕਰਕੇ ਪੰਜਾਬ ਦਾ ਕੋਈ ਸੁਧਾਰ ਨਹੀਂ ਹੋਣਾ। ਜੇਕਰ ਆਪਾਂ ਕੁਝ ਕਰਨਾ ਚਾਹੁੰਦੇ ਹਾਂ, ਪੰਜਾਬ ਦੇ ਲੋਕਾਂ ਵਾਸਤੇ, ਸਿੱਖ ਕੌਮ ਵਾਸਤੇ ਤਾਂ ਕਮ-ਅਜ਼-ਕਮ ਇੱਕ ਰੈਜ਼ੋਲਿਊਸ਼ਨ ਪਾਸ ਕਰਕੇ ਪ੍ਰਧਾਨ ਮੰਤਰੀ ਅਤੇ ਹੋਮ ਮਨਿਸਟਰੀ ਨੂੰ ਇੱਕ ਚਿੱਠੀ ਲਿਖ ਸਕਦੇ ਹਾਂ ਕਿ ਗੁਰਦੁਆਰਾ ਇਲੈਕਸ਼ਨ ਕਮਿਸ਼ਨਰ ਜਲਦੀ ਤੋਂ ਜਲਦੀ ਐਪੁਆਇੰਟ ਕੀਤਾ ਜਾਵੇ। ਸਪੀਕਰ ਸਾਹਿਬ, ਨਾਲ ਹੀ ਇਹ ਹਾਊਸ ਬੇਨਤੀ ਕਰੇ, ਮੁੱਖ ਮੰਤਰੀ ਸਾਹਿਬ ਜਾ ਕੇ ਹੋਮ ਮਨਿਸਟਰ ਨੂੰ ਮਿਲਣ ਕਿ ਚੀਫ

ਇਲੈਕਸ਼ਨ ਕਮਿਸ਼ਨਰ ਜਲਦੀ ਤੋਂ ਜਲਦੀ ਐਪੁਆਇੰਟ ਹੋਣਾ ਚਾਹੀਦਾ ਹੈ ਅਤੇ ਲੋਕ ਸਭਾ ਦੇ ਇਲੈਕਸ਼ਨ ਇਸ ਵਾਸਤੇ ਕੋਈ ਬਹਾਨਾ ਨਹੀਂ ਹੈ। ਇਹ ਜਲਦੀ ਤੋਂ ਜਲਦੀ ਐਪੁਆਇੰਟ ਹੋਵੇ ਕਿਉਂਕਿ ਉਸ ਤੋਂ ਮਗਰੋਂ ਉਨ੍ਹਾਂ ਨੇ ਵੋਟਾਂ ਬਣਾਉਣੀਆਂ ਹਨ ਅਤੇ ਇਸ ਤੋਂ ਮਗਰੋਂ ਇਹ ਪ੍ਰਾਸ਼ੈਸ ਸ਼ੁਰੂ ਹੋਣਾ ਹੈ।

ਦੂਸਰੀ ਗੱਲ ਇਹ ਹੈ ਕਿ ਪੈਰ੍ਹਾ ਨੰ: 50 ਅਤੇ 52 ਵਿੱਚ ਸਿਹਤ ਬਾਰੇ ਗੱਲ ਕੀਤੀ ਹੈ ਪਰ ਇਸ ਤੋਂ ਪਹਿਲਾਂ ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ। ਮੈਂ, ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਅਤੇ ਵਧਾਈ ਵੀ ਦੇਣਾ ਚਾਹੁੰਦਾ ਹਾਂ। ਪਿਛਲੇ ਸੈਸ਼ਨ ਵਿੱਚ ਮੁੱਖ ਮੰਤਰੀ ਸਾਹਿਬ ਨੇ ਇਕ ਬਹੁਤ ਵੱਡਾ ਐਲਾਨ ਕੀਤਾ ਸੀ, ਉਨ੍ਹਾਂ ਨੇ 1984 ਦੇ ਕਤਲੇਆਮ ਬਾਰੇ ਗੱਲ ਸਦਨ ਵਿੱਚ ਕੀਤੀ ਸੀ ਤਾਂ ਸਪੀਕਰ ਸਾਹਿਬ ਤੁਹਾਡਾ ਧੰਨਵਾਦ ਕਿ ਤੁਸੀਂ ਉਹ ਗੱਲ ਰਿਕਾਰਡ ਤੇ ਰੱਖੀ ਕਿ ਸੱਜਣ ਕੁਮਾਰ 1984 ਦੇ ਕਤਲੇਆਮ ਵਿੱਚ ਜ਼ੁੰਮੇਵਾਰ ਸੀ। ਇਸ ਬਾਰੇ ਮੈਂ ਧੰਨਵਾਦ ਕਰਦਾ ਹਾਂ ਅਤੇ ਹੁਣ ਵਧਾਈ ਦਿੰਦਾ ਹਾਂ ਕਿਉਂਕਿ ਸੱਜਣ ਕੁਮਾਰ ਹੁਣ ਜੇਲ੍ਹ ਵਿੱਚ ਬੈਠਾ ਹੈ ਅਤੇ ਅੱਜ ਉਹ ਸੱਜਣ ਕੁਮਾਰ ਉਮਰ ਕੈਦ ਦੀ ਸਜ਼ਾ ਜੇਲ੍ਹ ਵਿੱਚ ਬੈਠਾ ਭੁਗਤ ਰਿਹਾ ਹੈ, ਇਸ ਗੱਲ ਦੀ ਉਨ੍ਹਾਂ ਨੂੰ ਅਤੇ ਸਾਰੇ ਸਦਨ ਨੂੰ ਵਧਾਈ ਹੋਵੇ।

**ਸ਼੍ਰੀ ਐਨ.ਕੇ. ਸ਼ਰਮਾ (ਬੈਠੇ ਬੈਠੇ) :** ਜਿਹੜਾ ਟਾਈਟਲਰ ਬਾਰੇ ਇਹ ਕਹਿੰਦੇ ਹਨ ਕਿ ਉਹ ਦੋਸ਼ੀ ਨਹੀਂ ਹੈ...

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਉਸ ਦੇ ਨਾਲ ਹੀ ਬਾਕੀ ਜਿਹੜੇ ਰਹਿ ਗਏ, ਦੋ ਹੋਰ ਮੁੱਖ ਦੋਸ਼ੀ ਹਨ, ਉਨ੍ਹਾਂ ਨੂੰ ਵੀ ਘੜੀਸਾਂਗੇ, ਤੁਸੀਂ ਫਿਕਰ ਨਾ ਕਰੋ।

(ਇਸ ਸਮੇਂ ਸ਼੍ਰੀ ਐਨ.ਕੇ. ਸ਼ਰਮਾ, ਮੈਂਬਰ ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਬੈਠੇ ਬੈਠੇ ਬੋਲ ਰਹੇ ਸਨ।)

**Mr. Speaker :** Please running commentary ਨਾ ਕਰੋ। ਤੁਸੀਂ running commentary ਨਾ ਕਰੋ। (ਵਿਘਨ) ਨਹੀਂ, ਨਹੀਂ, ਤੁਹਾਡੀ ਸਲਾਹ ਦੀ ਲੋੜ ਨਹੀਂ ਹੈ। ਫੂਲਕਾ ਸਾਹਿਬ ਜਾਣਦੇ ਹਨ ਕਿ ਕੀ ਕਹਿਣਾ ਹੈ, ਤੁਸੀਂ ਸਲਾਹ ਨਾ ਦਿਓ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਜਿਹੜੇ ਦੂਜੇ ਦੋ ਦੋਸ਼ੀ ਹਨ ਅਤੇ ਜਿਨ੍ਹਾਂ ਦੇ ਨਾਂ ਸਾਰੇ ਜਾਣਦੇ ਹਨ, ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਸਾਰਿਆਂ ਨੂੰ ਸਜ਼ਾ ਦਿਵਾਈ ਜਾਵੇਗੀ। ਸਪੀਕਰ ਸਾਹਿਬ, ਹੁਣ ਇਨ੍ਹਾਂ ਨੇ ਗੱਲ ਕੀਤੀ ਹੈ, ਮੈਂ

[ਸਰਦਾਰ ਹਰਵਿੰਦਰ ਸਿੰਘ ਫੂਲਕਾ]
ਇੱਕ ਗੱਲ ਹੋਰ ਕਹਿ ਦਿਆਂ। ਇਸੇ ਕੇਸ ਵਾਸਤੇ ਵਿਰੋਧੀ ਧਿਰ ਦੇ ਅਹੁਦੇ ਤੋਂ ਮੈਂ ਅਸਤੀਫਾ ਦੇ ਕੇ ਗਿਆ ਸੀ ਅਤੇ ਅੱਜ ਮੈਨੂੰ ਉਸ ਗੱਲ ਦੀ ਬੜੀ ਤਸੱਲੀ ਹੈ ਕਿ ਇਹ ਕਮ-ਅਜ਼-ਕਮ ਇੰਨਾ ਵੱਡਾ ਕੰਮ ਹੋਇਆ। ਇਕ ਜੇਲ੍ਹ ਵਿੱਚ ਹੈ ਅਤੇ ਜਿਹੜੇ ਦੋ ਮੁੱਖ ਦੋਸ਼ੀ ਰਹਿੰਦੇ ਹਨ, ਉਨ੍ਹਾਂ ਨੂੰ ਵੀ ਛੇਤੀ ਤੋਂ ਛੇਤੀ ਜੇਲ੍ਹ ਵਿੱਚ ਪਹੁੰਚਾਵਾਂਗੇ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ (ਬੈਠੇ ਬੈਠੇ) :** ਬਰਗਾੜੀ ਕਾਂਡ ਬਾਰੇ ਵੀ ਬੋਲੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਮੈਂ ਬਰਗਾੜੀ ਕਾਂਡ ਤੇ ਵੀ ਆ ਰਿਹਾ ਹਾਂ ਪਰ ਬਰਗਾੜੀ ਕਾਂਡ ਦੇ ਨਾਲ ਨਾਲ 1984 ਦਾ ਕਾਂਡ ਵੀ ਬੜਾ ਇੰਪਾਰਟੈਂਟ ਸੀ।

**ਮਾਨਯੋਗ ਸਪੀਕਰ :** ਫੂਲਕਾ ਜੀ, ਇਕ ਮਿੰਟ। ਫੂਲਕਾ ਸਾਹਿਬ ਨੇ ਕੀ ਕਹਿਣਾ ਹੈ, ਫੂਲਕਾ ਸਾਹਿਬ ਜਾਣਦੇ ਹਨ। ਤੁਸੀਂ ਸਲਾਹ ਨਾ ਦਿਓ। ਤੁਸੀਂ ਸਾਰੇ ਆਪਣੀ ਆਪਣੀ ਸਲਾਹ ਆਪਣੇ ਕੋਲ ਰੱਖੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਪੈਰਾ ਨੰ: 50 ਤੇ 52 ਵਿੱਚ ਉਨ੍ਹਾਂ ਨੇ ਸਿਹਤ ਸਕੀਮਾਂ ਦੀ ਗੱਲ ਕੀਤੀ ਹੈ। ਮੇਰੇ ਵੀਰ ਹੈਲਥ ਮਨਿਸਟਰ ਬੈਠੇ ਹਨ, ਮੈਂ ਉਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ। ਮੈਂ ਅਖਬਾਰ ਵਿੱਚ ਖਬਰ ਪੜ੍ਹੀ ਹੈ ਕਿ ਮੁੱਖ ਮੰਤਰੀ ਜੀ ਨੇ health check-up ਵਾਸਤੇ 70 vans ਰੱਖੀਆਂ ਹਨ। ਇਹ ਬਹੁਤ ਵਧੀਆ ਕੀਤਾ ਹੈ, ਅੱਛੀ ਗੱਲ ਹੈ ਪਰ ਇਹ ਜਿਸ ਤਰੀਕੇ ਨਾਲ ਆਪਰੇਟ ਕਰ ਰਹੀਆਂ ਹਨ, ਉਹ ਤਰੀਕਾ ਬਿਲਕੁਲ ਗਲਤ ਹੈ। ਇਸ ਵਿੱਚ ਜੋ ਲਿਖਿਆ ਹੈ, ਮੈਂ ਦੱਸ ਦਿੰਦਾ ਹਾਂ। ਇਸ ਵਿੱਚ ਲਿਖਿਆ ਹੈ ਕਿ ਇਹ ਵੈਨਾਂ 8 ਤੋਂ 10 ਲੋਕੇਸ਼ਨਾਂ ਤੇ ਰੋਜ਼ ਜਾਣਗੀਆਂ। ਸਪੀਕਰ ਸਾਹਿਬ, ਇਹ ਪਾਸੀਬਲ ਹੀ ਨਹੀਂ ਹੈ, ਇਹ ਹੋ ਹੀ ਨਹੀਂ ਸਕਦਾ ਕਿ ਇਕ ਵੈਨ 8-10 ਲੋਕੇਸ਼ਨਾਂ ਤੇ ਜਾ ਸਕੇ, ਇਸ ਤਰ੍ਹਾਂ ਉਹ ਹੱਥ ਤਾਂ ਲਗਾ ਕੇ ਆਉਣਗੇ। ਜਿਸ ਤਰੀਕੇ ਨਾਲ ਇਹ ਸਕੀਮ ਬਣਾਈ ਗਈ ਹੈ, ਇਹ ਸਕੀਮ ਕਾਮਯਾਬ ਨਹੀਂ ਹੋ ਸਕਦੀ। ਮੈਂ ਇਕ ਗੱਲ ਹੋਰ ਇੱਥੇ ਕਹਿਣਾ ਚਾਹੁੰਦਾ ਹਾਂ ਕਿ ਸਿਹਤ ਅਤੇ ਵਿੱਦਿਆ ਵਿੱਚ ਪੰਜਾਬ ਦਾ ਬਹੁਤ ਬੁਰਾ ਹਾਲ ਹੈ, ਬੁਰਾ ਹਾਲ ਤਾਂ ਬਹੁਤ ਪਾਸੇ ਹੈ ਪਰ ਸਿਹਤ ਅਤੇ ਵਿਦਿਆ ਇਕ ਅਜਿਹੀ ਚੀਜ਼ ਹੈ ਜੋ ਕਿ ਪੰਜਾਬ ਨੂੰ ਵਾਪਸ ਤਰੱਕੀ ਦੀ ਲੀਹ ਤੇ ਲਿਆ ਸਕਦੀ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀਆਂ 70 ਵੈਨਾਂ ਹਨ, ਇਹ ਬਿਲਕੁਲ ਇੱਕ ਦਿਨ ਵਿੱਚ 8 ਤੋਂ 10 ਲੋਕੇਸ਼ਨਾਂ ਤੇ ਨਹੀਂ ਜਾਣੀਆਂ। ਇਨ੍ਹਾਂ ਵੈਨਾਂ ਨੇ ਦੋ-ਦੋ, ਤਿੰਨ-ਤਿੰਨ ਦਿਨ ਇੱਕ ਇੱਕ ਕਾਂਟਸੀਚਿਊਐਂਸੀ

ਵਿੱਚ ਰਹਿਣਾ ਹੈ। ਛੋਟੇ ਜ਼ਿਲ੍ਹਿਆਂ ਵਿੱਚ, ਛੋਟੀਆਂ ਕਾਂਟਸੀਚਿਊਐਂਸੀਜ਼ ਵਿੱਚ 70 ਵੈਨਾਂ ਨੂੰ ਇਸ ਤਰ੍ਹਾਂ ਪਲੈਨ ਕੀਤਾ ਗਿਆ ਹੈ ਕਿ 117 ਹਲਕੇ ਉਸ ਵਿੱਚ ਕਵਰ ਹੋਣਗੇ। ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਵੇਗੀ ਕਿ ਇਕੱਲੇ ਕਾਂਗਰਸ ਪਾਰਟੀ ਨਾਲ ਸਬੰਧਤ ਜਾਂ ਰੂਲਿੰਗ ਪਾਰਟੀ ਦੇ ਐਮ.ਐਲ.ਏਜ਼. ਦੇ ਹਲਕੇ ਹੀ ਉਸ ਨਾਲ ਕਵਰ ਹੋਣਗੇ, ਪਾਰਟੀ ਲਾਈਨਜ ਤੋਂ ਉਪਰ ਉਠ ਕੇ ਸਾਰੇ ਐਮ.ਐਲ.ਏਜ਼. ਦੇ ਹਲਕੇ ਕਵਰ ਹੋਣਗੇ। ਇਸ ਦੀ ਰਿਟਨ ਹਦਾਇਤ ਸਾਰੇ ਡੀ.ਸੀਜ਼. ਨੂੰ ਕਰ ਦਿੱਤੀ ਗਈ ਹੈ, ਮੇਰੇ ਕੋਲ ਇਸ ਵਕਤ ਨਹੀਂ ਹੈ, ਇਸ ਗੱਲ ਦੀ ਰਿਟਨ ਹਦਾਇਤ ਡੀ.ਸੀਜ਼. ਨੂੰ ਦਿੱਤੀ ਹੈ ਕਿ ਲੋਕਲ ਐਮ.ਐਲ.ਏਜ਼. ਨੂੰ ਨਾਲ ਲੈ ਕੇ ਜਾਣਾ ਹੈ।

**ਮਾਨਯੋਗ ਸਪੀਕਰ :** ਮੰਤਰੀ ਜੀ, ਫੂਲਕਾ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਇੱਕ ਵੈਨ ਅੱਠ ਜਗ੍ਹਾ ਤੇ ਇੱਕ ਦਿਨ ਵਿੱਚ ਨਹੀਂ ਜਾ ਸਕਦੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਇੱਕ ਦਿਨ ਵਿੱਚ ਜਾਣ ਦੀ ਗੱਲ ਤਾਂ ਹੈ ਹੀ ਨਹੀਂ ਜੀ। ਦੋ-ਤਿੰਨ ਦਿਨ ਲਈ ਹਲਕੇ ਵਿੱਚ ਜਾਣ ਦੀ ਗੱਲ ਕਹੀ ਗਈ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਇਹ ਗੱਲ ਪੇਪਰਾਂ ਵਿੱਚ ਆਈ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਇਹ ਨਿਊਜ਼ ਪੇਪਰ ਦੀ ਖ਼ਬਰ ਹੋ ਸਕਦੀ ਹੈ ਪ੍ਰੰਤੂ ਸਾਡੇ ਸਰਕੂਲਰ ਵਿੱਚ ਅਜਿਹੀ ਗੱਲ ਨਹੀਂ ਹੈ।

**ਮਾਨਯੋਗ ਸਪੀਕਰ**: ਮੰਤਰੀ ਜੀ, ਧੰਨਵਾਦ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਇਹ ਵੈਨ ਇਕ ਹਲਕੇ ਵਿੱਚ ਤਿੰਨ ਦਿਨ ਰਹੇਗੀ। ਇਕ ਕਾਂਟਸੀਚਿਊਐਂਸੀ ਵਿੱਚ 60 ਤੋਂ ਲੈ ਕੇ ਤਕਰੀਬਨ 120 ਤੱਕ ਪਿੰਡ ਵੀ ਹੁੰਦੇ ਹਨ, ਫਿਰ ਇਹ ਵੈਨ ਤਿੰਨ ਦਿਨਾਂ ਦੇ ਵਿੱਚ ਕੀ ਕਰੇਗੀ? ਮੈਂ ਇਸੇ ਕਰਕੇ ਇਹ ਗੱਲ ਪੁੱਛਦਾ ਹਾਂ ਕਿਉਂਕਿ ਇਹ ਮੁੱਦਾ ਬਹੁਤ ਅਹਿਮ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ:** ਸਰ, ਮੈਨੂੰ ਇਹ ਗੱਲ ਕਲੀਅਰ ਕਰ ਲੈਣ ਦਿਉ। ਕਾਂਟਸੀਚਿਊਐਂਸੀ ਦਾ ਮਤਲਬ ਇਹ ਨਹੀਂ ਕਿ ਜੇ ਕਿਸੇ ਹਲਕੇ ਵਿੱਚ 200 ਪਿੰਡ ਹਨ ਤਾਂ ਇਹ ਵੈਨ 200 ਪਿੰਡਾਂ ਵਿੱਚ ਹੀ ਜਾਵੇਗੀ। ਇੱਕ ਪਿੰਡ ਵਿੱਚ ਤਾਂ ਹੀ ਨਹੀਂ, ਸਰ, 10-10, 15-15 ਪਿੰਡਾਂ ਦੇ ਕਲੱਸਟਰ ਬਣਾ ਦਿੱਤੇ ਜਾਣਗੇ। ਇਹ ਸਭ ਕੁਝ ਪਰਾਪਰ ਪਲੈਨ ਕੀਤਾ ਹੋਇਆ ਹੈ। (ਥੰਪਿੰਗ) ਸਰਕਾਰ ਦੀ ਆਊਟ ਰੀਚ ਬਹੁਤ ਜ਼ਬਰਦਸਤ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਰ, ਮੈਂ ਇਸੇ ਉਪਰ ਗੱਲ ਕਰ ਰਿਹਾ ਹਾਂ ਜੀ। ਇਹ ਸਕੀਮ ਕੋਈ ਨਵੀਂ ਨਹੀਂ ਹੈ, ਸਗੋਂ ਇਹ ਸਕੀਮ ਪਹਿਲਾਂ ਦੀ ਹੀ ਹੈ। ਇਹ ਵੈਨਾਂ ਪਹਿਲਾਂ ਦੀਆਂ ਹੀ ਚੱਲ ਰਹੀਆਂ ਸੀ, ਉਦੋਂ ਘੱਟ ਗਿਣਤੀ ਵਿੱਚ ਚੱਲ ਰਹੀਆਂ ਸਨ। ਉਦੋਂ ਡਿਸਟ੍ਰਿਕਟ ਦੇ ਵਿੱਚ ਇੱਕ-ਇੱਕ ਜਾਂ ਦੋ-ਦੋ ਸੀ। ਹੁਣ ਇਨ੍ਹਾਂ ਨੇ ਗਿਣਤੀ ਵਿੱਚ ਜ਼ਿਆਦਾ ਕਰ ਦਿੱਤੀਆਂ ਹਨ। ਇਹ ਜਿਹੜੀਆਂ ਮੈਡੀਕਲ ਚੈੱਕ ਅੱਪ ਵੈਨਾਂ ਹਨ, ਇਹ ਇੱਕ ਤਰ੍ਹਾਂ ਦਾ ਜਿਵੇਂ ਮੈਡੀਕਲ ਕੈਂਪ ਹੁੰਦਾ ਹੈ, ਜਿਵੇਂ ਕੈਂਪ ਵਿੱਚ ਡਾਇਗਨੋਜ ਹੁੰਦਾ ਹੈ, ਉਨ੍ਹਾਂ ਨੇ ਡਾਇਗਨੋਜ ਕਰਨਾ ਹੈ ਅਤੇ ਨਾਲ ਹੀ ਇਨ੍ਹਾਂ ਨੇ ਕਿਹਾ ਹੈ ਕਿ ਉਹ ਪੈਰਾਸੀਟਾਮੋਲ ਅਤੇ ਐਂਟੀਬਾਇਓਟਿਕਸ ਦੀਆਂ ਦਵਾਈਆਂ ਦੇਣਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਪਿੰਡ ਵਿੱਚ ਜਦੋਂ ਵੈਨ ਜਾਵੇਗੀ ਤਾਂ ਉਸ ਪਿੰਡ ਦੀ ਦੂਜੀ ਵਾਰੀ ਕਮ-ਜ਼-ਕਮ ਛੇ ਮਹੀਨੇ ਬਾਅਦ ਆਉਣੀ ਹੈ। ਮੇਰੀ ਬੇਨਤੀ ਹੈ ਕਿ ਇਹ ਜਿਹੜਾ ਮੋਡਿਊਲ ਹੈ, ਇਹ ਕੋਈ ਬਹੁਤਾ ਸਕਸੈਸਫੁੱਲ ਮੋਡਿਊਲ ਨਹੀਂ ਹੈ। ਇਸ ਹਾਊਸ ਵਿੱਚ ਪਿਛਲੇ ਬਜਟ ਸੈਸ਼ਨ ਵਿੱਚ ਮੈਂ ਇੱਥੇ ਗੁਜਾਰਿਸ਼ ਕੀਤੀ ਸੀ, ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਇਸ ਟਾਈਮ ਸਿਹਤ ਅਤੇ ਵਿਦਿਆ ਦੇ ਕਨਸਰਨਿੰਗ ਸਾਰੇ ਹਾਊਸ ਨੂੰ ਇਕੱਠੇ ਹੋ ਕੇ ਪਾਰਟੀ ਲਾਈਨ ਤੋਂ ਉਪਰ ਉੱਠ ਕੇ ਪੂਰੇ ਪੰਜਾਬ ਵਾਸਤੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਬਹੁਤ ਜ਼ਰੂਰਤ ਹੈ ਕਿ ਇਨ੍ਹਾਂ ਦੋਵਾਂ ਖੇਤਰਾਂ ਵਿੱਚ ਪੰਜਾਬ ਨੂੰ ਅੱਗੇ ਲਿਜਾਇਆ ਜਾਵੇ। ਮੈਂ ਪਿਛਲੇ ਸੈਸ਼ਨ ਵਿੱਚ ਦੱਸਿਆ ਸੀ ਕਿ ਅਸੀਂ ਆਪਣੇ ਹਲਕੇ ਵਿੱਚ ਇਕ ਮੈਡੀਕਲ ਡਿਸਪੈਂਸਰੀ ਵੈਨ ਰਾਹੀਂ ਚਲਾ ਰਹੇ ਹਾਂ। ਉਸ ਵਿਚ ਇਕ ਡਾਕਟਰ ਹੈ, ਲੈਬ ਟੈਕਨੀਸ਼ੀਅਨ ਵੀ ਨਾਲ ਹੈ, ਨਾਲ ਦੀ ਨਾਲ ਮਰੀਜ਼ਾਂ ਦੇ ਟੈਸਟ ਕਰਦੇ ਹਾਂ, ਨਰਸ ਵੀ ਹੈ, ਕੰਪਾਊਂਡਰ ਵੀ ਹੈ ਅਤੇ ਦੋ ਡੀ-ਐਡਿਕਸ਼ਨ ਕਾਊਂਸਲਰ ਹਨ, ਉਹ ਵੈਨ 20 ਪਿੰਡਾਂ ਵਿਚ ਚੱਕਰ ਲਗਾਉਂਦੀ ਹੈ। ਹਰ ਪਿੰਡ ਵਿਚ ਹਫ਼ਤੇ ਬਾਅਦ ਜਾਂਦੀ ਹੈ। ਹਫ਼ਤੇ ਬਾਅਦ ਜਾ ਕੇ ਹਫ਼ਤੇ ਦੀ ਦਵਾਈ ਦਿੱਤੀ ਜਾਂਦੀ ਹੈ, ਹਫ਼ਤੇ ਬਾਅਦ ਫਿਰ ਜਾ ਕੇ ਚੈੱਕ ਕੀਤਾ ਜਾਂਦਾ ਹੈ, ਜੋ ਦਵਾਈ ਬਦਲਣ ਦੀ ਲੋੜ ਹੁੰਦੀ ਹੈ, ਉਹ ਦਵਾਈ ਬਦਲ ਕੇ ਦਿੱਤੀ ਜਾਂਦੀ ਹੈ। ਉਸ ਤਹਿਤ ਸਿਰਫ 10 ਰੁਪਏ ਦੀ ਪਰਚੀ ਲਈ ਜਾਂਦੀ ਹੈ, ਮਰੀਜ਼ਾਂ ਲਈ ਸਾਰੀ ਦਵਾਈ ਮੁਫਤ ਹੁੰਦੀ ਹੈ, ਟੈਸਟ ਵੀ ਮੁਫ਼ਤ ਕੀਤੇ ਜਾਂਦੇ ਹਨ, ਨਾਲ ਦੀ ਨਾਲ ਇਲਾਜ ਵੀ ਮੁਫ਼ਤ ਹੁੰਦਾ ਹੈ। ਸਿਰਫ 10 ਰੁਪਏ ਪਰਚੀ ਦੇ ਲਏ ਜਾਂਦੇ ਹਨ। ਉਸ ਵੈਨ ਨੂੰ ਚਲਦੇ ਹੋਏ ਡੇਢ ਸਾਲ ਹੋ ਗਿਆ ਅਤੇ ਪੰਜਾਹ ਹਜ਼ਾਰ ਦੇ ਕਰੀਬ ਮਰੀਜ਼ ਅਸੀਂ ਹੁਣ ਤੱਕ ਉਸ ਮੋਬਾਈਲ ਡਿਸਪੈਂਸਰੀ ਰਾਹੀਂ ਚੈੱਕ ਕਰ ਚੁੱਕੇ ਹਾਂ। ਉਹ ਇਕ ਬੜਾ ਲੋਅ ਕਾਸਟ ਮੋਡੀਊਲ ਹੈ। ਉਸ ਲੋਅ ਕਾਸਟ ਮੋਡੀਊਲ ਤਹਿਤ

ਅਸੀਂ ਇੱਕ ਪਿੰਡ ਤੇ ਸਿਰਫ 15000 ਰੁਪਿਆ ਮਹੀਨਾ ਖਰਚ ਕਰ ਰਹੇ ਹਾਂ। ਮੈਂ ਪਿਛਲੇ ਬਜਟ ਸੈਸ਼ਨ ਵਿਚ ਹੈਲਥ ਮਨਿਸਟਰ ਸਾਹਿਬ ਨੂੰ ਕਿਹਾ ਸੀ ਕਿ ਤੁਸੀਂ ਉਹ ਮੋਡੀਊਲ ਮੰਗਵਾ ਕੇ ਸਟੱਡੀ ਕਰੋ। ਮੈਂ ਹੁਣ ਵੀ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਉਸ ਮੋਡੀਊਲ ਨੂੰ ਸਟੱਡੀ ਕਰੋ। ਜੇਕਰ ਉਹ ਮੋਡੀਓਲ ਅਡਾਪਟ ਕੀਤਾ ਜਾਵੇ ਤਾਂ ਅਸੀਂ 100 ਕਰੋੜ ਰੁਪਏ ਵਿੱਚ ਸਾਰੇ ਦਾ ਸਾਰਾ ਪੰਜਾਬ ਕਵਰ ਕਰ ਸਕਦੇ ਹਾਂ, ਉਹ ਬੜਾ ਲੋਅ ਕਾਸਟ ਮੌਡਿਊਲ ਹੈ। ਮੰਤਰੀ ਸਾਹਿਬ, ਤੁਸੀਂ ਮੇਰੇ ਟਾਈਮ ਤੋਂ ਬਾਅਦ ਵਿੱਚ ਜਵਾਬ ਦੇ ਦੇਣਾ। ਨਹੀਂ ਤਾਂ ਮੇਰਾ ਸਮਾਂ ਉਨ੍ਹਾਂ ਨੇ ਕੱਟ ਦੇਣਾ ਹੈ। ਮੈਂ ਦੋ ਮਿੰਟ ਵਿੱਚ ਕਨਕਲੂਡ ਕਰ ਰਿਹਾ ਹਾਂ।

**ਮਾਨਯੋਗ ਸਪੀਕਰ:** ਟਾਈਮ ਤਾਂ ਤੁਹਾਡਾ ਹੋ ਗਿਆ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ। ਸਪੀਕਰ ਸਾਹਿਬ, ਜਿਹੜੇ ਮੋਡਿਊਲ ਦੀ ਇਹ ਗੱਲ ਕਰ ਰਹੇ ਹਨ, ਉਹ ਵਾਕਿਆ ਹੀ ਬੜਾ ਸਕਸੈਸਫੁੱਲ ਚਲ ਰਿਹਾ ਹੈ। ਮੈਂ ਇਨ੍ਹਾਂ ਦੀ ਇਸ ਕੰਮ ਵਾਸਤੇ ਸ਼ਲਾਘਾ ਕਰਦਾ ਹਾਂ। ਮੈਂ ਇਨ੍ਹਾਂ ਨੂੰ ਇਹ ਵੀ ਐਸ਼ਿਓਰ ਕੀਤਾ ਸੀ ਕਿ ਮੈਂ ਇਹ ਮੋਡੀਊਲ ਜਾ ਕੇ ਦੇਖ ਕੇ ਆਵਾਂਗਾ ਪਰ ਮੈਂ ਆਪਣੇ ਸਿਵਲ ਸਰਜਨਜ਼ ਤੋਂ ਰਿਪੋਰਟ ਲਈ ਹੈ, ਸਾਰੇ ਐਸ.ਐਮ.ਓਜ਼ ਤੋਂ ਰਿਪੋਰਟ ਲਈ ਹੈ, ਉਹ ਵਾਕਿਆ ਹੀ ਅੱਛਾ ਚਲ ਰਿਹਾ ਹੈ। ਮੈਂ ਇਨ੍ਹਾਂ ਦੀ ਸ਼ਲਾਘਾ ਕਰਦਾ ਹਾਂ। ਅਸੀਂ ਇਨ੍ਹਾਂ ਵਾਲੇ ਮੋਡੀਊਲ ਨੂੰ ਅਡਾਪਟ ਵੀ ਕਰਨਾ ਚਾਹਵਾਂਗੇ।ਫੂਲਕਾ ਸਾਹਿਬ, ਮੈਂ ਤੁਹਾਨੂੰ ਇਸ ਗੱਲ ਲਈ ਮੁਬਾਰਕਬਾਦ ਵੀ ਦਿੰਦਾ ਹਾਂ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਮੈਂ ਚਾਹੁੰਦਾ ਹਾਂ ਕਿ ਇਸ ਵੈਨ ਨੂੰ ਉਸ ਮੋਡੀਊਲ ਵਿਚ ਪਾਓ।

**ਮਾਨਯੋਗ ਸਪੀਕਰ:** ਫੂਲਕਾ ਜੀ, ਤੁਸੀਂ ਸੁਣਿਆ ਨਹੀਂ, ਉਹ ਕਹਿ ਰਹੇ ਹਨ ਕਿ ਅਸੀਂ ਅਡਾਪਟ ਕਰ ਰਹੇ ਹਾਂ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੈਂ ਉਹੀ ਗੱਲ ਇਨ੍ਹਾਂ ਨੂੰ ਕਹਿ ਰਿਹਾ ਹਾਂ ਕਿ ਜੇਕਰ ਇਹ 70 ਵੈਨਜ਼ ਵੀ ਆਪਾਂ ਇਸ ਸਕੀਮ ਦੀ ਬਜਾਏ ਉਸ ਸਕੀਮ ਨਾਲ ਚਲਾਈਏ ਤਾਂ ਕਮ-ਜ਼-ਕਮ ਪੰਜਾਬ ਦਾ ਚੌਥਾ ਹਿੱਸਾ ਕਵਰ ਹੋ ਜਾਵੇਗਾ, 300 ਵੈਨਾਂ ਵਿਚ ਪੂਰਾ ਪੰਜਾਬ ਕਵਰ ਹੋ ਜਾਵੇਗਾ।

**ਮਾਨਯੋਗ ਸਪੀਕਰ :** ਫੂਲਕਾ ਜੀ, ਕਨਕਲੂਡ ਕਰੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੈਂ ਕਨਕਲੂਡ ਕਰਨ

[ਸਰਦਾਰ ਹਰਵਿੰਦਰ ਸਿੰਘ ਫੂਲਕਾ]

ਲੱਗਾ ਹਾਂ ਜੀ। ਸਪੀਕਰ ਸਾਹਿਬ, ਮੈਂ ਇਕ ਡਿਮਾਂਡ ਕਰਨੀ ਸੀ। ਮੇਰੀ ਡਿਮਾਂਡ ਹੈ ਕਿ ਨਕੋਦਰ ਕਾਂਡ ਤਹਿਤ ਬੇਅਦਬੀ ਮਾਮਲੇ ਸਬੰਧੀ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਜੋ ਸਾਲ 1986 ਵਿੱਚ ਆਈ ਹੈ, ਉਹ ਟੇਬਲ ਨਹੀਂ ਕੀਤੀ ਗਈ, ਉਹ ਜਲਦੀ ਤੋਂ ਜਲਦੀ ਟੇਬਲ ਕੀਤੀ ਜਾਵੇ ਅਤੇ ਐਕਸ਼ਨ ਲਿਆ ਜਾਵੇ। ਦੂਜਾ ਜਿਹੜਾ ਬਰਗਾੜੀ ਕਾਂਡ ਅਤੇ ਨਾਲ ਦੀ ਨਾਲ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਹੈ, ਪਿਛਲੀ ਵਾਰੀ ਗਿੱਲ ਸਾਹਿਬ ਨੇ ਇਸ ਮਾਮਲੇ ਤੇ ਬਹੁਤ ਕੁਝ ਕਿਹਾ ਸੀ। ਪਿਛਲੇ ਸਦਨ ਵਿਚ ਪੂਰਾ ਇਕ ਦਿਨ ਇਸ ਮਾਮਲੇ ਤੇ ਬਹਿਸ ਕਰਵਾਈ ਗਈ ਸੀ। ਹੁਣ ਇਸ ਟਾਈਮ ਇਸ ਉਤੇ ਬਹਿਸ ਵਾਸਤੇ ਇਸ ਮੁੱਦੇ ਉਤੇ ਸਮਾਂ ਰੱਖਿਆ ਜਾਵੇ ਅਤੇ ਸਰਕਾਰ ਇਸ ਤੇ ਜਵਾਬ ਦੇਵੇ ਕਿਉਂਕਿ ਬਹੁਤ ਮਹੱਤਵਪੂਰਨ ਮਸਲੇ ਇਸ ਵਿਚ ਆਏ ਹਨ। ਜਿਹੜੇ ਸਬੂਤ ਡਿਸਟਰਾਏ ਕੀਤੇ ਗਏ ਹਨ, ਇਹ ਬਹੁਤ ਹੀ ਇੰਪਾਰਟੈਂਟ ਚੀਜ਼ ਹੈ। ਪਿਛਲੀ ਵਾਰੀ ਸਦਨ ਵਿਚ ਮੇਰੇ ਦੋਸਤ ਪੰਜ ਮੰਤਰੀ ਸਾਹਿਬਾਨ ਨੇ ਕਿਹਾ ਸੀ, ਉਸ ਤੋਂ ਬਾਅਦ ਉਸ ਬਾਰੇ ਵੀ ਕੋਈ ਮਤਾ ਪਾਸ ਨਹੀਂ ਹੋਇਆ ਸੀ ਅਤੇ ਸਦਨ ਨੇ ਵੀ ਇਹ ਨਹੀਂ ਕਿਹਾ ਕਿ ਉਸ ਵੇਲੇ ਦੇ ਮੁੱਖ ਮੰਤਰੀ ਅਤੇ ਡੀ.ਜੀ.ਪੀ. ਦੇ ਖਿਲਾਫ ਕੇਸ ਚੱਲੇਗਾ। ਹੁਣ ਤਾਂ ਸਾਫ ਜ਼ਾਹਰ ਹੋ ਗਿਆ ਹੈ ਕਿ ਜੋ ਐਵੀਡੈਂਸ ਡਿਸਟਰਾਏ ਹੋਇਆ ਹੈ, ਜੋ ਉਥੇ ਗੋਲੀ ਚਲੀ ਹੈ, ਉਹ ਕਿਸੇ ਦੇ ਆਰਡਰਾਂ ਦੇ ਮੁਤਾਬਿਕ ਨਹੀਂ ਚਲੀ, ਕਿਸੇ ਨੇ ਆਰਡਰ ਨਹੀਂ ਦਿੱਤਾ, ਉਹ ਇਕ ਮਰਡਰ ਹੈ। ਦੋਸ਼ੀ ਪੁਲਿਸ ਅਫਸਰ ਇਸ ਵਾਸਤੇ ਕੋਈ ਪ੍ਰੋਟੈਕਸ਼ਨ ਨਹੀਂ ਲੈ ਸਕਦੇ। ਇਸ ਮਰਡਰ ਦੀ ਕਾਂਸੀਪੀਰੇਸੀ ਵਿਚੋਂ ਉਪਰੋਂ ਜਿਸ ਦੇ ਵੀ ਹੁਕਮ ਆਏ ਹਨ ਤਾਂ ਉਹ ਜ਼ਿੰਮੇਵਾਰ ਹੈ, ਉਸ ਵੇਲੇ ਦੇ ਜੇ ਮੁੱਖ ਮੰਤਰੀ ਨੇ ਹੁਕਮ ਦਿੱਤੇ ਸਨ ਤਾਂ ਉਹ ਜ਼ਿੰਮੇਵਾਰ ਹੈ ਅਤੇ ਜੇਕਰ ਡੀ.ਜੀ.ਪੀ. ਨੇ ਹੁਕਮ ਦਿੱਤੇ ਸਨ ਤਾਂ ਉਹ ਜ਼ਿੰਮੇਵਾਰ ਹੈ। ਇਹ ਕਹਿਣਾ ਕਿ ਅਸੀਂ ਇਸ ਮਾਮਲੇ ਵਿਚ ਬਹੁਤ ਪ੍ਰੋਗਰੈਸ ਕੀਤੀ ਹੈ ਤਾਂ ਮੁਆਫ ਕਰਨਾ ਇਹ ਪ੍ਰੋਗਰੈਸ ਬਹੁਤ ਹੀ ਸਲੋਅ ਹੈ। ਸਿੱਧੂ ਸਾਹਿਬ ਨੇ ਵੀ ਪਿਛਲੀ ਵਾਰੀ ਸਦਨ ਵਿਚ ਕਿਹਾ ਸੀ ਕਿ ਦੋਸ਼ੀਆਂ ਨੂੰ ਅੱਜ ਹੀ ਫੜੋ, ਉਨ੍ਹਾਂ ਨੂੰ ਕਸਟਡੀ ਵਿਚ ਲਓ ਪਰ ਸਿੱਧੂ ਸਾਹਿਬ ਅੱਜ 6 ਮਹੀਨੇ ਹੋਣ ਵਾਲੇ ਹਨ ਪਰ ਅੱਜ ਤੱਕ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਸਪੀਕਰ ਸਾਹਿਬ, ਸਰਕਾਰ ਨੂੰ ਚਾਹੀਦਾ ਹੈ ਕਿ ਹੁਣ ਇਸ ਮਾਮਲੇ ਤੇ ਆਪਣੀ ਸਟੇਟਮੈਂਟ ਦੇਵੇ ਕਿਉਂ ਜੋ ਅਸੀਂ ਸੈਸ਼ਨ ਦਾ ਪੂਰਾ ਇਕ ਦਿਨ ਇਸ ਦੇ ਉਤੇ ਲਗਾਇਆ ਤੇ ਲਾਈਵ ਟੈਲੀਕਾਸਟ ਕੀਤਾ। ਸਿੰਪਲੀ ਇਸ ਮਾਮਲੇ ਤੇ ਕੇਵਲ ਇਕ ਐਮ.ਐਲ.ਏ. ਗਿੱਲ ਸਾਹਿਬ ਹੀ ਬੋਲ ਕੇ ਬੰਦ ਕਰ ਦੇਣ ਤਾਂ ਇਹ ਠੀਕ ਨਹੀਂ ਹੈ, ਪ੍ਰਾਪਰ ਨਹੀਂ ਹੈ। ਸਰਕਾਰ ਨੂੰ ਇਸ ਮਾਮਲੇ ਤੇ ਸਟੇਟਮੈਂਟ ਦੇਣੀ ਚਾਹੀਦੀ ਹੈ ਕਿ ਇਸ ਉਤੇ ਪ੍ਰਾਗਰੈਸ ਕੀ ਹੈ। ਪਿਛਲੀ ਵਾਰੀ ਜੋ

ਪੰਜ ਮੰਤਰੀਆਂ ਨੇ ਹਾਊਸ ਵਿੱਚ ਕਿਹਾ ਸੀ ਕਿ ਉਦੋਂ ਦੇ ਮੁੱਖ ਮੰਤਰੀ ਖਿਲਾਫ ਕੇਸ ਚਲਾਇਆ ਜਾਵੇਗਾ, ਉਹ ਹੁਣ ਤੱਕ ਕਿਉਂ ਨਹੀਂ ਚਲਿਆ? ਅਸੀਂ ਇਸ ਬਾਰੇ ਸਰਕਾਰ ਤੋਂ ਜਵਾਬ ਮੰਗਦੇ ਹਾਂ ਅਤੇ ਇਸ ਦਾ ਜਵਾਬ ਸਰਕਾਰ ਨੂੰ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਗੱਲ ਅੱਧੇ ਮਿੰਟ ਵਿੱਚ ਕਰਾਂਗਾ। ਸਪੀਕਰ ਸਾਹਿਬ, ਅਸੀਂ ਕੇਵਲ 18 ਹਜ਼ਾਰ ਦੀ ਕਾਸਟ ਤੇ ਸਮਾਰਟ ਕਲਾਸ ਰੂਮਜ਼ ਬਣਾਏ ਹਨ। ਮੈਨੂੰ ਸਦਨ ਨੂੰ ਇਹ ਦੱਸਦਿਆਂ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਮੈਂ ਆਪਣੇ ਹਲਕੇ ਦੇ ਸਾਰੇ 118 ਪ੍ਰਾਇਮਰੀ ਸਕੂਲਾਂ ਵਿਚ ਇਹ ਸਮਾਰਟ ਕਲਾਸ ਰੂਮਜ਼ ਬਣਾ ਦਿੱਤੇ ਹਨ। ਇਸ ਤੋਂ ਇਲਾਵਾ ਅਸੀਂ ਬਾਰਡਰ ਏਰੀਏ ਵਿਚ ਵੀ ਅਜਿਹੇ ਸਮਾਰਟ ਕਲਾਸ ਰੂਮਜ਼ ਬਣਾ ਰਹੇ ਹਾਂ। ਮੇਰੇ ਸਾਥੀ ਅਮਨ ਅਰੋੜਾ ਜੀ ਨੇ ਵੀ ਆਪਣੇ ਹਲਕੇ ਦੇ ਕਈ ਸਕੂਲਾਂ ਵਿਚ ਅਜਿਹੇ ਸਮਾਰਟ ਕਲਾਸ ਰੂਮਜ਼ ਬਣਾਏ ਹਨ। ਸੋ, ਪੰਜਾਬ ਦੇ ਤਰਕੀਬਨ 800 ਸਕੂਲਾਂ ਵਿਚ ਇਹ ਸਮਾਰਟ ਕਲਾਸ ਰੂਮਜ਼ ਬਿਨਾ ਸਰਕਾਰੀ ਮਦਦ ਤੋਂ ਐਨ.ਆਰ.ਆਈਜ਼ ਦੀ ਮਦਦ ਨਾਲ ਜਾਂ ਆਪਣੇ ਕੋਲੋਂ ਪਾ ਕੇ ਬਣਾਏ ਗਏ ਹਨ। ਸੋ, ਮੇਰੀ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਸਿਹਤ ਅਤੇ ਸਿੱਖਿਆ ਵਾਸਤੇ ਅਜਿਹੇ ਲੋਅ ਕਾਸਟ ਮੋਡਿਊਲ ਅਪਣਾਉਣੇ ਚਾਹੀਦੇ ਹਨ। ਧੰਨਵਾਦ ਜੀ।

**ਮਾਨਯੋਗ ਸਪੀਕਰ :** ਧੰਨਵਾਦ ਫੂਲਕਾ ਜੀ। ਹੁਣ ਮੇਰੀ ਗੱਲ ਸੁਣ ਲਓ। The Gurnam Singh Commission of Inquiry Report regarding the cause of death of Sardar Jagjit Singh Rode S/o Baba Joginder Singh ਮਿਤੀ 05.03.2001 ਨੂੰ ਅਤੇ The Inquiry Report of the Gurnam Singh Commission of Inquiry Punjab regarding Nakodar Incident ਸਦਨ ਦੀ ਮੇਜ਼ ਤੇ ਪੇਸ਼ ਕੀਤੀਆਂ ਗਈਆਂ ਸਨ। ਇਹ ਰਿਪੋਰਟਾਂ ਆਲਰੇਡੀ ਪੇਸ਼ ਹੋ ਚੁੱਕੀਆਂ ਹਨ। ਇਕ ਰਿਪੋਰਟ 16.12.1986 ਨੂੰ ਅਤੇ ਦੂਜੀ ਰਿਪੋਰਟ 05.03.2001 ਨੂੰ ਪੇਸ਼ ਹੋਈ ਹੈ। ਹੁਣ, ਸ਼੍ਰੀ ਪਵਨ ਕੁਮਾਰ ਟੀਨੂ ਜੀ ਬੋਲਣਗੇ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਜਿਹੜੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਹੈ, ਉਨ੍ਹਾਂ ਪਰਿਵਾਰਾਂ ਦੇ ਜਿਹੜੇ ਬੱਚਿਆਂ ਦੀ ਡੈੱਥ ਹੋਈ ਸੀ, ਜਿਹੜੇ ਸ਼ਹੀਦ ਹੋਏ ਸਨ, ਉਨ੍ਹਾਂ ਦੇ ਪੇਰੈਂਟਸ ਕੋਲ ਕਿਸੇ ਕੋਲ ਵੀ ਇਹ ਰਿਪੋਰਟ ਨਹੀਂ ਹੈ, ਨਾ ਹੀ ਉਸ ਰਿਪੋਰਟ ਉਤੇ ਕੋਈ ਕਾਰਵਾਈ ਹੋਈ ਹੈ। ਸੋ, Kindly ਆਪਣੇ ਫੈਕਟਸ ਚੈੱਕ ਕਰੋ ਜੀ ਤਾਂ ਕਿ ਜੇਕਰ ਉਸ ਸਮੇਂ ਇਹ ਰਿਪੋਰਟ ਪੇਸ਼ ਹੋਈ ਸੀ then we will request you ਕਿ ਸਾਨੂੰ ਵੀ

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

ਉਸ ਰਿਪੋਰਟ ਦੀ ਇਕ ਕਾਪੀ ਦਿੱਤੀ ਜਾਵੇ। ਉਹ ਪਰਿਵਾਰ ਅੱਜ ਵੀ ਰਿਪੋਰਟ ਦੀ ਉਡੀਕ ਕਰ ਰਹੇ ਹਨ, ਅੱਜ ਵੀ ਉਹ ਮੰਗ ਕਰ ਰਹੇ ਹਨ ਕਿ ਸਾਨੂੰ ਰਿਪੋਰਟ ਦਿੱਤੀ ਜਾਵੇ। ਸਾਨੂੰ ਵੀ ਇਹ ਰਿਪੋਰਟ ਦਿੱਤੀ ਜਾਵੇ..

**ਮਾਨਯੋਗ ਸਪੀਕਰ :** ਦੇਖੋ, ਇਸ ਗੱਲ ਦੇ ਦੋ ਪਾਰਟ ਹਨ। ਪਹਿਲਾ ਪਾਰਟ ਹੈ ਕਿ ਕੀ ਉਹ ਰਿਪੋਰਟ ਸਦਨ ਵਿਚ ਪੇਸ਼ ਹੋਈ? ਇਹ ਰਿਪੋਰਟ ਸਦਨ ਵਿਚ ਪੇਸ਼ ਹੋ ਚੁੱਕੀ ਹੈ। ਦੂਜਾ ਪਾਰਟ ਹੈ ਕਿ ਕੀ ਏ.ਟੀ.ਆਰ. ਪੇਸ਼ ਹੋਈ? ਕੀ ਐਕਸ਼ਨ ਟੇਕਨ ਰਿਪੋਰਟ ਪੇਸ਼ ਹੋਈ? ਐਕਸ਼ਨ ਟੇਕਨ ਰਿਪੋਰਟ ਪੇਸ਼ ਨਹੀਂ ਹੋਈ ਲੇਕਿਨ ਰਿਪੋਰਟ ਪੇਸ਼ ਹੋ ਚੁੱਕੀ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, according to those families ਉਨ੍ਹਾਂ ਦੀ ਜਿਹੜੀ ਪਰਸੈਪਸ਼ਨ ਹੈ, ਜਿਹੜੀ ਫੂਲਕਾ ਸਾਹਿਬ ਨੇ ਗੱਲ ਕਹੀ ਹੈ ਕਿ ਸਾਰੇ ਪਰਿਵਾਰ ਹਾਲੇ ਵੀ ਕਹਿੰਦੇ ਹਨ ਕਿ ਸਾਨੂੰ ਉਸ ਰਿਪੋਰਟ ਬਾਰੇ ਕੁਝ ਵੀ ਪਤਾ ਨਹੀਂ ਹੈ। ਸਰਕਾਰ ਨੇ ਉਸ ਰਿਪੋਰਟ ਨੂੰ ਕਿਤੇ ਵੀ ਜੱਗ ਜ਼ਾਹਰ ਨਹੀਂ ਕੀਤਾ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਫਿਰ ਕਲੈਰੀਫਾਈ ਕਰੋ ਜੀ, ਸਾਨੂੰ ਉਸ ਰਿਪੋਰਟ ਦੀ ਕਾਪੀ ਦੇ ਦਿਓ।

**ਮਾਨਯੋਗ ਸਪੀਕਰ :** ਤੁਸੀਂ ਕਾਪੀ ਵਿਧਾਨ ਸਭਾ ਤੋਂ ਲੈ ਲਓ, It is open.

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਠੀਕ ਹੈ ਜੀ। ਬਹੁਤ ਮਿਹਰਬਾਨੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਮੈਂ ਇਸ ਮਾਮਲੇ ਤੇ ਹੀ ਕਹਿਣਾ ਚਾਹੁੰਦਾ ਹਾਂ ਕਿ ਕਾਨੂੰਨ ਦੇ ਮੁਤਾਬਿਕ ਜਦੋਂ ਵੀ ਕੋਈ ਰਿਪੋਰਟ ਸਦਨ ਵਿਚ ਪੇਸ਼ ਹੁੰਦੀ ਹੈ ਤਾਂ ਨਾਲ ਦੀ ਨਾਲ ਐਕਸ਼ਨ ਟੇਕਨ ਰਿਪੋਰਟ ਵੀ ਪੇਸ਼ ਹੁੰਦੀ ਹੈ। ਜਿਹੜੀ ਇਹ ਰਿਪੋਰਟ ਬਿਨਾਂ ਐਕਸ਼ਨ ਟੇਕਨ ਰਿਪੋਰਟ ਦੇ ਪੇਸ਼ ਹੋਈ ਹੈ, ਇਹ ਰਿਪੋਰਟ ਤਾਂ ਮੰਨੀ ਹੀ ਨਹੀਂ ਜਾਵੇਗੀ...

**Mr. Speaker:** It is a question to be examined.

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਇਹ ** **** ਹੈ। ਇਹ ਲੀਗਲੀ ਤੌਰ ਤੇ ਹਾਊਸ ਦੇ ਵਿੱਚ ਪੇਸ਼ ਨਹੀਂ ਹੋਈ ਹੈ। ਇਹ ਲੀਗਲੀ

---

** Expunged as ordered by the Chair.

ਸਰਕਾਰ ਹੁਣ ਪੇਸ਼ ਕਰ ਸਕਦੀ ਹੈ...

**Mr. Speaker:** It is a question to be examined. ਹਾਂ ਜੀ, ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ (ਆਦਮਪੁਰ,ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਵੈਸੇ ਤਾਂ ਆਪਾਂ ਸਾਰੇ ਜਾਣਦੇ ਹਾਂ ਕਿ ਗਵਰਨਰ ਸਾਹਿਬ ਉਹੀ ਕੁਝ ਬੋਲਦੇ ਹਨ ਜੋ ਸਰਕਾਰ ਉਨ੍ਹਾਂ ਨੂੰ ਲਿਖ ਕੇ ਦਿੰਦੀ ਹੈ। ਸਰਕਾਰ ਦੇ ਪਿਛਲੇ 2 ਸਾਲਾਂ ਦੇ ਕੰਮ ਦੇ ਬਾਰੇ ਵਿੱਚ ਅੱਜ ਪੰਜਾਬ ਦਾ ਹਰ ਆਦਮੀ ਜਾਣਦਾ ਹੈ, ਚਾਹੇ ਕਿਸੇ ਵੀ ਸੈਕਟਰ ਦੀ ਗੱਲ ਕਰ ਲਈਏ।ਸਪੀਕਰ ਸਾਹਿਬ, ਪੰਜਾਬ ਵਿੱਚ ਕੁਝ ਨਹੀਂ ਹੋਇਆ। ਜ਼ਿਆਦਾਤਰ ਉਨ੍ਹਾਂ ਦੇ ਭਾਸ਼ਣ ਵਿੱਚ ਜਾਂ ਤਾਂ ਕੇਂਦਰ ਦੀਆਂ ਸਕੀਮਾਂ ਦਾ ਵੇਰਵਾ ਹੈ ਜਾਂ ਜਿਹੜੇ ਪਹਿਲਾਂ ਕੰਮ ਜੋ ਪਿਛਲੀ ਸਰਕਾਰ ਵੇਲੇ ਦੇ ਚੱਲ ਰਹੇ ਹਨ ਜਿਵੇਂ ਕਿ ਬਠਿੰਡਾ ਰਿਫਾਈਨਰੀ ਹੈ, ਫੂਡ ਪਾਰਕ ਹੈ, ਪੈਪਸੀ ਪ੍ਰੋਜੈਕਟ ਹੈ, ਨੈਸ਼ਨਲ ਹਾਈਵੇਜ਼ ਹਨ, ਬਿਸਤ ਦੁਆਬ ਹੈ, ਅਮਰੁਤ ਹੈ, ਸਮਾਰਟ ਸਿਟੀਜ਼ ਹਨ, ਇਹ ਸਾਰੀਆਂ ਕੇਂਦਰ ਸਰਕਾਰ ਦੀਆਂ ਸਕੀਮਾਂ ਹਨ। ਪੜ੍ਹੋ ਪੰਜਾਬ, ਰਮਸਾ ਵਗੈਰਾ, ਇਹ ਸਾਰੀਆਂ ਕੇਂਦਰ ਸਰਕਾਰ ਦੀਆਂ ਸਪਾਂਸਰਡ ਸਕੀਮਾਂ ਹਨ, ਜਿਨ੍ਹਾਂ ਦੇ ਬਾਰੇ ਭਾਸ਼ਣ ਦੇ ਵਿੱਚ ਕਿਹਾ ਗਿਆ ਹੈ। ਹੁਣੇ ਹੀ ਵੇਰਕਾ ਜੀ ਬੋਲ ਰਹੇ ਸੀ ਕਿ ਸਿਹਤ, ਦਵਾਈ ਤੇ ਪੜ੍ਹਾਈ। ਦਵਾਈ ਦੇ ਮਾਮਲੇ ਵਿੱਚ ਸਾਰਿਆਂ ਦੇ ਸਾਹਮਣੇ ਹੀ ਹੈ ਕਿ ਸਰਕਾਰੀ ਹਸਪਤਾਲਾਂ ਦੇ ਵਿੱਚ, ਮੈਂ ਜਨਰਲ ਗੱਲ ਨਹੀਂ ਕਰਨੀ, ਸਰਕਾਰੀ ਹਸਪਤਾਲਾਂ ਦੇ ਵਿੱਚ ਬੁਰਾ ਹਾਲ ਹੈ। ਤੁਸੀਂ ਜਲੰਧਰ ਹੀ ਦੇਖ ਲਓ। ਉਨ੍ਹਾਂ ਦਾ ਸਟਾਫ ਆਪੇ ਹੀ ਕਹੀ ਜਾਂਦਾ ਹੈ ਕਿ ਤੁਸੀਂ ਪੇਸ਼ੈਂਟ ਨੂੰ ਪ੍ਰਾਈਵੇਟ ਦਿਖਾ ਲਓ। ਇਹ ਅਖਬਾਰਾਂ ਵਿੱਚ ਆਇਆ ਹੈ। ਇਹ ਮੈਂ ਨਹੀਂ ਕਹਿ ਰਿਹਾ ਹਾਂ। ਫਿਲੌਰ ਵਿੱਚ ਇੱਕ ਡਾਕਟਰ ਨੇ ਇਲਾਜ ਕਰਨ ਦੇ ਪੈਸੇ ਲੈ ਲਏ, ਉਸ ਦੀ ਵੀਡੀਓ ਵਾਇਰਲ ਹੋ ਗਈ, ਇਹ ਵੀ ਤੁਹਾਡੇ ਸਾਹਮਣੇ ਹੈ। ਪਿਛਲੀ ਸਰਕਾਰ ਵਿੱਚ ਅਸੀਂ ਤਿੰਨ ਹਸਪਤਾਲ 5-5 ਕਰੋੜ ਰੁਪਏ ਦੇ 30-30 ਬੈੱਡਜ਼ ਵਾਲੇ ਬਣਾ ਕੇ ਗਏ ਸੀ। ਦਾਦਾ ਕਲੋਨੀ, ਖੁਰਲਾ ਕਿੰਗਰਾ ਅਤੇ ਬਸਤੀ ਗੁਜਾਨ। ਦੋ ਸਾਲ ਹੋ ਗਏ, ਉਨ੍ਹਾਂ ਵੱਲ ਹੈਲਥ ਡਿਪਾਰਟਮੈਂਟ ਨੇ ਹਾਲੇ ਤੱਕ ਦੇਖਿਆ ਹੀ ਨਹੀਂ ਹੈ ਤਾਂ ਕਿ ਲੋਕਾਂ ਨੂੰ ਕੋਈ ਫਾਇਦਾ ਨਾ ਹੋ ਜਾਵੇ। ਇਸ ਤਰ੍ਹਾਂ ਲੱਗਦਾ ਹੈ ਕਿ ਸਰਕਾਰ ਹੌਲੀ ਹੌਲੀ ਛੁਪਵੇਂ ਤਰੀਕੇ ਨਾਲ ਹੈਲਥ ਸੇਵਾਵਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਇਸੇ ਕਰਕੇ ਜਦੋਂ ਡੇਂਗੂ ਆਉਂਦਾ ਹੈ ਤਾਂ ਡੇਂਗੂ ਪੰਜਾਬ ਵਿੱਚ ਫੈਲ ਜਾਂਦਾ ਹੈ। ਪਿੱਛੇ ਜਿਹੇ ਕਿੰਨੇ ਹੀ ਲੋਕ ਪਟਿਆਲੇ ਵਿੱਚ ਮਰ ਗਏ। ਹੁਣ ਸਵਾਈਨ ਫਲੂ

[ਸ਼੍ਰੀ ਪਵਨ ਕੁਮਾਰ ਟੀਨੂ]

ਆ ਗਿਆ ਹੈ। ਸਾਡੇ ਜਲੰਧਰ ਵਿੱਚ ਜ਼ਿਆਦਾ ਬੁਰਾ ਹਾਲ ਹੈ। ਇੱਕ ਪੜ੍ਹੀ ਲਿਖੀ ਬੀ.ਕਾਮ ਕੁੜੀ ਚਾਰੂ ਭਾਰਗਵ ਨਗਰ ਦੀ ਸੀ, ਉਸ ਦੀ ਡੈਥ ਹੋ ਗਈ ਹੈ, ਹੁਣ ਉਸ ਦਾ ਸਾਰਾ ਪਰਿਵਾਰ ਵੀ ਹਸਪਤਾਲ ਦਾਖਲ ਹੈ ਕਿਉਂਕਿ ਉਹ ਸਾਰੇ ਵੀ infected virus ਦੇ ਸ਼ਿਕਾਰ ਹੋ ਗਏ ਹਨ। ਇਸ ਬਿਮਾਰੀ ਬਾਰੇ ਕੋਈ ਪ੍ਰਚਾਰ ਪ੍ਰਸਾਰ ਵੀ ਸਰਕਾਰ ਵੱਲੋਂ ਨਹੀਂ ਕੀਤਾ ਜਾ ਰਿਹਾ ਹੈ। ਪੜ੍ਹਾਈ ਦੀ ਗੱਲ ਕਰ ਲਈਏ, 800 ਸਰਕਾਰੀ ਸਕੂਲ ਬੰਦ ਕਰ ਦਿੱਤੇ ਗਏ ਹਨ। ਜੇ ਆਪਾਂ ਆਮ ਗਰੀਬ ਲੋਕਾਂ ਨੂੰ ਚੰਗੀ ਵਿੱਦਿਆ ਨਹੀਂ ਦੇ ਸਕਦੇ ਤਾਂ ਨੌਕਰੀਆਂ ਦੀ ਗੱਲ ਤਾਂ ਛੱਡ ਦਿਓ। ਆਪਾਂ ਉਨ੍ਹਾਂ ਗਰੀਬ ਲੋਕਾਂ ਦਾ ਜੀਵਨ ਕਿਸ ਤਰ੍ਹਾਂ ਸੁਧਾਰਾਂਗੇ, ਕਿੱਧਰ ਨੂੰ ਉਨ੍ਹਾਂ ਨੂੰ ਲੈ ਕੇ ਜਾਵਾਂਗੇ? ਇਹ ਗੱਲ ਤਾਂ ਕਰਨੀ ਬਣਦੀ ਨਹੀਂ ਹੈ ਜੇਕਰ ਅੱਛੀ ਪੜ੍ਹਾਈ (Quality Education) ਨਹੀਂ ਦੇ ਸਕਦੇ। ਸਾਡੀ ਸਰਕਾਰ ਨੇ ਮੈਰੀਟੋਰੀਅਸ ਸਕੂਲ ਬਣਾਏ ਸਨ ਤਾਂ ਕਿ ਸਰਕਾਰੀ ਸਕੂਲਾਂ ਤੋਂ ਪੜ੍ਹੇ ਬੱਚੇ ਜਿਨ੍ਹਾਂ ਦੇ 80% ਤੋਂ ਵੱਧ ਨੰਬਰ ਆਉਂਦੇ ਹਨ, ਉਨ੍ਹਾਂ ਨੂੰ ਪ੍ਰਾਈਵੇਟ ਪਬਲਿਕ ਸਕੂਲਾਂ ਦੇ ਬਰਾਬਰ ਦਾ ਸਟੈਂਡਰਡ ਦੇ ਕੇ, ਸਾਰਾ infrastructure ਦੇ ਕੇ ਉਨ੍ਹਾਂ ਨੂੰ ਪੜ੍ਹਾਈਏ ਤਾਂ ਕਿ ਉਹ ਮੈਡੀਕਲ, ਨਾਨ-ਮੈਡੀਕਲ ਫੀਲਡ ਵਿੱਚ ਜਾਣ ਔਰ ਉਨ੍ਹਾਂ ਮੈਰੀਟੋਰੀਅਸ ਸਕੂਲਾਂ ਦਾ ਰਿਜ਼ਲਟ ਵੀ ਆਇਆ ਹੈ। ਆਦਰਸ਼ ਸਕੂਲ ਬਣਾਏ ਗਏ ਸਨ। ਅੱਜ ਅਖਬਾਰਾਂ ਕਹਿ ਰਹੀਆਂ ਸਨ ਕਿ ਆਦਰਸ਼ ਸਕੂਲ ਵੀ ਬੰਦ ਹੋਣ ਕੰਢੇ ਹਨ, ਮੈਰੀਟੋਰੀਅਸ ਸਕੂਲਾਂ ਦਾ ਵੀ ਬੁਰਾ ਹਾਲ ਹੈ। ਉਥੇ ਟੀਚਰ ਨਹੀਂ ਹਨ ਅਤੇ ਪੈਸਾ ਨਹੀਂ ਦਿੱਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਉਸ ਤੋਂ ਬਾਅਦ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਲੈ ਕੇ ਪਲੱਸ-ਟੂ ਤੱਕ ਕੁੜੀਆਂ ਵਾਸਤੇ ਖਾਸ ਕਰਕੇ ਕੋਈ ਫੀਸ ਨਹੀਂ ਸੀ, ਪੜ੍ਹਾਈ ਮੁਫਤ ਸੀ, ਕਾਂਗਰਸ ਸਰਕਾਰ ਨੇ ਪਿਛਲੀ ਵਾਰੀ, 2017 ਵਿਚ ਆਪਣੇ ਮੈਨੀਫੈਸਟੋ ਵਿੱਚ ਪੇਜ ਨੰਬਰ 77 ਤੇ ਕਿਹਾ ਸੀ ਕਿ ਅਸੀਂ ਗਰੀਬ ਕੁੜੀਆਂ ਨੂੰ ਕਲਾਸ ਫਸਟ ਤੋਂ ਲੈ ਕੇ ਪੀ.ਐਚ.ਡੀ. ਤੱਕ ਮੁਫਤ ਪੜ੍ਹਾਈ ਦੇਵਾਂਗੇ। ਦੋ ਸਾਲ ਹੋ ਗਏ ਹਨ, ਮੁਫਤ ਤਾਂ ਕੀ ਦੇਣੀ ਸੀ, ਅੱਜ ਸਪੀਕਰ ਸਾਹਿਬ, ਦਸਵੀਂ ਤੇ 12ਵੀਂ ਦੀਆਂ ਕੁੜੀਆਂ ਨੂੰ ਐਗਜ਼ਾਮੀਨੇਸ਼ਨ ਫੀਸ 1200/- ਰੁਪਿਆ, 1500/- ਰੁਪਿਆ ਅਤੇ ਫਿਰ ਪ੍ਰਤੀ ਸਬਜੈਕਟ ਜਿਹੜੇ ਅਲਹਿਦਾ ਸਬਜੈਕਟ ਹੁੰਦੇ ਹਨ, ਉਨ੍ਹਾਂ ਤੇ 250 ਰੁਪਿਆ ਲਗਾ ਕੇ ਬੱਚਿਆਂ ਤੇ ਹੋਰ ਬੋਝ ਪਾ ਦਿੱਤਾ ਹੈ। ਸਪੀਕਰ ਸਾਹਿਬ, ਬਹੁਤ ਸਾਰੇ ਸਕੂਲਾਂ ਵਿੱਚ ਟੀਚਰਾਂ ਨੇ ਪੈਸੇ ਇਕੱਠੇ ਕਰਕੇ ਜਾਂ ਐਨ.ਆਰ.ਆਈਜ਼. ਕੋਲੋਂ ਜਾਂ ਪੰਚਾਇਤਾਂ ਕੋਲੋਂ ਪੈਸੇ ਲੈ ਕੇ ਉਨ੍ਹਾਂ ਬੱਚਿਆਂ ਦੀ ਐਗਜ਼ਾਮੀਨੇਸ਼ਨ ਫੀਸ ਜਮ੍ਹਾਂ ਕਰਵਾਈ ਗਈ ਹੈ ਤਾਂ ਕਿ ਬੱਚੇ ਪੇਪਰ ਦੇ ਸਕਣ। ਇਹ ਸਰਕਾਰੀ ਸਕੂਲਾਂ ਦੀ ਹਾਲਤ ਹੈ। ਸਪੀਕਰ ਸਾਹਿਬ, ਪਿੱਛੇ ਕਈ ਸਾਲਾਂ

ਤੋਂ ਗਰੀਬਾਂ ਦੇ ਬੱਚਿਆਂ ਨੂੰ, ਖਾਸ ਕਰਕੇ ਸਾਰੀਆਂ ਕੁੜੀਆਂ, ਸਰਕਾਰੀ ਸਕੂਲਾਂ ਦਾ ਕਰੀਬ 12 ਲੱਖ ਬੱਚਾ ਬਣਦਾ ਹੈ, ਸਾਰੀਆਂ ਕੁੜੀਆਂ ਬੀ.ਪੀ.ਐਲ. ਅਤੇ ਸ਼ਡਿਊਲਡ ਕਾਸਟ ਦੇ 12 ਲੱਖ ਪਰਿਵਾਰਾਂ ਨੂੰ ਪੰਜਾਬ ਵਿਚ ਸਰਦੀਆਂ ਦੀ ਵਰਦੀ ਦਿੱਤੀ ਜਾਂਦੀ ਸੀ। ਸਪੀਕਰ ਸਾਹਿਬ, ਇਹ ਪਹਿਲੀ ਵਾਰੀ ਕਾਂਗਰਸ ਦੀ ਸਰਕਾਰ ਵਿੱਚ ਹੋਇਆ ਹੈ, ਜਿਹੜੀ ਕਹਿੰਦੀ ਹੈ ਕਿ ਅਸੀਂ ਕੁੜੀਆਂ ਨੂੰ ਪੀ.ਐਚ.ਡੀ. ਕਰਵਾਉਣੀ ਹੈ, ਉਨ੍ਹਾਂ ਨੂੰ ਵਰਦੀ ਨਹੀਂ ਦੇ ਸਕੇ। ਸੈਂਟਰ ਕੋਲੋਂ 600 ਰੁਪਿਆ ਪ੍ਰਤੀ ਬੱਚਾ ਪੈਸੇ ਆਏ ਸਨ, ਲੇਕਿਨ ਉਨ੍ਹਾਂ ਬੱਚਿਆਂ ਨੂੰ ਵਰਦੀ ਹਾਲੇ ਤੱਕ ਨਹੀਂ ਪਹੁੰਚੀ, ਵਿੱਚ ਜਿਹੇ ਕਹਿ ਦਿੱਤਾ ਕਿ ਅਸੀਂ 15 ਜਨਵਰੀ ਤੱਕ ਵਰਦੀ ਮੁਹੱਈਆ ਕਰਵਾ ਦਿਆਂਗੇ, 15 ਜਨਵਰੀ ਵੀ ਨਿਕਲ ਗਈ । ਅੱਜ ਤੁਸੀਂ ਦੇਖ ਲਉ ਕਿ 13 ਫਰਵਰੀ ਹੋ ਗਈ ਹੈ। ਹੁਣ ਠੰਡ ਹੈ ਅਤੇ ਸਰਦੀ ਵਿੱਚ ਨਿਆਣੇ ਠੁਰ-ਠੁਰ ਕਰਦੇ ਰਹੇ। ਕਈਆਂ ਪਿੰਡਾਂ ਵਿੱਚ ਤਾਂ ਐਨ.ਆਰ.ਆਈਜ਼. ਨੇ ਪੈਸੇ ਦੇ ਕੇ ਵਰਦੀਆਂ ਪਹੁੰਚਾਈਆਂ, ਤੁਸੀਂ ਅਖਬਾਰਾਂ ਵਿੱਚ ਵੀ ਪੜ੍ਹਿਆ ਹੋਣਾ ਹੈ। ਉਨ੍ਹਾਂ ਨੇ ਵਰਦੀਆਂ ਲੈ ਕੇ ਦਿੱਤੀਆਂ, ਬੂਟ ਲੈ ਕੇ ਦਿੱਤੇ, ਕਿਉਂਕਿ ਠੰਡ ਬਹੁਤ ਸੀ। ਸਪੀਕਰ ਸਾਹਿਬ, ਉਹ ਵਰਦੀਆਂ ਦੇ ਪੈਸੇ ਕਿੱਥੇ ਗਏ ਜਿਹੜੇ ਕਿ ਸੈਂਟਰ ਗੌਰਮਿੰਟ ਨੇ ਭੇਜੇ? ਪੰਜਾਬ ਸਰਕਾਰ ਵੱਲੋਂ ਐਸੀ ਬੇਈਮਾਨੀ, ਗਰੀਬ ਬੱਚਿਆਂ ਦੇ ਨਾਲ ਐਸਾ ਵਿਵਹਾਰ ਕਿਉਂ ਕੀਤਾ ਗਿਆ?

ਸਪੀਕਰ ਸਾਹਿਬ, ਆਪਾਂ ਪੜ੍ਹਾਈ ਦੀ ਗੱਲ ਕਰਦੇ ਹਾਂ। ਕਹਿੰਦੇ ਸੀ ਕਿ ਅਸੀਂ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਟਰਾਂਸਪੋਰਟ ਫੈਸਿਲਿਟੀ ਮੁਹੱਈਆ ਕਰਵਾਵਾਂਗੇ। ਇਨ੍ਹਾਂ ਦੇ ਮੈਨੀਫੈਸਟੋ ਦੇ 77 ਪੇਜ਼ ਤੇ ਲਿਖਿਆ ਹੈ ਕਿ ਅਸੀਂ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਟਰਾਂਸਪੋਰਟ ਫੈਸਿਲਿਟੀ ਮੁਹੱਈਆ ਕਰਵਾਵਾਂਗੇ ਲੇਕਿਨ ਕਿਸੇ ਨੂੰ ਇਹ ਸਹੂਲਤ ਮਿਲੀ ਨਹੀਂ, ਕੋਈ ਬੱਸ ਦਾ ਪ੍ਰਬੰਧ ਨਹੀਂ ਹੋਇਆ। ਬਲਕਿ ਇਹ ਤਾਂ ਛੱਡੋ, ਪਿਛਲੀ ਸਰਕਾਰ ਵੱਲੋਂ ਕੁੜੀਆਂ ਨੂੰ ਦਿੱਤੇ ਜਾਂਦੇ ਸਾਈਕਲ ਵੀ ਖੋਹ ਲਏ ਗਏ..

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜਿਹੜੀ ਗੱਲ ਟੀਨੂ ਜੀ ਸਕਾਲਰਸ਼ਿਪ ਦੀ ਜਾਂ ਵਰਦੀਆਂ ਦੀ ਕਰ ਰਹੇ ਹਨ, ਇਹ ਉਸ ਸਮੇਂ ਦਾ ਘਪਲਾ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਸੀ। ਇਸ ਪੁਆਇੰਟ ਤੇ ਇਨ੍ਹਾਂ ਨੂੰ ਤਾਂ ਬੋਲਣ ਦਾ ਕੋਈ ਹੱਕ ਹੀ ਨਹੀਂ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਨ੍ਹਾਂ ਨੇ 1200 ਕਰੋੜ ਰੁਪਏ ਦਾ ਘਪਲਾ ਕੀਤਾ ਸੀ। ਉਸ ਉਤੇ ਸਾਡੇ ਮੰਤਰੀ ਵੀ ਪਰਦਾ ਪਾ ਰਹੇ ਹਨ, ਇਸੇ

[ਸਰਦਾਰ ਹਰਪਾਲ ਸਿੰਘ ਚੀਮਾ]

ਗੱਲ ਕਰਕੇ ਅੱਜ ਮੰਤਰੀ ਜੀ ਹਾਊਸ ਵਿੱਚ ਨਹੀਂ ਹਨ। ਉਹ ਲਗਾਤਾਰ ਕਹਿ ਰਹੇ ਹਨ ਕਿ ਆਡਿਟ ਹੋ ਰਿਹਾ ਹੈ, ਆਡਿਟ ਹੋ ਰਿਹਾ ਹੈ, ਆਡਿਟ ਦੇ ਨਾਂ ਤੇ ਬਹੁਤ ਵੱਡਾ ਘਪਲਾ ਹੋ ਰਿਹਾ ਹੈ...

**ਮਾਨਯੋਗ ਸਪੀਕਰ :** ਤੁਸੀਂ ਬੋਲਣਾ ਹੈ, ਤੁਸੀਂ ਕਹਿ ਲਿਉ। ਤੁਸੀਂ ਜਦੋਂ ਬੋਲਣਾ ਹੈ, ਉਦੋਂ ਕਹਿ ਲਿਉ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੰਤਰੀ ਸਾਹਿਬ ਹਾਜ਼ਰ ਤਾਂ ਰਹਿਣੇ ਚਾਹੀਦੇ ਹਨ, ਉਨ੍ਹਾਂ ਦੇ ਨਾਲ ਸਬੰਧਿਤ ਗੱਲ ਚੱਲ ਰਹੀ ਹੈ। ਸਾਰੇ ਮੰਤਰੀ ਹਾਜ਼ਰ ਹੋਣੇ ਚਾਹੀਦੇ ਹਨ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ........

**ਮਾਨਯੋਗ ਸਪੀਕਰ :** ਟੀਨੂ ਜੀ, ਇੱਕ ਸੈਕਿੰਡ। ਸ੍ਰੀ ਬ੍ਰਹਮ ਮਹਿੰਦਰਾ ਜੀ, ਅੱਜ ਮੰਤਰੀ ਸਾਹਿਬਾਨ ਦੀ ਹਾਜ਼ਰੀ ਘੱਟ ਹੈ, ਇਸ ਨੂੰ ਐਨਸ਼ਿਓਰ ਕਰੋ। ਇਹ ਐਨਸ਼ਿਓਰ ਕਰੋ। (ਵਿਘਨ)

**ਸੰਸਦੀ ਮਾਮਲੇ ਮੰਤਰੀ :** ਸੀ.ਐਮ. ਸਾਹਿਬ ਨੇ ਬੈਠਣਾ ਸੀ, ਉਹ ਹਾਈ ਕੋਰਟ ਗਏ ਹਨ, ਕੋਈ ਪੇਸ਼ੀ ਸੀ। ਨਹੀਂ ਤਾਂ ਉਨ੍ਹਾਂ ਨੇ ਇੱਥੇ ਹੀ ਰਹਿਣਾ ਸੀ।

**ਮਾਨਯੋਗ ਸਪੀਕਰ :** ਲੇਕਿਨ ਬਾਕੀ ਮੰਤਰੀ ਸਾਹਿਬਾਨ, ਬਾਕੀ ਮੰਤਰੀ ਸਾਹਿਬਾਨ ਅਤੇ ਤੁਹਾਡੇ ਅਫ਼ਸਰ ਸਾਹਿਬਾਨ।

**ਸੰਸਦੀ ਮਾਮਲੇ ਮੰਤਰੀ :** ਮੈਂ ਚੈੱਕ ਕਰ ਲੈਂਦਾ ਹਾਂ ਜੀ।

**ਮਾਨਯੋਗ ਸਪੀਕਰ :** ਟੀਨੂ ਜੀ, ਕਨਕਲੂਡ ਕਰੋ, ਤੁਹਾਡਾ ਟਾਈਮ ਹੋ ਗਿਆ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਨੇ ਕਿਹਾ ਕਿ ਫਰਾਡ ਹੋ ਗਿਆ। ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਮੈਂ ਕਿਹੜੀ ਗੱਲ ਕਰ ਰਿਹਾ ਹਾਂ। ਮੈਂ ਗੱਲ ਕਰ ਰਿਹਾ ਹਾਂ ਵਰਦੀਆਂ ਦੀ। 600 ਰੁਪਿਆ ਪ੍ਰਤੀ ਬੱਚਾ ਕੇਂਦਰ ਸਰਕਾਰ ਕੋਲੋਂ ਆਇਆ ਹੈ। ਮੈਂ ਹਾਲੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਛੇੜਿਆ ਹੀ ਨਹੀਂ। ਤੁਹਾਨੂੰ ਤਾਂ ਪਤਾ ਹੀ ਨਹੀਂ ਕਿ ਮਾਮਲਾ ਕੀ ਹੈ। ਉਹ ਵਰਦੀਆਂ ਨਹੀਂ ਆਈਆਂ। (ਸ਼ੋਰ) (ਵਿਘਨ) ਮੈਂ ਦੱਸ ਰਿਹਾ ਹਾਂ (ਆਮ ਆਦਮੀ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਤੁਹਾਨੂੰ ਤਾਂ ਪਤਾ ਹੀ ਨਹੀਂ ਕਿ ਇਹ ਮਾਮਲਾ ਕੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਬੈਠੇ ਬੈਠੇ ਬੋਲ ਰਹੇ ਸਨ।)

**Mr. Speaker :** No running commentary, no running commentary please.

**ਸ਼੍ਰੀ ਪਵਨ ਕੁਮਾਰ ਟੀਨੂ :** ਤੁਹਾਡੇ ਹੱਥ ਵਿੱਚ ਤਾਂ ਬਟੇਰਾ ਆ ਗਿਆ ਹੈ, ਤੁਸੀਂ ਚੁੱਪ ਰਹੋ, ਤੁਹਾਨੂੰ ਨਹੀਂ ਪਤਾ। ਸਪੀਕਰ ਸਾਹਿਬ, ਪੋਸਟ ਮੈਟ੍ਰਿਕ ਸਕਾਲਰਸ਼ਿਪ, ਜਿਸ ਵਾਸਤੇ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਨੇ ਪੰਜਾਬ ਵਿੱਚ ਸੰਘਰਸ਼ ਵੀ ਲੜਿਆ, ਅਸੀਂ ਮੈਦਾਨ ਵਿੱਚ ਆਏ, ਸੜਕਾਂ ਤੇ ਵੀ ਆਏ ਅਤੇ ਮੰਤਰੀ ਸਾਹਿਬ ਦੀ ਕੋਠੀ ਵੀ ਘੇਰੀ। ਇਹ ਸਾਡੇ ਅੰਦਰ ਦੁੱਖ ਹੈ, ਕਿਉਂਕਿ ਉਹ ਸਾਡੇ ਬੱਚੇ ਹਨ, ਸ਼ਡਿਊਲਡ ਕਾਸਟ ਬੱਚੇ ਹਨ। ਸਪੀਕਰ ਸਾਹਿਬ, ਪੂਰੇ ਦੇਸ਼ ਵਿੱਚ ਇਹ ਪਹਿਲੀ ਉਦਾਹਰਣ ਹੈ। ਐਮ.ਐਚ.ਆਰ.ਡੀ. ਦੀ ਰਿਪੋਰਟ ਹੈ ਕਿ ਇੱਕ ਲੱਖ ਸ਼ਡਿਊਲਡ ਕਾਸਟ ਬੱਚਾ ਇਸ ਸਾਲ ਕਾਲਜਾਂ ਵਿੱਚ ਐਡਮਿਸ਼ਨ ਨਹੀਂ ਲੈ ਸਕਿਆ। ਕਿਉਂ? ਕਿਉਂਕਿ ਪ੍ਰਾਈਵੇਟ ਕਾਲਜਾਂ ਵਾਲੇ ਉਨ੍ਹਾਂ ਤੋਂ ਫੀਸ ਮੰਗਦੇ ਹਨ। ਅਸੀਂ ਸਾਰੇ ਭੁਗਤਦੇ ਹਾਂ, ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਪਤਾ ਹੈ। (ਵਿਘਨ) ਹੁਣ ਕੱਢਿਆ ਜਾ ਰਿਹਾ ਹੈ।

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਤੁਸੀਂ ਬੋਲਣਾ ਹੈ, ਉਦੋਂ ਤੁਸੀਂ ਗੱਲ ਕਰ ਲੈਣਾ। ਤੁਹਾਡੀ ਵਾਰੀ ਆਉਣੀ ਹੈ, ਤੁਸੀਂ ਬੋਲਣਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੈਂ ਆਪ ਕਾਲਜਾਂ ਵਿੱਚ ਜਾ ਕੇ, ਨਵਾਂ ਸ਼ਹਿਰ ਦੇ ਕਾਲਜ HMV College, DIPS College, SD College, Saint Soldier College ਵਿੱਚ ਜਾ ਕੇ ਆਪ ਮੈਨੇਜਮੈਂਟ ਨਾਲ ਗੱਲ ਕਰਕੇ, ਲੋਕਾਂ ਤੋਂ ਪੈਸੇ ਇਕੱਠੇ ਕਰਕੇ ਉਨ੍ਹਾਂ ਕੁੜੀਆਂ ਦੀਆਂ ਫੀਸਾਂ ਭਰੀਆਂ ਹਨ।

**ਮਾਨਯੋਗ ਸਪੀਕਰ :** ਤੁਸੀਂ ਕਨਕਲੂਡ ਕਰੋ, ਤੁਹਾਡੇ ਸਾਥੀਆਂ ਨੇ ਬੋਲਣਾ ਹੈ। ਤੁਹਾਡੇ ਸਾਥੀਆਂ ਨੇ ਬੋਲਣਾ ਹੈ। ਤੁਸੀਂ ਆਪਣੇ ਸਾਥੀਆਂ ਦਾ ਟਾਈਮ ਲੈ ਰਹੇ ਹੋ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਵਿੱਚ ਟੋਕਣ ਵਾਲੇ ਕਿੰਨੇ ਹਨ, ਹੁਣ ਤੁਸੀਂ ਤਾਂ ਬੋਲਣ ਦਿਓ ਜੀ। ਦੂਜੀ ਗੱਲ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਟਾਈਮਜ਼ ਦੇ ਵਿੱਚ ਰਿਪੋਰਟ ਸੀ ਅਤੇ ਇਨ੍ਹਾਂ ਨੇ ਹਾਊਸ ਵਿੱਚ ਵੀ ਕਿਹਾ ਸੀ ਕਿ ਅਸੀਂ ਪ੍ਰਾਈਵੇਟ

[ਸ਼੍ਰੀ ਪਵਨ ਕੁਮਾਰ ਟੀਨੂ]

ਇੰਸਟੀਚਿਊਸ਼ਨ ਦਾ 400 ਕਰੋੜ ਰੁਪਏ ਦਾ ਘਪਲਾ ਫੜਿਆ ਹੈ। ਹੁਣ, ਦੋ ਸਾਲ ਹੋ ਗਏ ਹਨ। ਇਨ੍ਹਾਂ ਨੂੰ ਕਹੋ ਕਿ ਉਹ 400 ਕਰੋੜ ਰੁਪਏ ਦੇ ਘਪਲੇ ਦੀ ਜਿਹੜੀ ਰਿਪੋਰਟ ਹੈ ਉਹ ਹਾਊਸ ਵਿੱਚ ਲੈ ਕੇ ਆਉਣ । ਨੰਬਰ ਦੂਜਾ ਜਿਹੜਾ ਇੱਕ ਲੱਖ ਬੱਚਾ ਅਣਗੋਲਿਆ ਕਰ ਦਿੱਤਾ ਹੈ, ਜਿਹੜਾ ਐਡਮਿਸ਼ਨ ਨਹੀਂ ਲੈ ਸਕਿਆ ਹੈ, ਉਨ੍ਹਾਂ ਤੋਂ ਇਹ ਮਾਫੀ ਮੰਗਣ, ਸਰਕਾਰ ਉਨ੍ਹਾਂ ਬੱਚਿਆਂ ਤੋਂ ਮਾਫੀ ਮੰਗੇ।

(ਇਸ ਸਮੇਂ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਸ਼੍ਰੀ ਪਵਨ ਕੁਮਾਰ ਟੀਨੂ :** ਇੱਕ ਮਿੰਟ ਜੀ, ਤੁਸੀਂ ਇਕੱਠਾ ਹੀ ਜਵਾਬ ਦੇ ਦਿਓ। ਇਸ ਵੇਲੇ ਹੁਣ ਨੌਕਰੀਆਂ ਦੀ ਗੱਲ ਕਰਦੇ ਹਾਂ। ਘਰ-ਘਰ ਨੌਕਰੀ ਲਈ ਰੁਜ਼ਗਾਰ ਬਿਊਰੋ ਬਣਾ ਦਿੱਤੇ, ਮੇਲੇ ਲਗਾ ਦਿੱਤੇ, ਅਖਬਾਰਾਂ ਵਿੱਚ ਇਸ਼ਤਿਹਾਰ ਦੇ ਦਿੱਤੇ ਕਿ ਅਸੀਂ 1 ਲੱਖ 30 ਹਜ਼ਾਰ ਨੌਕਰੀ ਦੇ ਦਿੱਤੀ ਹੈ। ਸਪੀਕਰ ਸਾਹਿਬ, ਉਹ ਨੌਕਰੀ ਪ੍ਰਾਈਵੇਟ ਪਲੇਸਮੈਂਟ ਵਿੱਚ ਪ੍ਰਾਈਵੇਟ ਸਕੂਲਾਂ, ਕਾਲਜਾਂ ਨੇ ਦਿੱਤੀ ਹੈ, ਇਨ੍ਹਾਂ ਨੇ ਨਹੀਂ ਦਿੱਤੀ ਹੈ। ਇਨ੍ਹਾਂ ਨੇ ਜਾ ਕੇ ਆਪਣੀ ਪੰਜੇ ਦੀ ਮੋਹਰ ਲਗਾ ਦਿੱਤੀ ਹੈ। ਸਪੀਕਰ ਸਾਹਿਬ, ਇਹ ਦੱਸਣ, ਇਹ ਮੇਰੇ ਕੋਲ ਰਿਪੋਰਟ ਹੈ (ਰਿਪੋਰਟ ਦਿਖਾਉਂਦੇ ਹੋਏ) ਇਹ ਲੁਧਿਆਣੇ ਦੀ ਹਿੰਦੁਸਤਾਨ ਟਾਈਮਜ਼ ਦੀ ਖਬਰ ਹੈ ਕਿ ਘਰ-ਘਰ ਰੋਜ਼ਗਾਰ Fair in Ludhiana, No job. Only one job seeker turned up. ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਰੁਜ਼ਗਾਰ ਬਿਊਰੋ ਖੋਲ੍ਹਿਆ ਇਨ੍ਹਾਂ ਨੇ ਪੰਜਾਬ ਵਿੱਚ ਉਸ ਵਿੱਚ ਕੇਵਲ 250 ਬੱਚਾ ਐਂਟਰ ਕੀਤਾ ਹੈ(ਵਿਘਨ)

**ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ :** ਸਪੀਕਰ ਸਾਹਿਬ,...

**ਸ਼੍ਰੀ ਪਵਨ ਕੁਮਾਰ ਟੀਨੂ :** ਨਹੀਂ ਜੀ, ਨਹੀਂ, ਤੁਸੀਂ ਮੰਤਰੀ ਹੋ, ਇੱਥੇ ਹਾਜ਼ਰ ਰਹੋ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਸਾਧੂ ਸਿੰਘ ਜੀ। ਸਰਦਾਰ ਸਾਧੂ ਸਿੰਘ ਜੀ ਤੁਸੀਂ ਕੀ ਕਹਿਣਾ ਚਾਹੁੰਦੇ ਹੋ, ਹਾਂ ਜੀ, ਦੱਸੋ।

**ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਸਕਾਲਰਸ਼ਿਪ ਦੀ ਪੇਮੈਂਟ ਨਹੀਂ ਹੋਈ ਹੈ, ਸਕੂਲਾਂ ਵਿੱਚ ਇੱਕ ਲੱਖ ਬੱਚਾ ਦਾਖਲੇ ਤੋਂ ਰਹਿ ਗਿਆ ਹੈ। (ਵਿਘਨ) ਇੱਕ ਮਿੰਟ,

ਹੁਣ, ਸੁਣ ਲਓ, ਇਸ ਤਰ੍ਹਾਂ ਨਾ ਕਰੋ। ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪਿਛਲੀ ਦਸ ਸਾਲ ਦੀ ਸਰਕਾਰ ਦੇ ਸਮੇਂ ਸੀ। ਇਹ ਸਾਲ 2013-14, 2015-16, 2016-17 ਦਾ ਇੱਕ ਵੀ ਸਕਾਲਰਸ਼ਿਪ ਦਾ ਪੈਸਾ ਨਹੀਂ ਦੇ ਕੇ ਗਏ, ਅਸੀਂ ਆਪ ਦਿਨ ਰਾਤ ਮਿਹਨਤ ਕਰਕੇ ਦਿੱਲੀ ਵਿੱਚ ਆਪ ਗੇੜੇ ਲਗਾ ਕੇ, ਇਨ੍ਹਾਂ ਨੇ ਤਾਂ ਕਦੇ ਦਿੱਲੀ ਦਾ ਮੂੰਹ ਨਹੀਂ ਦੇਖਿਆ ਸੀ, ਅਸੀਂ ਆਪ ਗੇੜੇ ਲਗਾ ਲਗਾ ਕੇ ਅਸੀਂ ਪੈਸੇ ਦੇ ਦਿੱਤੇ ਹਨ। (ਵਿਘਨ) ਕਰੋ ਚੈਲੇਂਜ। ਸਾਲ 2013-14, 2015-16 ਅਤੇ ਸਾਲ 2016-17 ਦਾ ਪੈਸਾ ਅਸੀਂ ਕਲੀਅਰ ਕੀਤਾ ਹੈ। ਤੁਹਾਡਾ ਕਰਜ਼ਾ ਅਸੀਂ ਲਾਹਿਆ ਹੈ। ਸਾਲ 2016-17 ਦੇ ਸਕਾਲਰਸ਼ਿਪ ਦੇ ਪੈਸੇ ਅਸੀਂ ਕਲੀਅਰ ਕਰ ਦਿੱਤੇ ਹਨ।

**ਮਾਨਯੋਗ ਸਪੀਕਰ :** ਸਾਧੂ ਸਿੰਘ ਜੀ ਬੈਠੋ। ਬੈਠੋ, ਬੈਠੋ, ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ :** ਆਡਿਟ ਦਾ ਕੀ ਬਣਿਆ ਹੈ?

**ਮਾਨਯੋਗ ਸਪੀਕਰ :** ਤੁਸੀਂ ਬੋਲਣਾ ਹੈ, ਬਾਅਦ ਵਿੱਚ ਕਹਿ ਲੈਣਾ, ਜਦੋਂ ਤੁਸੀਂ ਬੋਲਣਾ ਹੈ, ਉਦੋਂ ਗੱਲ ਕਰ ਲਿਓ। ਤੁਸੀਂ ਗਵਰਨਰ ਐਡਰੈਸ ਤੇ ਬੋਲਣਾ ਹੈ ਉਦੋਂ ਗੱਲ ਕਰ ਲੈਣਾ। ਟੀਨੂ ਜੀ, ਤੁਸੀਂ ਆਪਣੇ ਸਾਥੀਆਂ ਦਾ ਟਾਈਮ ਲੈ ਰਹੇ ਹੋ।

**ਸ਼੍ਰੀ ਪਵਨ ਕੁਮਾਰ ਟੀਨੂ :** ਕੋਈ ਨਹੀਂ ਮੈਂ ਉਨ੍ਹਾਂ ਦਾ ਟਾਈਮ ਲੈ ਲਵਾਂਗਾ। ਸਪੀਕਰ ਸਾਹਿਬ, ਸਾਨੂੰ ਪਤਾ ਹੈ ਕਿ ਮੰਤਰੀ ਜੀ ਨੇ ਪਹਿਲਾਂ ਕਈ ਵਾਰੀ ਹਾਊਸ ਵਿੱਚ ਬਿਆਨ ਦਿੱਤੇ ਹਨ। ਇਨ੍ਹਾਂ ਨੇ ਕਹਿ ਦਿੱਤਾ ਕਿ ਮੈਂ ਹਾਊਸ ਵਿੱਚ ਬਿਆਨ ਦੇ ਰਿਹਾ ਹਾਂ, ਭਾਵੇਂ ਮੇਰੀ ਇਨ੍ਹਾਂ ਨਾਲ ਬਹਿਸ ਕਰਵਾ ਲਓ। ਇਹ ਆਪ ਮੇਰੇ ਸਵਾਲ ਦੇ ਜਵਾਬ ਵਿੱਚ ਵਿਧਾਨ ਸਭਾ ਵਿੱਚ ਕਹਿ ਕੇ ਗਏ ਹਨ ਕਿ ਸਾਲ 2016-17 ਵਿੱਚ 280 ਕਰੋੜ ਰੁਪਏ ਆਏ ਅਤੇ ਅਸੀਂ 280 ਕਰੋੜ ਰੁਪਏ ਦੇ ਦਿੱਤੇ। ਸਪੀਕਰ ਸਾਹਿਬ, ਉਹ ਪੈਸੇ ਅਸੀਂ ਦੇ ਕੇ ਗਏ ਹਾਂ। ਸਾਲ 2016-17 ਵਿੱਚ ਸਾਡੀ ਸਰਕਾਰ ਸੀ। ਸਪੀਕਰ ਸਾਹਿਬ, ਇਨ੍ਹਾਂ ਦੇ ਮਹਿਕਮੇ ਵਿੱਚ ਮੈਂ ਦੱਸਦਾ ਹਾਂ ਅਤੇ ਇਹ ਸਾਰੇ ਐਮ.ਐਲ.ਏ. ਜਾਣਦੇ ਹਨ (ਵਿਘਨ) ਹੁਣ ਮੈਨੂੰ ਬੋਲਣ ਦਿਓ। ਸਪੀਕਰ ਸਾਹਿਬ, ਇਹ ਗਰੀਬ ਲੋਕਾਂ ਦਾ ਮਾਮਲਾ ਹੈ, ਪੜ੍ਹਾਈ ਦਾ ਮਾਮਲਾ ਹੈ, ਮੈਨੂੰ ਬੋਲਣ ਦਿਓ। ਜਾਂ ਤਾਂ ਇਹ ਅਸਤੀਫਾ ਦੇਣ ਜਾਂ ਮੈਂ ਅਸਤੀਫਾ ਦਿਆਂਗਾ। ਮੇਰੇ ਨਾਲ ਬਹਿਸ ਕਰਵਾਓ।(ਵਿਘਨ)(ਸ਼ੋਰ) ਇਨ੍ਹਾਂ ਦੇ ਮਹਿਕਮੇ ਵਿੱਚ ਕੁਰੱਪਸ਼ਨ ਹੈ, ਸਾਰੇ ਐਮ.ਐਲ.ਏ. ਜਾਣਦੇ ਹਨ ਕਿ ਇਨ੍ਹਾਂ ਦੇ ਮਹਿਕਮੇ ਵਿੱਚ 3%, 5% ਲੈ ਕੇ ਇਨ੍ਹਾਂ ਦੇ ਅਫਸਰਾਂ ਨੇ ਪ੍ਰਾਈਵੇਟ ਕਾਲਜਾਂ ਨੂੰ ਪੈਸੇ ਜਾਰੀ ਕਰ ਦਿੱਤੇ...

(ਇਸ ਸਮੇਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਸਰਦਾਰ ਸਾਧੂ ਸਿੰਘ ਜੀ, ਤੁਸੀਂ ਬੈਠ ਜਾਓ। ਬੈਠੋ, ਬੈਠੋ, ਬੈਠੋ। ਸਾਧੂ ਸਿੰਘ ਜੀ, ਬੈਠ ਜਾਓ।

**ਸ਼੍ਰੀ ਪਵਨ ਕੁਮਾਰ ਟੀਨੂ :** ਇਨ੍ਹਾਂ ਦੇ ਮਹਿਕਮੇ ਵਿੱਚ ਕੁਰੱਪਸ਼ਨ ਹੈ, ਇਨ੍ਹਾਂ ਨੇ ਸਾਡੇ ਸਮਾਜ ਦਾ ਬੇੜਾ ਬਿਠਾ ਦਿੱਤਾ ਹੈ। ਸਪੀਕਰ ਸਾਹਿਬ, ਇਹ ਵਿਧਾਨ ਸਭਾ ਵਿੱਚ ਝੂਠ ਬੋਲ ਰਹੇ ਹਨ। ਇਨ੍ਹਾਂ ਨੂੰ ਮਹਿਕਮਾ ਚਲਾਉਣਾ ਨਹੀਂ ਆਉਂਦਾ ਹੈ। ਇਨ੍ਹਾਂ ਨੇ ਇੱਕ ਲੱਖ ਬੱਚਾ ਮਾਰ ਦਿੱਤਾ। ਇਨ੍ਹਾਂ ਨੂੰ ਜਵਾਬ ਦੇਣਾ ਪਵੇਗਾ। (ਵਿਘਨ)

**ਮਾਨਯੋਗ ਸਪੀਕਰ :** ਚਲੋ ਹੋ ਗਿਆ, ਟੀਨੂ ਜੀ, ਹੋ ਗਿਆ, ਟੀਨੂ ਜੀ, ਕਨਕਲੂਡ ਕਰੋ।

**ਸ਼੍ਰੀ ਪਵਨ ਕੁਮਾਰ ਟੀਨੂ :** ਨਹੀਂ, ਸਪੀਕਰ ਸਾਹਿਬ, ਅਜੇ ਮੇਰੀ ਗੱਲ ਬਾਕੀ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜ਼ਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਚੀਮਾ ਸਾਹਿਬ ਦੀ ਗੱਲ ਸੁਣ ਲਈਏ, ਚੀਮਾ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ। ਹਾਂ ਜੀ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਜੋ ਕੁਝ ਟੀਨੂ ਜੀ ਜਾਂ ਮੰਤਰੀ ਜੀ ਕਹਿ ਰਹੇ ਹਨ, ਮੈਨੂੰ ਲੱਗਦਾ ਹੈ ਕਿ ਇਹ ਦੋਨੋਂ ਹੀ ਝੂਠ ਬੋਲ ਰਹੇ ਹਨ। ਇਹ ਮਾਮਲਾ ਪ੍ਰਿਵਿਲੇਜ ਕਮੇਟੀ ਨੂੰ ਸੌਂਪ ਦਿਓ ਤਾਂ ਕਿ ਪਤਾ ਲਗ ਸਕੇ ਕਿ ਅਸਲ ਵਿੱਚ ਕੀ ਹੋਇਆ ਹੈ। ਕਿਉਂਕਿ ਪਹਿਲਾਂ ਕਾਂਗਰਸ ਪਾਰਟੀ ਵੱਲੋਂ 1200 ਕਰੋੜ ਰੁਪਏ ਦਾ ਐਲੀਗੇਸ਼ਨ ਜੋ ਵਿਰੋਧੀ ਧਿਰ ਤੇ ਲਗਾਇਆ ਸੀ ਕਿ ਅਕਾਲੀ ਦਲ ਅਤੇ ਬੀ.ਜੇ.ਪੀ. ਨੇ ਖਾ ਲਿਆ, ਉਸ ਦਾ ਆਡਿਟ ਹੋਣਾ ਸੀ, ਉਹ ਆਡਿਟ ਹੋਇਆ ਜਾਂ ਨਹੀਂ ਹੋਇਆ, ਇਸ ਨੂੰ 23 ਮਹੀਨੇ ਹੋ ਗਏ ਲੇਕਿਨ ਅੱਜ ਤੱਕ ਆਡਿਟ ਨਹੀਂ ਹੋਇਆ। ਮੰਤਰੀ ਸਾਹਿਬ ਜਵਾਬ ਦੇਣ ਕੇ ਕਿਉਂ ਨਹੀਂ ਹੋਇਆ? (ਵਿਘਨ)

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ। ਜਦੋਂ ਤੁਸੀਂ ਬੋਲਣਾ ਹੈ, ਉਦੋਂ ਗੱਲ ਕਰ ਲਿਉ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਨਜਾਇਜ਼ ਕੁਰੱਪਸ਼ਨ ਲਈ ਜਾ ਰਹੀ ਹੈ...

**ਮਾਨਯੋਗ ਸਪੀਕਰ :** ਚੀਮਾ ਜੀ, ਬੈਠੋ, ਚੀਮਾ ਜੀ, ਬੈਠੋ।(ਵਿਘਨ)

**ਸ਼੍ਰੀ ਪਵਨ ਕੁਮਾਰ ਟੀਨੂ :** ਹੁਣ ਪੁੱਛੋ, 400 ਕਰੋੜ ਰੁਪਿਆ ਕਿੱਥੇ ਚਲਾ ਗਿਆ? ਉਹ ਯੂਨੀਵਰਸਿਟੀ ਵਾਲਿਆਂ ਨਾਲ ਤੁਹਾਡੀ ਕੀ ਗੱਲਬਾਤ ਹੋਈ? ਦੱਸੋ

ਮੰਤਰੀ ਜੀ, ਉਹ 400 ਕਰੋੜ ਰੁਪਿਆ ਆਡਿਟ ਵਾਲਾ ਕਿੱਥੇ ਹੈ? ਉਹ ਪੈਸਾ ਕਿੱਥੇ ਹੈ, ਕਿਧਰ ਦੀ ਕਿਧਰ ਚਲਾ ਗਿਆ, ਇਹ ਜ਼ਰਾ ਦੱਸੋ। ਹੁਣ 50-56 ਕਰੋੜ ਤੇ ਆ ਗਏ, ਇਹ ਮਾਮਲਾ ਗੜਬੜ ਹੈ। ਮਾਨਯੋਗ ਸਪੀਕਰ ਸਾਹਿਬ, ਹੁਣੇ ਹਰਮਿੰਦਰ ਸਿੰਘ ਗਿੱਲ ਕਹਿ ਰਹੇ ਸਨ ਕਿ ਅਸੀਂ ਵੈਨਡੇਟਾ ਪਾਲੇਟਿਕਸ ਨਹੀਂ ਕੀਤੀ। ਸਪੀਕਰ ਸਾਹਿਬ, ਮੇਰੇ ਏਰੀਏ ਦੇ ਵਿੱਚ...

**ਮਾਨਯੋਗ ਸਪੀਕਰ:** ਤੁਸੀਂ ਸਾਰਾ ਹੀ ਬਾਕੀਆਂ ਦਾ ਟਾਈਮ ਲੈ ਲੈਣਾ ਹੈ। ਬਾਕੀ ਮੈਂਬਰਾਂ ਨੇ ਵੀ ਬੋਲਣਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਮੇਰੇ ਸਰਕਲ ਦੇ ਜੱਥੇਦਾਰ ਹਰਨਾਮ ਸਿੰਘ ਜਿਨ੍ਹਾਂ ਦੀ 65-67 ਸਾਲ ਦੀ ਉਮਰ ਹੈ, ਉਨ੍ਹਾਂ ਤੇ ਝੂਠਾ ਪਰਚਾ ਹੋਇਆ, ਉਨ੍ਹਾਂ ਨੂੰ ਪੀ.ਓ.ਬਣਾਇਆ, ਕਿਸੇ ਨੇ ਨਹੀਂ ਸੁਣੀ। ਸਾਡਾ ਪਿਛਲਾ ਮਾਰਕੀਟ ਕਮੇਟੀ ਦਾ ਚੇਅਰਮੈਨ, ਸਰਦਾਰ ਜਗਮੇਰ ਸਿੰਘ ਢਿੱਲੋਂ ਤੇ ਇਸ ਕਰਕੇ ਪਰਚਾ ਹੋ ਗਿਆ ਕਿ...

**ਮਾਨਯੋਗ ਸਪੀਕਰ:** ਤੁਸੀਂ ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਇਕ ਮਿੰਟ ਜੀ।

**ਮਾਨਯੋਗ ਸਪੀਕਰ:** ਤੁਸੀਂ ਸਾਰਾ ਟਾਈਮ ਲੈ ਲੈਣਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਕੋਈ ਗੱਲ ਨਹੀਂ ਜੀ। ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ।

**ਮਾਨਯੋਗ ਸਪੀਕਰ:** ਚੰਦੂਮਾਜਰਾ ਜੀ ਨੂੰ ਕੋਈ ਇਤਰਾਜ਼ ਨਹੀਂ?

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਸਾਡੀ ਆਈ.ਟੀ.ਆਈ. ਬੰਦ ਕੀਤੀ। ਅਸੀਂ ਗਰੀਬ ਬੱਚਿਆਂ ਵਾਸਤੇ ਆਈ.ਟੀ.ਆਈ. ਬਣਾ ਕੇ ਗਏ ਹਾਂ। ਇਸ ਸਰਕਾਰ ਨੇ ਆਈ.ਟੀ.ਆਈ. ਬੰਦ ਕੀਤੀ।ਸਪੀਕਰ ਸਾਹਿਬ, ਹੁਣ ਉਸ ਆਈ.ਟੀ.ਆਈ. ਨੂੰ ਇਸ ਸਰਕਾਰ ਦੇ ਜਿਹੜੇ ਕਰੀਬੀ ਲੋਕ ਹਨ, ਉਹ ਹੁਣ ਪ੍ਰਾਈਵੇਟ ਵਾਲਿਆਂ ਨੂੰ ਵੇਚਣਾ ਚਾਹੁੰਦੇ ਹਨ, ਕਮਿਸ਼ਨਾਂ ਖਾਣਾ ਚਾਹੁੰਦੇ ਹਨ। ਮੈਂ ਹਾਊਸ ਵਿਚ ਵੀ ਦੱਸ ਦਿੰਦਾ ਹਾਂ ਕਿ ਜਿਹੜੀਆਂ ਆਈ.ਟੀ.ਆਈਜ਼. ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਬਣਾਈਆਂ ਹਨ, ਅਸੀਂ ਉਹ ਆਈ.ਟੀ.ਆਈਜ਼. ਪ੍ਰਾਈਵੇਟ ਪਲੇਅਰਾਂ ਨੂੰ, ਪ੍ਰਾਈਵੇਟ ਖਿਡਾਰੀਆਂ ਨੂੰ ਨਹੀਂ ਦੇਣ ਦਿਆਂਗੇ। ਤੁਹਾਡੀ ਮਿਲੀਭੁਗਤ ਹੈ। ਉਨ੍ਹਾਂ ਬੱਚਿਆਂ ਦੀ ਜਿਨ੍ਹਾਂ ਦੀ ਸਰਕਾਰੀ ਫੀਸ ਤਾਂ ਸਾਲ ਦੀ 3000/- ਰੁਪਏ ਹੈ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਪ੍ਰਾਈਵੇਟ ਆਈ.ਟੀ.ਆਈਜ਼ ਮੁੜ ਕੇ 20-20 ਹਜ਼ਾਰ,

[ਸ਼੍ਰੀ ਪਵਨ ਕੁਮਾਰ ਟੀਨੂ]

30-30 ਹਜ਼ਾਰ ਫੀਸਾਂ ਸਾਡੇ ਬੱਚਿਆਂ ਕੋਲੋਂ ਚਾਰਜ ਕਰਨਗੀਆਂ। ਇਹ ਆਈ.ਟੀ.ਆਈਜ਼. ਕਿਉਂ ਬੰਦ ਕੀਤੀਆਂ? ਕਿਉਂ ਨਹੀਂ ਚਲਾ ਰਹੇ? ਆਦਮਪੁਰ ਦੀ ਆਈ.ਟੀ.ਆਈ. ਕਿਉਂ ਨਹੀਂ ਚਲਾਈ ਜਾ ਰਹੀ? ਅੱਜ ਇੱਥੇ ਸੰਦੋਆ ਸਾਹਿਬ ਦਾ ਸਵਾਲ ਸੀ ਕਿ ਸਿੰਘਪੁਰਾ ਦੀ ਆਈ.ਟੀ.ਆਈ. ਜਿਹੜੀ ਕਿ ਸਾਡੀ ਸਰਕਾਰ ਵੇਲੇ ਬਣੀ ਸੀ, ਉਹ ਕਿਉਂ ਬੰਦ ਕੀਤੀ? ਇਹ ਕੀ ਪੜ੍ਹਾਈ ਦੀਆਂ ਗੱਲਾਂ ਕਰਦੇ ਹਨ, ਇਹ ਕੀ ਪੀ.ਐਚ.ਡੀ. ਕਰਵਾਉਣ ਦੀਆਂ ਗੱਲਾਂ ਕਰਦੇ ਹਨ। ਇਹ ਜਿਹੜਾ ਸਾਰਾ ਭਾਸ਼ਨ ਹੈ, ** ਇਸ ਵਿਚ ਕੁਝ ਨਹੀਂ ਸੀ, ਅਸੀਂ ਇਨ੍ਹਾਂ ਦੇ ਭਾਸ਼ਣ ਨੂੰ ਰਿਜੈਕਟ ਕਰਦੇ ਹਾਂ।

**ਮਾਨਯੋਗ ਸਪੀਕਰ :** ਥੈਂਕ ਯੂ, ਥੈਂਕ ਯੂ, ਹਾਂ ਜੀ, ਚੰਦੂਮਾਜਰਾ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ) :** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ ਮਾਨਯੋਗ ਗਵਰਨਰ ਸਾਹਿਬ ਦਾ ਜਿਹੜਾ ਭਾਸ਼ਣ ਹੁੰਦਾ ਹੈ, ਉਹ ਕਿਸੇ ਸਰਕਾਰ ਦੀ ਦਸ਼ਾ ਅਤੇ ਦਿਸ਼ਾ ਦਾ ਪ੍ਰਗਟਾਵਾ ਹੁੰਦਾ ਹੈ। ਇਹ ਮੇਰੇ ਹੱਥ ਦੇ ਵਿੱਚ ਦੋ ਭਾਸ਼ਣ ਹਨ, ਇਹ 2017 ਅਤੇ 2018 ਦੇ ਭਾਸ਼ਣ ਹਨ। ਮੈਂ ਕਹਿ ਸਕਦਾ ਹਾਂ ਕਿ ਇਸ ਤੀਜੇ ਭਾਸ਼ਣ ਦਾ ਤਾਂ ਕੀ ਹੋਵੇਗਾ? ਇਸ ਦਾ ਅੰਦਾਜ਼ਾ ਇਨ੍ਹਾਂ ਦੋ ਭਾਸ਼ਣਾਂ ਤੋਂ ਲਾਇਆ ਜਾ ਸਕਦਾ ਹੈ ਕਿ ਕਿਸੇ ਇੱਕ ਵੀ ਸਫੇ ਨੂੰ, ਕਿਸੇ ਵੀ ਸਫੇ ਦੇ ਕਿਸੇ ਇੱਕ ਵੀ ਪੁਆਇੰਟ ਨੂੰ ਇੰਪਲੀਮੈਂਟ ਨਹੀਂ ਕੀਤਾ ਗਿਆ। ਮੈਂ ਉਨ੍ਹਾਂ ਸਾਰਿਆਂ ਤੇ ਤੁਹਾਡੇ ਕੋਲ ਵਾਰੀ-ਵਾਰੀ ਆਵਾਂਗਾ। ਮੈਂ ਕਹਿ ਸਕਦਾ ਹਾਂ ਕਿ ਜਿਵੇਂ ** **। ਸਰ, ਕਰਜ਼ਾ ਮੁਆਫੀ, ਦੇਸ਼ ਦੇ ਅੰਨਦਾਤਾ ਦੇ ਨਾਲ ਕਿਵੇਂ ਕੋਝਾ ਮਜ਼ਾਕ ਕੀਤਾ ਗਿਆ ਹੈ, ਮੈਂ ਤੁਹਾਡੇ ਜ਼ਰੀਏ ਸਦਨ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ ਕਿ ਅੱਜ ਇਨ੍ਹਾਂ ਦੀ ਵਾਅਦਾ ਖਿਲਾਫੀ ਕਰਕੇ ਪੰਜਾਬ ਦੇ ਕਿਸਾਨ ਨੂੰ ਦੁੱਗਣੇ ਰੇਟ ਆਫ ਇੰਟਰੈਸਟ ਤੇ ਆਪਣਾ ਕਰਜ਼ਾ ਮੋੜਨਾ ਪੈ ਰਿਹਾ ਹੈ। ਪਹਿਲਾਂ ਇਨ੍ਹਾਂ ਨੇ ਕਹਿ ਦਿੱਤਾ ਕਿ ਸਾਰਿਆਂ ਦਾ ਕਰਜ਼ਾ ਮੁਆਫ ਕਰਾਂਗੇ ਤੇ ਫਿਰ ਕਹਿੰਦੇ 5 ਏਕੜ ਦਾ ਅਤੇ ਫਿਰ ਕੈਟਾਗਰੀਜ਼ ਬਣਾ ਦਿੱਤੀਆਂ। ਪਰ ਸਰ, ਜਿਨ੍ਹਾਂ ਕਿਸਾਨਾਂ ਨੇ ਇਨ੍ਹਾਂ ਤੇ ਭਰੋਸਾ ਕਰਕੇ ਆਪਣਾ ਕਰਜ਼ਾ ਨਹੀਂ ਭਰਿਆ, ਅੱਜ ਉਸ ਕਿਸਾਨ ਨੂੰ ਦੁੱਗਣੇ ਰੇਟ ਆਫ ਇੰਟਰੈਸਟ ਤੇ ਆਪਣਾ ਕਰਜ਼ਾ ਮੋੜਨਾ ਪੈ ਰਿਹਾ ਹੈ। ਐਮ.ਪੀ. ਲੋਨ ਜਿਹੜਾ ਮਿੱਡ ਟਰਮ ਹੁੰਦਾ ਹੈ, ਉਹ 12% ਵਿਆਜ ਦੀ ਥਾਂ ਤੇ 16% ਵਿਆਜ ਤੇ ਮੋੜਨਾ ਪੈ ਰਿਹਾ ਹੈ। ਅੱਗੇ ਉਸ ਕਿਸਾਨ ਨੂੰ ਕੋਈ ਲੋਨ ਦੇਣ ਨੂੰ ਤਿਆਰ ਨਹੀਂ, ਉਸ ਕਿਸਾਨ ਦੀ ਹਾਲਤ ਵੇਖੋ ਕੀ ਹੋਵੇਗੀ? ਦੂਸਰੀ ਇਹ ਕਹਿੰਦੇ ਸੀ ਕਿ ਕਰਜ਼ਾ ਕੁਰਕੀ ਖਤਮ ਫਸਲ ਦੀ ਪੂਰੀ

** Expunged as ordered by the Hon'ble Speaker.

ਰਕਮ। ਸਰ, ਮੈਂ ਤੁਹਾਨੂੰ ਸੁਣਾਉਂਦਾ ਹਾਂ ਕਿ ਕੋਆਪਰੇਟਿਵ ਸੁਸਾਇਟੀ ਐਕਟ ਦੀ ਧਾਰਾ 63 ਸੀ ਹੈ ਉਸ ਦੇ ਅਧੀਨ ਕਿਸਾਨ ਨੂੰ ਵਾਰੰਟ ਇਸ਼ੂ ਕੀਤੇ ਜਾ ਰਹੇ ਹਨ ਕਿ ਤੁਸੀਂ ਕਰਜ਼ਾ ਨਹੀਂ ਮੋੜਿਆ। ਉਸ ਕਿਸਾਨ ਨੇ ਕਰਜ਼ਾ ਕਿਉਂ ਨਹੀਂ ਮੋੜਿਆ ਸੀ? ਕਿਉਂਕਿ ਕੈਪਟਨ ਸਾਹਿਬ ਨੇ ਉਸ ਕਿਸਾਨ ਤੋਂ ਫਾਰਮ ਭਰਵਾਏ ਸੀ। ਹੁਣ ਉਨ੍ਹਾਂ ਨੂੰ ਵਾਰੰਟ ਇਸ਼ੂ ਕੀਤੇ ਜਾ ਰਹੇ ਹਨ, 40-40 ਦਿਨ। ਸੀ.ਐੱਮ. ਸਾਹਿਬ ਦੇ ਆਪਣੇ ਜ਼ਿਲ੍ਹੇ ਦੇ ਕਿਸਾਨ ਇਨ੍ਹਾਂ ਦੇ ਵਾਅਦੇ ਤੇ ਭਰੋਸਾ ਕਰਕੇ ਜੇਲ੍ਹ ਦੀਆਂ ਕਾਲ-ਕੋਠੜੀਆਂ ਦੇ ਵਿੱਚ ਲਗਾ ਕੇ ਆਏ ਹਨ। ਫਿਰ ਇਹ ਪਹਿਲੀ ਵਾਰ ਹੋ ਰਿਹਾ ਹੋਵੇਗਾ, ਕੋਆਪਰੇਟਿਵ ਐਕਟ ਦੀ 63 ਏ ਧਾਰਾ ਹੈ ਪਰ ਲਾਗੂ ਪਹਿਲੀ ਵਾਰ ਇਨ੍ਹਾਂ ਨੇ ਇਸ ਢੰਗ ਨਾਲ ਕੀਤੀ ਕਿ ਉਸ ਧਾਰਾ ਦੇ ਅਧੀਨ ਪਹਿਲਾਂ ਜਿਹੜਾ ਆਪਾਂ ਲੋਨ ਲੈਂਦੇ ਹਾਂ, ਉਸ ਵੈਲਿਊ ਦੀ ਪ੍ਰਾਪਰਟੀ ਪਲੈੱਜ ਹੋ ਜਾਂਦੀ ਹੈ ਪਰ ਇਨ੍ਹਾਂ ਨੇ 63 ਏ ਦੇ ਅਧੀਨ ਕੀ ਕੀਤਾ ਕਿ ਜਿਹੜੀ ਉਸ ਦੀ ਬਾਕੀ ਪ੍ਰਾਪਰਟੀ ਬਚਦੀ ਸੀ, ਉਹ ਵੀ ਅਟੈਚ ਕਰ ਲਈ। ਉਸ ਕਿਸਾਨ ਨੂੰ ਬਿਲਕੁਲ ਹੀ ਨਿਹੱਥਾ ਕਰ ਲਿਆ ਕਿ ਉਹ ਕਿਸੇ ਕੋਲੋਂ ਵੀ ਕਰਜ਼ਾ ਨਾ ਲੈ ਸਕੇ। ਫਿਰ ਆੜ੍ਹਤੀਏ ਜਾਂ ਜਿਹੜੇ ਹੋਰ ਕਮਰਸ਼ੀਅਲ ਬੈਂਕ ਹਨ, ਉਨ੍ਹਾਂ ਨੇ ਜੋ ਪੈਨਲਟੀਆਂ ਪਾਈਆਂ ਅਤੇ ਕਿਸਾਨ ਦੀ ਉਹ ਹਾਲਤ ਕੀਤੀ ਕਿ ਉਹ ਕਿਸਾਨ ਅੱਜ ਡਿਫਾਲਟਰ ਦੀ ਲਿਸਟ ਵਿਚ ਹੈ। ਜਿਵੇਂ ਤੁਸੀਂ ਕਰਜ਼ਾ ਮੁਆਫ ਕੀਤਾ, ਤੁਸੀਂ 50-50 ਹਜ਼ਾਰ ਰੁਪਏ ਦਾ ਕਰਜ਼ਾ ਮੁਆਫ ਕਰਕੇ, 35-35, 40-40 ਹਜ਼ਾਰ ਰੁਪਏ ਦੇ ਬਿਜਲੀ ਦੇ ਬਿੱਲ ਉਸ ਕਿਸਾਨ ਦੇ ਹੱਥ ਵਿਚ ਫੜ੍ਹਾ ਦਿੱਤੇ, ਇਨ੍ਹਾਂ ਨੇ ਬਿਜਲੀ ਦੇ ਰੇਟ ਵਧਾ ਕੇ 2500 ਕਰੋੜ ਰੁਪਿਆ ਉਨ੍ਹਾਂ ਦੀਆਂ ਖਾਲੀ ਜੇਬਾਂ ਵਿੱਚੋਂ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਦੀ ਮੈਂ ਹੋਸ਼ ਸੰਭਾਲੀ ਹੈ ਤਾਂ ਮੈਂ ਕਹਿ ਸਕਦਾ ਹਾਂ ਕਿ ਅੱਜ ਪਹਿਲੀ ਵਾਰੀ ਹਿਮਾਚਲ ਪ੍ਰਦੇਸ਼ ਦੇ ਵਿੱਚ ਡੀਜ਼ਲ ਪੰਜਾਬ ਨਾਲੋਂ ਸਸਤਾ ਹੈ। ਚੰਡੀਗੜ੍ਹ ਵਿੱਚ ਡੀਜ਼ਲ ਪੰਜਾਬ ਨਾਲੋਂ ਸਸਤਾ ਹੈ। ਕਹਿੰਦੇ ਹੋ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਔਰ ਭਾਸ਼ਣ ਦਿੰਦੇ ਹੋ ਕਿ ਅਸੀਂ ਕਿਸਾਨ ਦੀ ਬਾਂਹ ਫੜ੍ਹੀ ਹੈ। ਤੁਸੀਂ ਉਨ੍ਹਾਂ ਨੂੰ ਦਿੱਤਾ ਇੱਕ ਰੁਪਿਆ ਤੇ ਦਸ ਰੁਪਏ ਉਸ ਦੀ ਜੇਬ ਵਿੱਚੋਂ ਕੱਢ ਲਏ। ਮੈਂ ਕਹਿ ਸਕਦਾ ਹਾਂ ਕਿ ਅਜਿਹੇ ਭਾਸ਼ਣ ਕਿਸਾਨ ਦੇ ਜ਼ਖਮਾਂ ਤੇ ਲੂਣ ਛਿੜਕਣ ਦੇ ਬਰਾਬਰ ਹਨ। ਤੁਹਾਡੇ ਵੱਲੋਂ ਕਰਜ਼ੇ ਮਾਫੀ ਵਾਲੇ ਸਮਾਗਮ ਵਿੱਚ ਵੱਡੇ-ਵੱਡੇ ਗੀਤਕਾਰਾਂ, ਗਾਉਣ ਵਾਲਿਆਂ ਨੂੰ ਬੁਲਾਉਂਦੇ ਹੋ, ਇਹ ਕੋਈ ਵਿਆਹ ਦਾ ਸਮਾਗਮ ਨਹੀਂ ਹੁੰਦਾ। ਸਰ, ਕੋਈ ਇਹ ਨਹੀਂ ਚਾਹੁੰਦਾ ਹੈ ਕਿ ਉਸ ਦੇ ਕਰਜ਼ੇ ਦਾ ਪਰਦਾ ਉਠੇ। ਇਨ੍ਹਾਂ ਦੇ ਲੀਡਰ ਕਹਿੰਦੇ ਹਨ ਕਿ ਇਹ ਕਰਜ਼ਾ ਤਾਂ ਮੁਆਫ ਹੋਵੇਗਾ, ਜੇਕਰ ਇਹ ਸਮਾਗਮ ਵਿੱਚ ਆਉਣਗੇ। ਸਰ, ਮੈਂ ਸਮਝਦਾ ਹਾਂ

[ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ]

ਕਿ ਇਸ ਤੋਂ ਵੱਡਾ ਹੋਰ ਕੀ ਜ਼ੁਲਮ ਹੋ ਸਕਦਾ ਹੈ ? ਇਹ ਤਾਂ ਮਾਰਦੇ ਨੇ, ਕੁੱਟਦੇ ਨੇ ਅਤੇ ਚੀਕ ਵੀ ਨਹੀਂ ਮਾਰਨ ਦਿੰਦੇ, ਰੌਲਾ ਵੀ ਪਾਉਣ ਨਹੀਂ ਦਿੰਦੇ। ਸਰ, ਕੋਆਪਰੇਟਿਵ ਐਕਟ ਵਿੱਚ ਕਦੇ ਕੁਰਕੀ ਨਹੀਂ ਸੀ ਹੁੰਦੀ। ਇਹ 67-ਏ ਦਾ ਦਮਗਜਾ ਮਾਰਦੇ ਹਨ, ਪੂਰੀ ਕੈਬਨਿਟ ਇਕੱਠੀ ਹੋ ਗਈ ਕਿ ਅਸੀਂ ਬਹੁਤ ਵੱਡਾ ਕੰਮ ਕੀਤਾ ਹੈ।(ਵਿਘਨ, ਸ਼ੋਰ)

**ਸਰਦਾਰ ਗੁਰਪ੍ਰੀਤ ਸਿੰਘ :** ਸਾਡੇ ਦੋ ਰਿਸ਼ਤੇਦਾਰਾਂ ਦਾ ਕਰਜ਼ਾ ਮੁਆਫ ਹੋ ਗਿਆ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਜੀ.ਪੀ. ਜੀ ਬੈਠ ਜਾਓ। ਧੰਨਵਾਦ । ਉਨ੍ਹਾਂ ਨੂੰ ਬਿੱਲ ਵੀ 50-50 ਹਜ਼ਾਰ ਦੇ ਆਏ ਹੋਏ ਹਨ। ਬਿੱਲ ਤੁਸੀਂ ਭਰ ਦੇਣਾ, ਕਰਜ਼ਾ ਰਹਿਣ ਦਿਓ।(ਵਿਘਨ) (ਸ਼ੋਰ) ਸਰ, ਇਹ ਕਹਿੰਦੇ ਹਨ ਕਿ ਅਸੀਂ ਕੋਆਪਰੇਟਿਵ ਐਕਟ ਦੀ 67-ਏ ਖਤਮ ਕੀਤੀ ਹੈ। 67-ਏ ਜਿਸ ਵਾਸਤੇ ਤੁਹਾਡੀ ਪੂਰੀ ਕੈਬਨਿਟ ਨੇ ਜ਼ੋਰ ਲਗਾ ਲਿਆ ਪਰ ਇਹ ਸਾਲ 1986 ਵਿੱਚ ਆਮ ਸਾਧਾਰਨ ਪਰਿਵਾਰ ਦੇ ਕਿਸਾਨ ਪੁੱਤਰ ਨੇ ਕੈਬਨਿਟ ਵਜ਼ੀਰ ਬਣਦਿਆਂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਜੀ ਨੇ ਆਪਣੇ ਇੱਕ ਹੁਕਮਾਂ ਦੇ ਨਾਲ ਉਹ ਬੰਦ ਕੀਤੀ ਸੀ। ਸੀ.ਐਮ. ਸਾਹਿਬ ਨੇ ਮੈਨੂੰ ਜਵਾਬ ਦਿੱਤਾ ਸੀ ਕਿ ਤੀਹ ਸਾਲਾਂ ਦੇ ਵਿੱਚ in operation ਹੀ ਨਹੀਂ। ਪਹਿਲਾਂ ਤਾਂ ਮੈਂ ਸਰਕਾਰ ਅਤੇ ਸਰਕਾਰ ਦੇ ਅਧਿਕਾਰੀਆਂ ਨੂੰ ਇਹ ਗੱਲ ਕਲੀਅਰ ਕਰਨੀ ਚਾਹੁੰਦਾ ਹਾਂ ਕਿ 67-ਏ ਦੇ ਅਧੀਨ ਕੁਰਕੀ ਖਤਮ ਨਹੀਂ ਕੀਤੀ ਜਾ ਸਕਦੀ। ਦੂਜੀ ਗੱਲ, ਇਹ ਕਹਿੰਦੇ ਹਨ ਕਿ ਅਸੀਂ ਗੰਨੇ ਦੀਆਂ ਪੇਮੈਂਟਾਂ ਸਮੇਂ-ਸਿਰ ਦਿੱਤੀਆਂ ਹਨ। ਸਰ, ਤੁਸੀਂ ਦੇਖੋ ਕਿ ਕਿਸਾਨ ਨਾਲ ਮਜ਼ਾਕ ਕਿਵੇਂ-ਕਿਵੇਂ ਕੀਤਾ ਗਿਆ ? ਝੋਨਾ ਦਸ ਦਿਨ ਲੇਟ ਕਰਵਾਇਆ ਗਿਆ। ਉਸ ਦਾ ਨਤੀਜਾ ਇਹ ਨਿਕਲਿਆ ਕਿ ਮੌਸਚਰ ਇੰਨਾ ਆਇਆ ਕਿ ਸੌ-ਸੌ ਰੁਪਏ ਪ੍ਰਤੀ ਕੁਇੰਟਲ ਦੇ ਕੱਟ ਮੰਡੀਆਂ ਦੇ ਵਿੱਚ ਕਿਸਾਨ ਨੂੰ ਲੱਗੇ, ਤੁਸੀਂ ਕਹਿੰਦੇ ਹੋ ਫਸਲ ਦੀ ਪੂਰੀ ਰਕਮ। ਉਸ ਕਿਸਾਨ ਨੂੰ ਮੰਡੀਆਂ ਵਿੱਚ ਰੁਲਣਾ ਪਿਆ, ਜ਼ਲੀਲ ਹੋਣਾ ਪਿਆ, 100-100 ਰੁਪਏ ਦੇ ਕੱਟ ਕਿਸਾਨ ਨੂੰ ਲਗਾਏ ਗਏ। ਜਿਸ ਕਿਸਾਨ ਨੂੰ ਗੰਨੇ ਦੀ ਪੇਮੈਂਟ ਇੱਕ ਸਾਲ ਤੋਂ ਨਾ ਮਿਲ ਰਹੀ ਹੋਵੇ, ਉਸ ਦੇ ਪਰਿਵਾਰ ਦਾ ਖਿਆਲ ਕਰੋ। ਤੁਹਾਨੂੰ ਖੁਦਕੁਸ਼ੀ ਪੀੜਤ ਕਿਸਾਨ ਇਥੇ ਮਿਲਣ ਆਏ ਸੀ ਔਰ ਤੁਹਾਡਾ ਕੋਈ ਨੁਮਾਇੰਦਾ ਜਾ ਕੇ ਉਨ੍ਹਾਂ ਦੀ ਸਾਰ ਤੱਕ ਨਹੀਂ ਲੈ ਸਕਿਆ। ਮੈਂ ਸਮਝਦਾ ਹਾਂ ਕਿ ਇਸ ਤੋਂ ਮਾੜਾ ਕੀ ਹੋਵੇਗਾ ? ਸਰ, ਇੱਕ ਪਰਾਲੀ ਦਾ ਮੁੱਦਾ, ਅਜਿਹੇ ਹੋਰ ਵੀ ਕਈ ਮੁੱਦੇ ਕਿਸਾਨ ਨਾਲ ਜੁੜੇ ਹੋਏ ਹਨ। ਪਰਾਲੀ ਦੇ ਮੁੱਦੇ ਉੱਤੇ ਐਨ.ਜੀ.ਟੀ. ਦਾ ਬਹਾਨਾ ਲਗਾਇਆ ਜਾ ਰਿਹਾ ਹੈ। ਐਨ.ਜੀ.ਟੀ. ਨੇ ਕਿਹਾ ਸੀ ਕਿ ਬਦਲਵੇਂ ਪ੍ਰਬੰਧ ਸੂਬਾ ਸਰਕਾਰਾਂ ਕਰਕੇ ਦੇਣ। ਤੁਹਾਡੀ ਸਰਕਾਰ ਨੇ ਕੀ ਪ੍ਰਬੰਧ ਕੀਤਾ ? ਚਾਰ ਸੌ ਕਰੋੜ ਰੁਪਿਆ ਕੇਂਦਰ ਸਰਕਾਰ ਨੇ ਸਬਸਿਡੀ ਦੇ ਰੂਪ ਵਿੱਚ ਭੇਜਿਆ। ਸਰ, ਅੱਜ ਹੋਇਆ

ਕਿ ਜਿਹੜੀ ਚੌਪਰ, ਮੱਲਚਰ ਅਤੇ ਹੈਪੀਸੀਡਰ ਬੇਸਿਕ ਮਸ਼ੀਨਰੀ ਇਸ ਦੀ ਆਲਟਰਨੇਟ ਹੁੰਦੀ ਹੈ, ਉਸ ਮਸ਼ੀਨਰੀ ਦੇ ਰੇਟ, ਜਿਵੇਂ ਚੌਪਰ ਦਾ 2.5 ਲੱਖ ਰੁਪਿਆ ਰੇਟ ਸੀ, ਅੱਜ ਉਹ ਪੌਣੇ ਤਿੰਨ ਲੱਖ ਦੇ ਕਰੀਬ ਹੈ। ਮੱਲਚਰ ਦਾ ਰੇਟ ਡੇਢ ਲੱਖ ਸੀ ਪਰ ਅੱਜ ਉਹ ਪੌਣੇ ਦੋ ਲੱਖ ਦੇ ਕਰੀਬ ਹੈ। ਮਸ਼ੀਨਰੀ ਦੇ ਰੇਟ ਵਧਣ ਨਾਲ ਕਿਸਾਨ ਨੂੰ ਕੀ ਮਿਲੇਗਾ ? ਤੁਸੀਂ ਕਿਸਾਨ ਨੂੰ ਆਲਟਰਨੇਟਿਵ ਰੂਪ ਦੇ ਪ੍ਰਬੰਧ ਵਿੱਚ ਕੀ ਦਿੱਤਾ ? ਮੈਂ ਕਹਿ ਸਕਦਾ ਹਾਂ ਕਿ ਇਹ ਕਿਸਾਨ ਅਤੇ ਦੇਸ਼ ਦੇ ਅੰਨਦਾਤਾ ਨਾਲ ਕੋਝਾ ਮਜ਼ਾਕ ਕੀਤਾ ਜਾ ਰਿਹਾ ਹੈ । ਜਿਵੇਂ ਭਾਸ਼ਣ ਦਿੱਤਾ ਜਾਂਦਾ ਹੈ ਕਿ ਅਸੀਂ ਕਿਸਾਨ ਨੂੰ ਇਹ ਦਿੱਤਾ, ਤੁਸੀਂ ਕਿਸਾਨ ਨੂੰ 40-40, 50-50 ਹਜ਼ਾਰ ਰੁਪਏ ਦੇ ਬਿਜਲੀ ਦੇ ਬਿੱਲ ਦਿੱਤੇ ਹਨ। ਜਦੋਂ ਸ਼ੁਰੂ ਵਿੱਚ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਭਾਸ਼ਣ ਸੀ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਇਹ ਕੰਧਾਂ ਗਵਾਹ ਹਨ, ਇਹ ਹਾਊਸ ਗਵਾਹ ਹੈ। ਹਾਊਸ ਇਨ੍ਹਾਂ ਗੱਲਾਂ ਦਾ ਗਵਾਹ ਹੈ, ਜਿਹੜਾ ਤੁਸੀਂ ਕੋਝਾ ਮਜ਼ਾਕ ਕੀਤਾ ਹੈ। ਸਰ, ਇਹ ਇਤਿਹਾਸ ਬਣੇਗਾ। ਇਹ ਹਾਊਸ ਗਵਾਹ ਹੈ ਕਿ ਕਿਸੇ ਸਮੇਂ ਇੱਥੇ ਹੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਖੜ੍ਹ ਕੇ ਕਿਸਾਨ ਦੇ ਮੋਟਰਾਂ ਦੇ ਬਿੱਲ ਮੁਆਫ ਕਰਨ ਦਾ ਐਲਾਨ ਕੀਤਾ ਸੀ ਔਰ ਤੁਸੀਂ ਅੱਜ ਉਨ੍ਹਾਂ ਮੋਟਰਾਂ ਦੇ ਦੁਬਾਰਾ ਮੀਟਰ ਲਾਉਣ ਦੀਆਂ ਸੋਚਾਂ ਸੋਚ ਰਹੇ ਹੋ।

**ਮਾਨਯੋਗ ਸਪੀਕਰ :** ਕਨਕਲੂਡ ਕਰੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਦੂਜੀ ਗੱਲ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਦੀ ਹੈ। ਸ਼੍ਰੀ ਮਦਨ ਲਾਲ ਜਲਾਲਪੁਰ ਜੀ ਕਹਿ ਰਹੇ ਸਨ ਕਿ ਘਨੌਰ ਦਾ ਥਾਣਾ ਸ਼ਿਫਟ ਕੀਤਾ ਜਾਵੇ। ਮੁੱਖ ਮੰਤਰੀ ਸਾਹਿਬ ਬੈਠੇ ਨਹੀਂ ਔਰ ਸਤਿਕਾਰਯੋਗ ਸ਼੍ਰੀ ਬ੍ਰਹਮ ਮਹਿੰਦਰਾ ਜੀ ਮੇਰੇ ਜ਼ਿਲ੍ਹੇ ਦੇ ਬੈਠੇ ਹਨ। ਸਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਘਨੌਰ ਥਾਣੇ ਨੂੰ ਸ਼ਿਫਟ ਨਹੀਂ ਬਲਕਿ ਬੰਦ ਕੀਤਾ ਜਾਵੇ। ਘਨੌਰ, ਸਨੌਰ, ਜ਼ੁਲਕਾਂ ਇਨ੍ਹਾਂ ਥਾਣਿਆਂ ਵਿੱਚੋਂ ਲੋਕਾਂ ਨੂੰ ਇਨਸਾਫ ਮਿਲਦਾ ਹੈ ਪਰ ਅੱਜ ਲੋਕ ਇਨ੍ਹਾਂ ਥਾਣਿਆਂ ਵਿੱਚ ਜਾਣ ਤੋਂ ਡਰਨ ਲੱਗ ਪਏ ਹਨ, 70-70 ਸਾਲ ਦੇ ਬਜ਼ੁਰਗਾਂ ਦੇ ਮੈਂ ਵੀਡਿਓਜ਼ ਲੈ ਕੇ ਗਿਆ। ਕੰਬੋਜ ਸਾਹਿਬ, ਮੈਂ ਕਿਸੇ ਦੇ ਨਾਂ ਨਹੀਂ ਲੈਣਾ ਚਾਹੁੰਦਾ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਹਰਦਿਆਲ ਸਿੰਘ ਕੰਬੋਜ ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਮਾਨਯੋਗ ਮੈਂਬਰ ਸਾਹਿਬ ਨੇ ਜਿਹੜੀ ਗੱਲ ਘਨੌਰ ਥਾਣੇ ਦੀ ਕੀਤੀ ਹੈ। ਮਦਨ ਲਾਲ ਜਲਾਲਪੁਰ ਜੀ ਦਾ ਨਾਂ ਇਨ੍ਹਾਂ ਨੇ ਲਿਆ ਹੈ ਪਰੰਤੂ ਉਹ ਇੱਥੇ ਬੈਠੇ ਨਹੀਂ ਹਨ। ਇਹ ਘਨੌਰ ਥਾਣੇ ਦੀ ਗੱਲ ਕਰਦੇ ਹਨ ਪਰੰਤੂ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਮਿਉਂਸਿਪਲ ਕੌਂਸਲ ਦੀ ਚੋਣਾਂ

[ਸਰਦਾਰ ਹਰਦਿਆਲ ਸਿੰਘ ਕੰਬੋਜ]

ਵਿੱਚ ਸ੍ਰੀ ਮਦਨ ਲਾਲ ਜੀ ਨੂੰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਉਸੀ ਥਾਣੇ ਵਿੱਚ ਫੜ੍ਹ ਕੇ ਬੰਦ ਕੀਤਾ ਸੀ। ਇਸ ਦੇ ਹਾਲੇ ਵੀ ਕੇਸ ਚੱਲਦੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਔਰ ਉਨ੍ਹਾਂ ਦੀ ਕੁੱਟ ਮਾਰ ਕਰਨ ਵਿੱਚ ਇਹ ਵੀ ਅਤੇ ਇਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸ਼ਾਮਿਲ ਸਨ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਮੈਂ ਸ਼ਾਮਿਲ ਨਹੀਂ ਸੀ, ਨਾ ਮੇਰੇ ਪਰਿਵਾਰ ਦਾ ਸੀ...

**ਮਾਨਯੋਗ ਸਪੀਕਰ :** ਕਨਕਲੂਡ ਕਰੋ, ਕਨਕਲੂਡ ਕਰੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਮੈਂ ਕਹਿ ਰਿਹਾ ਹਾਂ ਕਿ ਉਨ੍ਹਾਂ ਥਾਣਿਆਂ ਤੋਂ ਡਰ ਕਿਉਂ ਲੱਗਣ ਲੱਗ ਪਿਆ? ਤੁਸੀਂ ਕਹਿ ਰਹੇ ਹੋ ਕਿ ਗੈਂਗਸਟਰ ਖਤਮ ਕਰਨੇ ਹਨ। ਸਰ, 70-70 ਸਾਲਾਂ ਦੇ ਬਜ਼ੁਰਗਾਂ ਤੇ 354 ਦੇ ਪਰਚੇ ਹੋ ਰਹੇ ਹਨ to outrage the modesty of the women. ਮੈਂ ਐਸ.ਐਸ.ਪੀਜ਼ ਨੂੰ ਜਾ ਕੇ ਵੀਡੀਓਜ਼ ਦਿਖਾਈਆਂ ਹਨ। ਪੰਜਾਬ ਦੀ ਪੁਲਿਸ ਬੇਵੱਸ ਨਜ਼ਰ ਆ ਰਹੀ ਹੈ। ਪੰਜਾਬ ਦੀ ਪੁਲਿਸ ਇੱਕ ਸਹਿਮ ਥੱਲੇ ਹੈ। ਅੱਜ ਥਾਣਿਆਂ ਦੇ ਬਾਹਰ ਇਨ੍ਹਾਂ ਦੇ ਆਗੂ ਝੋਲ਼ੇ ਲੈ ਕੇ ਬੈਠੇ ਹਨ। ਸਪੀਕਰ ਸਾਹਿਬ, ਜਿਸ ਬਜ਼ੁਰਗ ਤੇ ਝੂਠਾ ਪਰਚਾ ਦਰਜ ਹੋਇਆ ਹੋਵੇ, ਉਸ ਦਾ ਨੌਜਵਾਨ ਪੁੱਤਰ ਕਿਵੇਂ ਪੰਜਾਬ ਦੀ ਕਾਨੂੰਨ ਵਿਵਸਥਾ ਵਿਚ ਵਿਸ਼ਵਾਸ ਕਰ ਲਵੇਗਾ। ਉਹ ਗੈਂਗਸਟਰ ਨਹੀਂ ਬਣੇਗਾ ਤਾਂ ਕੀ ਬਣੇਗਾ?

**ਮਾਨਯੋਗ ਸਪੀਕਰ :** ਕਨਕਲੂਡ ਕਰੋ, ਕਨਕਲੂਡ ਕਰੋ। ਚਲੋ, ਬੈਠੋ, ਬੈਠੋ। ਚੰਦੂਮਾਜਰਾ ਸਾਹਿਬ ਬੈਠੋ। ਤੁਹਾਡਾ ਸਾਰਾ ਟਾਈਮ ਟੀਨੂ ਜੀ ਲੈ ਗਏ, ਟੀਨੂ ਜੀ ਲੈ ਗਏ ਤੁਹਾਡਾ ਟਾਈਮ। ਤੁਹਾਡੇ ਟੋਟਲ 15 ਮਿੰਟ ਹਨ, ਉਹ ਪੰਦਰਾਂ ਮਿੰਟ ਟੀਨੂ ਜੀ ਹੀ ਲੈ ਗਏ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਤੁਸੀਂ ਗੈਂਗਸਟਰ ਪੈਦਾ ਕਰ ਰਹੇ ਹੋ। ਸਰ, ਪਲੀਜ਼ ਮੈਂ ਪਹਿਲੀ ਵਾਰੀ ਬੋਲ ਰਿਹਾ ਹਾਂ, ਮੈਨੂੰ ਬੋਲ ਲੈਣ ਦਿਉ। ਤੁਸੀਂ ਟਰੱਕ ਯੂਨੀਅਨਾਂ ਨੂੰ ਖਤਮ ਕਰਨ ਨੂੰ ਆਪਣੀ ਪ੍ਰਾਪਤੀ ਦੱਸਦੇ ਹੋ। ਤੁਹਾਨੂੰ ਪਤਾ ਹੈ ਕਿ ਟਰੱਕ ਯੂਨੀਅਨਾਂ ਜਿਹੜੀਆਂ ਚਲਦੀਆਂ ਸਨ, ਉਹ ਮੇਨ ਸਹਾਇਕ ਧੰਦੇ ਦੇ ਰੂਪ ਵਿਚ ਕੰਮ ਕਰਦੀਆਂ ਸਨ। ਅੱਜ ਟਰੱਕ ਆਪਰੇਟਰਾਂ ਦਾ ਹਾਲ ਦੇਖੋ, ਉਹ ਖੁਦਕੁਸ਼ੀਆਂ ਦੇ ਕੰਢੇ ਤੇ ਖੜ੍ਹੇ ਹਨ। ਜੇ ਤੁਸੀਂ ਟਰੱਕ ਯੂਨੀਅਨਾਂ ਬੰਦ ਕਰਨੀਆਂ ਸੀ ਤਾਂ ਤੁਸੀਂ ਯੂਨੀਅਨ ਵਾਲਿਆਂ ਨੂੰ ਬੁਲਾਉਂਦੇ, ਇੰਡਸਟਰੀਅਲਿਸਟ ਨੂੰ ਬੁਲਾਉਂਦੇ, ਜਿਨ੍ਹਾਂ ਨੂੰ ਸਮੱਸਿਆ ਸੀ, ਤੁਸੀਂ ਇਨ੍ਹਾਂ ਨੂੰ ਇਕੱਠੇ ਬਿਠਾ ਕੇ ਕੋਈ ਹੱਲ ਕੱਢਦੇ। ਤੁਸੀਂ

ਤਾਂ ਤਾਨਾਸ਼ਾਹਾਂ ਵਾਂਗ ਇੱਕ ਫੁਰਮਾਨ ਜਾਰੀ ਕਰ ਦਿੱਤਾ ਕਿ ਅੱਜ ਤੋਂ ਬਾਅਦ ਟਰੱਕ ਯੂਨੀਅਨਾਂ ਬੰਦ ਹਨ। ਸਰ, ਬਹੁਤ ਦੁੱਖ ਹੋਇਆ ਜਦੋਂ ਸਰਦਾਰ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਹਾਂ ਸਾਡੇ ਕਹਿਣ ਦੇ ਉੱਤੇ ਅਧਿਆਪਕਾਂ ਦੇ ਉਤੇ ਡੰਡੇ ਚਲਾਏ ਗਏ। ਧੀਆਂ-ਭੈਣਾਂ ਦੀਆਂ ਬੇਇਜ਼ਤੀਆਂ ਕੀਤੀਆਂ ਗਈਆਂ। ਮੁੱਖ ਮੰਤਰੀ ਜੀ ਦੇ ਸ਼ਾਹੀ ਸ਼ਹਿਰ, ਉਨ੍ਹਾਂ ਦੇ ਜ਼ਿਲ੍ਹੇ ਵਿਚ ਇਹ ਕੁੱਝ ਹੋਇਆ। ਪਿਛਲੀ ਸਰਕਾਰ ਇੰਪਲਾਈਜ਼ ਵੈਲਫੇਅਰ ਐਂਡ ਰੈਗੂਲਰਾਈਜ਼ੇਸ਼ਨ ਐਕਟ, 2016 ਬਣਾ ਕੇ ਗਈ ਸੀ ਜਿਸ ਅਧੀਨ ਉਨ੍ਹਾਂ ਦੀ ਸੈਲਰੀ ਪ੍ਰੋਟੈਕਟ ਹੁੰਦੀ ਹੈ। ਉਸ ਵਿਚ ਰੈਗੂਲਰ ਕਰਨ ਦੀ ਪ੍ਰੋਵੀਜ਼ਨ ਵੀ ਸੀ। ਪਰ ਇਨ੍ਹਾਂ ਸਾਰਿਆਂ ਨੂੰ ਦਰਕਿਨਾਰ ਕਰਕੇ ਜਿਹੜੇ ਟੀਚਰ ਇਨਸਾਫ ਮੰਗਣ ਗਏ ਸੀ ਉਨ੍ਹਾਂ ਨੂੰ ਡੰਡੇ ਦਿੱਤੇ ਗਏ। (ਵਿਘਨ)

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

**ਮਾਨਯੋਗ ਸਪੀਕਰ :** ਹਾਂ ਜੀ ਸੰਦੋਆ ਜੀ, ਚੰਦੂਮਾਜਰਾ ਜੀ, ਸੰਦੋਆ ਸਾਹਿਬ ਦਾ ਪੁਆਇੰਟ ਆਫ ਆਰਡਰ ਹੈ, ਤੁਸੀਂ ਬੈਠੋ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਨੇ ਗੱਲ ਕੀਤੀ ਹੈ ਕਿ ਇਹ ਟੀਚਰਾਂ ਤੇ ਡੰਡੇ ਵਾਹੁੰਦੇ ਹਨ। ਇਨ੍ਹਾਂ ਦੇ ਪਿਤਾ ਜੀ ਵੀ ਉਥੇ ਬੈਠੇ ਸੀ। ਸਪੀਕਰ ਸਾਹਿਬ ਤੁਹਾਡਾ ਵੀ ਹਲਕਾ ਪੈਂਦਾ ਹੈ ਅਤੇ ਮੇਰਾ ਵੀ ਹਲਕਾ ਪੈਂਦਾ ਹੈ । ਬਾਦਲ ਸਾਹਿਬ ਉਥੇ ਸੀ, ਉੱਥੇ ਕੁੜੀਆਂ ਨੂੰ ਕੁੱਟਿਆ ਗਿਆ, ਕਰੰਟ ਲਾਇਆ ਗਿਆ, ਇਨ੍ਹਾਂ ਨੇ 43 ਕੁੜੀਆਂ ਨੂੰ ਜੇਲ੍ਹਾਂ ਵਿਚ ਭੇਜਿਆ ਗਿਆ, ਉਹ 49 ਦਿਨ ਜੇਲ੍ਹ ਵਿਚ ਰਹੀਆਂ। ਇਹ ਇਨ੍ਹਾਂ ਦੇ ਕੰਮ ਹਨ। ਇਨ੍ਹਾਂ ਦੇ ਮੰਤਰੀ ਦੇ ਕੰਮ ਹਨ। ਇਹ ਕਿਹੜੀਆਂ ਗੱਲਾਂ ਕਰਦੇ ਹਨ? (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) (ਵਿਘਨ ...ਸ਼ੋਰ)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਜਿਹੜਾ ਇਹ ਸੰਦੋਆ ਸਾਹਿਬ ਬੋਲੇ ਹਨ, ਇਹ ਜਿਹੜਾ ਗਠਜੋੜ ਦਿੱਲੀ ਵਿਚ ਹੋਇਆ ਹੈ ਇਹ ਉਦੋਂ ਹੀ ਖੜ੍ਹੇ ਹੋ ਜਾਂਦੇ ਹਨ, ਜਦੋਂ ਇਨ੍ਹਾਂ ਵੱਲ ਨੂੰ ਉਂਗਲ ਕਰਦੇ ਹਾਂ। ਸਰ, ਮਾਈਨਿੰਗ, ਮਾਨਯੋਗ ਵਿੱਤ ਮੰਤਰੀ ਜੀ ਕਹਿੰਦੇ ਸੀ..

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ ਜੀ। ਚੰਦੂਮਾਜਰਾ ਜੀ, ਇਨ੍ਹਾਂ ਨੂੰ ਇੱਕ ਮਿੰਟ ਗੱਲ ਕਰ ਲੈਣ ਦਿਓ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਚੰਦੂਮਾਜਰਾ ਜੀ ਪਹਿਲੀ ਵਾਰ ਅੱਜ ਬੋਲੇ ਹਨ ਅਤੇ ਬਹੁਤ ਚੰਗਾ ਬੋਲ ਰਹੇ ਹਨ ਪਰ ਇਨ੍ਹਾਂ ਨੂੰ ਪਿਛੋਕੜ ਯਾਦ ਰੱਖਣਾ ਚਾਹੀਦਾ ਹੈ।ਹੁਣ ਤਾਂ ਪੁਲਿਸ ਨੇ ਟੀਚਰਾਂ ਨੂੰ ਕੁੱਟਿਆ ਅਤੇ ਸਤਿਕਾਰਯੋਗ ਮਹਿਲਾ ਟੀਚਰਾਂ ਨੂੰ ਵੀ ਘੜੀਸ ਘੜੀਸ ਕੇ ਕੁੱਟਿਆ ਹੈ। ਪਰ ਇਨ੍ਹਾਂ ਦੀ ਸਰਕਾਰ ਵੇਲੇ ਖੁਦ ਇਨ੍ਹਾਂ ਦੇ ਮੰਤਰੀ ** ਖੁਦ ਮਹਿਲਾ ਟੀਚਰਾਂ ਨੂੰ ਵਾਲਾਂ ਤੋਂ ਫੜ ਕੇ ਕੁੱਟਦੇ ਹੁੰਦੇ ਸੀ। "ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ " ਇਹ ਆਪਣੀ ਪੀੜ੍ਹੀ ਥੱਲੇ ਸੋਟਾ ਕਿਉਂ ਨਹੀਂ ਮਾਰਦੇ।

**ਮਾਨਯੋਗ ਸਪੀਕਰ:** ** ਐਕਸਪੰਜ ਕਰ ਦਿਓ। ਚਲੋ ਹੁਣ, ਬੈਠੋ ਜੀ, ਬੈਠੋ, ਬੈਠੋ, ਬੈਠੋ, ਬੈਠੋ, ਬੈਠੋ। ਹੋ ਗਿਆ, ਹੁਣ ਤੁਸੀਂ ਬੈਠ ਜਾਉ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਜਿਸ ਤਰ੍ਹਾਂ ਇਹ ਦੋਵੇਂ ਖੜ੍ਹੇ ਹੋਏ ਹਨ, ਇਹ ਸੰਵਿਧਾਨਕ ਸੰਕਟ ਹੈ।(ਵਿਘਨ) ਸਰ, ਲਾਸਟ ਉਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਈਨਿੰਗ ਬਾਰੇ ਮਾਨਯੋਗ ਵਿੱਤ ਮੰਤਰੀ ਜੀ ਨੇ ਦਾਅਵਾ ਕੀਤਾ ਸੀ ਕਿ ਅਸੀਂ ਇਸ ਸਬੰਧੀ ਪਾਲਿਸੀ ਲੈ ਕੇ ਆਵਾਂਗੇ ਅਤੇ 800 ਕਰੋੜ ਰੁਪਏ ਦਾ ਵਾਧੂ ਮੁਨਾਫਾ ਕਮਾਵਾਂਗੇ। ਸਰ, ਮੇਰੇ ਮੁਤਾਬਕ ਜੋ ਰੈਵੇਨਿਊ ਕੁਲੈਕਸ਼ਨ ਹੋਈ ਹੈ, ਉਹ ਤਾਂ ਬਹੁਤ ਘੱਟ ਹੋਈ ਹੈ, ਪਰ ਰੇਤ ਅਤੇ ਬੱਜਰੀ ਦੇ ਰੇਟ ਵਿਚ ਪੰਜ ਗੁਣਾ ਵਾਧਾ ਹੋਇਆ ਹੈ, ਇਸ ਨੂੰ ਮਾਫੀਆ ਕਹਿੰਦੇ ਹਨ। ਇੱਕ ਇਨ੍ਹਾਂ ਨੇ ਘਰ-ਘਰ ਨੌਕਰੀ ਦਾ ਵਾਅਦਾ ਕੀਤਾ ਸੀ, ਉਸ ਬਾਰੇ ਜਿਵੇਂ ਟੀਨੂ ਜੀ ਨੇ ਦੱਸਿਆ ਹੀ ਹੈ। ਜੇ ਨਸ਼ਿਆਂ ਬਾਰੇ ਪੁੱਛਣਾ ਹੈ ਤਾਂ ਜ਼ੀਰਾ ਸਾਹਿਬ ਅਤੇ ਧੀਮਾਨ ਸਾਹਿਬ ਨੇ ਜਿਹੜੀਆਂ ਗੱਲਾਂ ਕੀਤੀਆਂ ਹਨ..

**ਮਾਨਯੋਗ ਸਪੀਕਰ :** ਚਲੋ, ਬੈਠੋ, ਚਲੋ ਬੈਠੋ। ਮੰਤਰੀ ਜੀ ਖੜ੍ਹੇ ਹਨ। ਹਾਂ ਜੀ, ਸਰਕਾਰੀਆ ਜੀ।

**ਮਾਲ ਤੇ ਪੁਨਰਵਾਸ ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਮਾਈਨਿੰਗ ਦੀ ਗੱਲ ਕੀਤੀ ਹੈ। ਇਸ ਵੇਲੇ (ਵਿਘਨ...ਸ਼ੋਰ)....

**ਸਰਦਾਰ ਸਿਮਰਜੀਤ ਸਿੰਘ ਬੈਂਸ :** ਤੁਹਾਡੇ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਬੰਦੇ ਹੁਣ ਵੀ ਰੇਤਾ ਚੋਰੀ ਕਰਵਾ ਰਹੇ ਹਨ .....(ਵਿਘਨ)....

**ਮਾਲ ਤੇ ਪੁਨਰਵਾਸ ਮੰਤਰੀ:** ਸਪੀਕਰ ਸਾਹਿਬ, ਮੈਂ ਹੁਣ ਕੀ ਕਹਾਂ, ਇਹ ਤਾਂ ਆਪਸ ਵਿੱਚ ਕਹੀ ਜਾਂਦੇ ਹਨ ਜੀ।(ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਬੈਠ ਜਾਓ, ਫਿਰ ਤੁਸੀਂ ਬੈਠ ਜਾਓ। ...(ਵਿਘਨ)..ਹਾਂ

** Expunged as ordered by the Chair.

ਜੀ, ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ। ਚੰਦੂਮਾਜਰਾ ਜੀ, ਬੈਠੋ ਜੀ, ਬੈਠੋ ਹੁਣ। ਹੋ ਗਿਆ ਜੀ। ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ। ਚੰਦੂਮਾਜਰਾ ਜੀ, ਕਨਕਲੂਡ ਹੋ ਗਿਆ, ਹੋ ਗਿਆ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਮੈਨੂੰ ਕਨਕਲੂਡ ਤਾਂ ਕਰ ਲੈਣ ਦਿਓ ਜੀ।

**ਮਾਨਯੋਗ ਸਪੀਕਰ :** ਅੱਛਾ ਬੋਲੋ, ਕਨਕਲੂਡ ਕਰ ਦਿਓ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਲਾਸਟ ਪੁਆਇੰਟ ਹੈ। ਬੜਾ ਅਹਿਮ ਮੁੱਦਾ ਹੈ। ਸਰ, ਅਸੀਂ ਜਦੋਂ ਕਹਾਂਗੇ ਤਾਂ ਕਹਿਣਗੇ ਕਿ ਵਿਰੋਧੀ ਬੋਲਦੇ ਹਨ ਪਰ ਸਰ, ਸਰਦਾਰ ਕੁਲਬੀਰ ਸਿੰਘ ਜ਼ੀਰਾ ਨੂੰ ਕੱਢਣਾ ਰੱਖਣਾ ਇਨ੍ਹਾਂ ਦਾ ਨਿੱਜੀ ਮਸਲਾ ਹੈ ਪਰ ਸਰ, ਜਿਹੜੇ ਉਸ ਦੇ ਇਲਜ਼ਾਮ ਹਨ, ਸਰਦਾਰ ਸੁਰਜੀਤ ਸਿੰਘ ਧੀਮਾਨ ਸਾਹਿਬ ਦੇ ਜਿਹੜੇ ਇਲਜ਼ਾਮ ਹਨ, ਇਹ ਜ਼ਰੂਰੀ ਬਣਦਾ ਹੈ ਕਿ ਸਰਕਾਰ ਦੇ ਨੁਮਾਇੰਦੇ ਉਨ੍ਹਾਂ ਇਲਜ਼ਾਮਾਂ ਦੇ ਉਤੇ ਜਵਾਬ ਦੇਣ। ਸਰਕਾਰ ਸਿਹਤ ਸਹੂਲਤਾਂ ਨੂੰ ਪ੍ਰਾਈਵੇਟ ਸੈਕਟਰ ਵਿੱਚ ਦੇਣ ਜਾ ਰਹੀ ਹੈ, ਮਾਨਯੋਗ ਸਿਹਤ ਮੰਤਰੀ ਸਾਹਿਬ ਦਾ ਬਿਆਨ ਆਇਆ ਹੈ, ਇਹ ਵੀ ਚਿੰਤਾ ਦਾ ਵਿਸ਼ਾ ਹੈ। ਸਰ, ਮੇਰੀਆਂ ਗੱਲਾਂ ਸ਼ਾਇਦ ਕੌੜੀਆਂ ਲੱਗੀਆਂ ਹੋਣ ਪਰ ਕਿਸਾਨ ਦੀ ਜਿਹੜੀ ਗੱਲ ਦੱਸੀ ਹੈ, ਖੇਤ ਮਜ਼ਦੂਰ ਦੀ, ਦਲਿਤ ਦੀ, ਮਾਈਨਿੰਗ ਦੀ ਗੱਲ ਕੀਤੀ ਹੈ, ਇਹ ਪੰਜਾਬ ਦੀਆਂ ਅੱਜ ਦੀਆਂ ਕੌੜੀਆਂ ਸਚਾਈਆਂ ਹਨ। ਮੈਂ ਆਪਣੇ ਇਨ੍ਹਾਂ ਵੀਰਾਂ (ਆਮ ਆਦਮੀ ਪਾਰਟੀ ਵੱਲ ਇਸ਼ਾਰਾ) ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਇਨ੍ਹਾਂ ਦੀ ਢਾਲ ਨਾ ਬਣਿਆ ਕਰਨ। ਜਦੋਂ ਅਸੀਂ ਉਂਗਲ ਉਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਕਰਦੇ ਹਾਂ ਤਾਂ ਇਹ ਕਿਉਂ ਖੜ੍ਹੇ ਹੁੰਦੇ ਹਨ। ਇਹ ਨਾ ਖੜ੍ਹੇ ਹੋਇਆ ਕਰਨ। ਸਰ, ਇਹ ਉਨ੍ਹਾਂ ਦੀ ਢਾਲ ਨਾ ਬਣਿਆ ਕਰਨ। ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੈਂ ਮਾੜੀ ਜਿਹੀ ਗੱਲ ਕਰਨੀ ਹੈ।

**ਮਾਨਯੋਗ ਸਪੀਕਰ :** ਬੈਠ ਜਾਓ। ਤੁਸੀਂ ਬੋਲਣਾ ਹੈ ਉਦੋਂ ਗੱਲ ਕਰ ਲੈਣਾ, ਬਈ, ਇਸ ਤਰ੍ਹਾਂ ਨਾ ਕਰਿਆ ਕਰੋ। ਤੁਸੀਂ ਬੋਲਣਾ ਹੈ ਤਾਂ ਉਦੋਂ ਬੋਲ ਲੈਣਾ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਰ, ਇੱਕੋ ਗੱਲ ਕਰਨੀ ਹੈ। ਮੈਂ ਇਨ੍ਹਾਂ ਦੀ ਗੱਲ ਦਾ ਜਵਾਬ ਦੇਣਾ ਹੈ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਚੰਦੂਮਾਜਰਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਦਾਸੀ ਆਜ ਭੀ ਵੈਸੀ ਹੈ, ਜਦੋਂ ਤੁਸੀਂ ਇਧਰ ਸੀ –

[ਸਰਦਾਰ ਕੁਲਤਾਰ ਸਿੰਘ ਸੰਧਵਾਂ]

उदासी आज भी वैसी है जैसे पहले थी,

मकीं बदलते रहे हैं मकान नहीं बदले ।

ਹਾਲਾਤ ਉਹੀ ਹਨ। ਜਿਹੜਾ ਕੁਝ ਤੁਸੀਂ ਕੀਤਾ, ਉਸ ਤੋਂ ਇਨ੍ਹਾਂ ਨੇ ਵਧਾ ਦਿੱਤਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਕੇਜਰੀਵਾਲ ਸਾਹਿਬ ਨੂੰ ਇਨ੍ਹਾਂ ਦੇ ਜ਼ਰੀਏ ਇੱਕ ਸੰਦੇਸ਼ ਭੇਜਣਾ ਚਾਹੁੰਦੇ ਹਾਂ ਕਿ ਪੰਜਾਬ ਦੀਆਂ ਵਾਲਵੋ ਬੱਸਾਂ ਦਿੱਲੀ ਵਿੱਚ ਬੰਦ ਕਰ ਦਿੱਤੀਆਂ ਹਨ .....(ਵਿਘਨ...ਸ਼ੋਰ)....

**ਮਾਨਯੋਗ ਸਪੀਕਰ :** ਹਾਂ ਜੀ, ਅਜਨਾਲਾ ਜੀ (ਵਿਘਨ), ਅਜਨਾਲਾ ਸਾਹਿਬ (ਵਿਘਨ)(ਸ਼ੋਰ) ਸ਼੍ਰੀ ਅਮਨ ਅਰੋੜਾ ਜੀ, ਕੀ ਕਹਿਣਾ ਹੈ ਤੁਸੀਂ। ਬੈਠੋ, ਬੈਂਸ ਸਾਹਿਬ, ਬੈਠੋ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਸਰ, ਮੇਰਾ ਟਾਈਮ ਸ਼ੁਰੂ ਹੋ ਗਿਆ ਹੈ ਜਾਂ ਮੈਂ ਇਨ੍ਹਾਂ ਦੀ ਗੱਲ ਦਾ ਜਵਾਬ ਦੇਣਾ ਹੈ...

**ਮਾਨਯੋਗ ਸਪੀਕਰ :** ਮੈਂ ਤਾਂ ਚਾਹੁੰਦਾ ਸੀ ਕਿ ਤੁਸੀਂ ਉਦੋਂ ਹੀ ਜਵਾਬ ਦੇ ਲੈਂਦੇ।

**ਸ਼੍ਰੀ ਅਮਨ ਅਰੋੜਾ :** ਸਰ, ਇਸ ਤਰ੍ਹਾਂ ਹੈ ਕਿ ਬੜਾ ਦੁੱਖ ਹੁੰਦਾ ਹੈ ਕਿ ਜਦੋਂ ਇਹੋ ਜਿਹੇ ਅਜ਼ੀਮ ਸਦਨ ਦੇ ਵਿੱਚ ਸਿਰਫ ਸਿਆਸੀ ਰੋਟੀਆਂ ਸੇਕਣ ਦੇ ਲਈ ਝੂਠ ਬੋਲਿਆ ਜਾਂਦਾ ਹੈ। ਇਹ ਗੱਲ ਪਹਿਲਾਂ ਵੀ ਚੱਲੀ ਸੀ ਕਿ ਦਿੱਲੀ ਸਰਕਾਰ ਨੇ, ਕੇਜਰੀਵਾਲ ਸਰਕਾਰ ਨੇ ਬੱਸਾਂ ਬੰਦ ਕਰ ਦਿੱਤੀਆਂ। ਸਰ, ਇਸ ਤਰ੍ਹਾਂ ਹੈ ਕਿ please give me some time, ਮੈਂ ਬਿਲਕੁੱਲ ਸਾਰੇ ਫੈਕਟਸ ਕਲੀਅਰ ਦੇਵਾਂਗਾ।

**ਮਾਨਯੋਗ ਸਪੀਕਰ :** ਇਹ ਉਦੋਂ ਕਰਨਾ ਜਦੋਂ ਤੁਸੀਂ ਬੋਲਣਾ ਹੈ।

**Shri Aman Arora:** O.K.

**ਮਾਨਯੋਗ ਸਪੀਕਰ :** ਉਦੋਂ ਗੱਲ ਕਰ ਲੈਣਾ। ਬੈਠੋ, ਫਿਰ ਬੈਠੋ।

**ਸ਼੍ਰੀ ਅਮਨ ਅਰੋੜਾ :** ਨਹੀਂ, ਫਿਰ ਮੈਨੂੰ ਬੋਲ ਲੈਣ ਦਿਓ।

**ਮਾਨਯੋਗ ਸਪੀਕਰ :** ਨਹੀਂ, ਤੁਸੀਂ ਬੈਠ ਜਾਓ। ...(ਵਿਘਨ)... ਅਜਨਾਲਾ ਸਾਹਿਬ, ਤੁਸੀਂ ਬੋਲੋ। ਅਮਨ ਅਰੋੜਾ ਜੀ, ਤੁਸੀਂ ਬਾਅਦ ਵਿੱਚ ਜਵਾਬ ਦੇ ਦਿਓ।

**ਸ਼੍ਰੀ ਅਮਨ ਅਰੋੜਾ :** (ਸਰਦਾਰ ਸਿਮਰਜੀਤ ਸਿੰਘ ਬੈਂਸ ਵੱਲ ਇਸ਼ਾਰਾ) ਤੁਸੀਂ ਸੁਣ ਕੇ ਜਾਇਓ। ...(ਵਿਘਨ)...

**ਮਾਨਯੋਗ ਸਪੀਕਰ :** ਅਜਨਾਲਾ ਸਾਹਿਬ .....(ਵਿਘਨ)... ਅਜਨਾਲਾ ਸਾਹਿਬ

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਸ਼੍ਰੀ ਅਮਨ ਅਰੋੜਾ :** ** **

**ਮਾਨਯੋਗ ਸਪੀਕਰ :** ਅਜਨਾਲਾ ਜੀ ....(ਵਿਘਨ)... ਅਜਨਾਲਾ ਜੀ ....(ਵਿਘਨ)...

**ਸਰਦਾਰ ਹਰਪ੍ਰਤਾਪ ਸਿੰਘ (ਅਜਨਾਲਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ...(ਵਿਘਨ)....

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

**ਸ਼੍ਰੀ ਅਮਨ ਅਰੋੜਾ :** ** **

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ** **

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਹੋਵੇ ....(ਵਿਘਨ)... ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ .....(ਵਿਘਨ)....

**ਸ਼੍ਰੀ ਐਨ. ਕੇ. ਸ਼ਰਮਾ :** ** **

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ। ਸ਼ਰਮਾ ਜੀ, ਅਮਨ ਜੀ, ਬੈਠ ਜਾਓ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਇਕ ਦੂਜੇ ਦੇ ਵਿਰੁੱਧ ਉਚੀ ਉਚੀ ਬੋਲ ਰਹੇ ਸਨ ਜਿਸ ਕਾਰਨ ਸਦਨ ਵਿਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ :** ਸ਼੍ਰੀ ਐਨ.ਕੇ. ਸ਼ਰਮਾ ਜੀ, ਤੁਸੀਂ ਬੈਠੋ, ਪਲੀਜ਼। ਪਲੀਜ਼

---

** Not recorded / Expunged as ordered by the Chair.

ਬੈਠੋ। ਹਾਂ ਜੀ, ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ, ਤੁਸੀਂ ਆਪਣੀ ਸਪੀਚ ਸ਼ੁਰੂ ਕਰੋ ।

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ (ਵਿਘਨ)(ਸ਼ੋਰ) ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ..

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...

**ਮਾਨਯੋਗ ਸਪੀਕਰ:** ਅਮਨ ਜੀ, ਅਮਨ ਜੀ, ਹਾਊਸ ਨੂੰ ਚੱਲਣ ਦਿਉ। ਅਮਨ ਜੀ, ਹਾਊਸ ਨੂੰ ਚੱਲਣ ਦਿਉ। (ਵਿਘਨ)(ਸ਼ੋਰ) ਪਲੀਜ਼, ਤੁਸੀਂ ਬੈਠੋ। ਪਲੀਜ਼, ਹਾਊਸ ਨੂੰ ਚਲਣ ਦਿਉ। (ਵਿਘਨ)(ਸ਼ੋਰ)

**ਸ਼੍ਰੀ ਅਮਨ ਅਰੋੜਾ :** ਸਰ, ਮਰਿਆਦਾ ਦੀ ਗੱਲ ਹੈ, ਇਨ੍ਹਾਂ ਨੇ ਇਕ ਕਹਾਵਤ ਸੁਣਾਈ ਹੈ, ਮੁਹਾਵਰਾ ਸੁਣਾਇਆ ਹੈ (ਵਿਘਨ)(ਸ਼ੋਰ)ਇਹ ਅਲੱਗ ਗੱਲ ਹੈ ਕਿ ਕੌਣ ਕਿਸ ਨਾਲ ਰਲਿਆ ਹੈ, ** ** ਸਵਾਲ ਇਸ ਤਰ੍ਹਾਂ ਹੈ...

**ਮਾਨਯੋਗ ਸਪੀਕਰ:** ** ਐਕਸਪੰਜ ਕਰ ਦਿੱਤਾ ਜਾਵੇ। ਇਹ ਦਰਜ ਨਾ ਕੀਤਾ ਜਾਵੇ। ਅਮਨ ਜੀ, ਬੈਠੋ, ਬੈਠੋ, ਬੈਠੋ, ਬੈਠੋ, ਪਲੀਜ਼ ਬੈਠੋ, ਬੈਠੋ। ਬੈਠੋ, ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਸ ਵਿਚ ਉਚੀ ਉਚੀ ਬਹਿਸ ਰਹੇ ਸਨ ਜਿਸ ਕਾਰਨ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਸੀਂ ਬੈਠੋ। ਬੈਠੋ, ਬੈਠੋ, ਬੈਠੋ, ਬੈਠੋ।

**ਸ਼੍ਰੀ ਅਮਨ ਅਰੋੜਾ :** **** (ਵਿਘਨ)(ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਕਈ ਮੈਂਬਰ ਆਪਸ ਵਿਚ ਬਹੁਤ ਜ਼ਿਆਦਾ ਬਹਿਸ ਰਹੇ ਸਨ ਜਿਸ ਕਾਰਨ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ ।)

**ਸ਼੍ਰੀ ਅਮਨ ਅਰੋੜਾ :** ਇਨ੍ਹਾਂ ਨੇ ਦਸ ਸਾਲਾਂ ਵਿਚ ਡੇਢ ਲੱਖ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਉਤੇ ਚੜ੍ਹਾ ਦਿੱਤਾ...**(ਵਿਘਨ)(ਸ਼ੋਰ)

---

** Expunged as ordered by the Chair.

**ਮਾਨਯੋਗ ਸਪੀਕਰ:** ** ਐਕਸਪੰਜ ਕਰ ਦਿਉ। (ਵਿਘਨ)(ਸ਼ੋਰ)

**ਸ਼੍ਰੀ ਅਮਨ ਅਰੋੜਾ:** **

**ਮਾਨਯੋਗ ਸਪੀਕਰ :** ਸ਼੍ਰੀ ਅਮਨ ਅਰੋੜਾ ਜੀ ਦਾ ਮਾਈਕ ਬੰਦ ਕਰੋ।

**ਸ਼੍ਰੀ ਅਮਨ ਅਰੋੜਾ :** ** **

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਸ਼੍ਰੀ ਅਮਨ ਅਰੋੜਾ, ਮੈਂਬਰ, ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਸ ਵਿੱਚ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉਚੀ ਉਚੀ ਬਹਿਸ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਬੈਠੋ, ਬੈਠੋ। ਬੈਠੋ, ਬੈਠੋ। (ਵਿਘਨ)(ਸ਼ੋਰ) ਤੁਸੀਂ ਹਾਲੇ ਬੋਲਣਾ ਹੈ, ਪਹਿਲਾਂ ਤੁਸੀਂ ਅਜਨਾਲਾ ਜੀ ਨੂੰ ਬੋਲਣ ਦਿਉ। (ਵਿਘਨ)(ਸ਼ੋਰ)

**ਸ਼੍ਰੀ ਅਮਨ ਅਰੋੜਾ :** ਇਸ ਲਈ ਤੁਹਾਡੀ ਸਖਤੀ ਚਾਹੀਦੀ ਹੈ ਕਿ ਕੋਈ ਮਰਿਆਦਾ ਦੀ ਉਲੰਘਣਾ ਨਾ ਕਰੇ।

**ਮਾਨਯੋਗ ਸਪੀਕਰ :** ਬੈਠੋ, ਬੈਠੋ, ਪਲੀਜ਼ ਬੈਠੋ। (ਵਿਘਨ)(ਸ਼ੋਰ) ਸ਼ਰਮਾ ਜੀ, ਹਾਊਸ ਨੂੰ ਚੱਲਣ ਦਿਉ, ਇਸ ਤਰ੍ਹਾਂ ਕੰਮ ਨਹੀਂ ਚੱਲਣਾ । ਜ਼ਰਾ, ਇਕ ਮਿੰਟ ਜੀ, just listen ਜੇ ਹਰ ਗੱਲ ਉਤੇ ਟੋਕਾ-ਟਾਕੀ ਕਰਾਂਗੇ ਤਾਂ ਕੰਮ ਨਹੀਂ ਚਲੇਗਾ। (ਵਿਘਨ) ਨਹੀਂ, ਨਹੀਂ, ਜੇ ਤੁਸੀਂ ਸ਼ੁਰੂਆਤ ਕਰੋਗੇ ਤਾਂ ਦੂਸਰਾ ਆਦਮੀ ਜ਼ਰੂਰ ਕਹੇਗਾ। ਤੁਸੀਂ ਸ਼ੁਰੂਆਤ ਨਾ ਕਰੋ । ਬੈਠੋ, ਪਲੀਜ਼ ਬੈਠੋ। ਪਲੀਜ਼ ਬੈਠੋ, ਪਲੀਜ਼ ਬੈਠੋ।(ਵਿਘਨ)(ਸ਼ੋਰ) ਉਹ ਮੇਰਾ ਕੰਮ ਹੈ।

(ਇਸ ਸਮੇਂ ਸ਼੍ਰੀ ਅਮਨ ਅਰੋੜਾ, ਮੈਂਬਰ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਸ ਵਿੱਚ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉਚੀ ਉਚੀ ਬਹਿਸ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਅਮਨ ਜੀ, ਅਮਨ ਜੀ, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਉਹ ਸਾਰੇ ਰਿਮਾਰਕਸ ਐਕਸਪੰਜ ਕਰਾਓ ਜਿਹੜੇ ਇਨ੍ਹਾਂ ਨੇ, ਸ਼੍ਰੀ ਅਮਨ ਅਰੋੜਾ ਨੇ ਵਰਤੇ ਹਨ, ਉਹ

** Expunged as ordered by the Chair.

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]
ਐਕਸਪੰਜ ਕਰਵਾਉ ।

**ਮਾਨਯੋਗ ਸਪੀਕਰ :** ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਹੁਣ, ਤੁਸੀਂ ਸਾਰੇ ਬੈਠੋ ਜੀ, ਦੇਖੋ ਹਾਊਸ ਨੂੰ ਚੱਲਣ ਦਿਓ, ਅਜਿਹਾ ਨਾ ਕਰੋ। ਹਾਂ ਜੀ, ਸਰਦਾਰ ਹਰਪ੍ਰਤਾਪ ਸਿੰਘ ਜੀ।

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਗੱਲ ਕਰਨ ਦਾ ਮੌਕਾ ਦਿੱਤਾ ਹੈ। ਮੈਂ ਸ਼ੁਰੂਆਤ ਕਰਾਂਗਾ ਕਿ ਜਿਸ ਦਿਨ ਸਾਡੀ ਸਰਕਾਰ ਹੋਂਦ ਵਿੱਚ ਆਈ ਹੈ, ਰਾਜ ਦੇ ਸਿਰ ਉਤੇ ਲੱਖਾਂ-ਕਰੋੜਾਂ ਰੁਪਏ ਦਾ ਕਰਜ਼ਾ ਸੀ ਅਤੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਂ ਕਿਹੜੇ ਪਾਸੇ ਨੂੰ ਤੁਰਨਾ ਹੈ। ਅੱਜ ਇੱਥੇ ਹਾਊਸ ਵਿੱਚ ਗੱਲਾਂ ਕਰਦੇ ਹਨ। ਇਸ ਵਾਸਤੇ ਕੌਣ ਜ਼ੁੰਮੇਵਾਰ ਹੈ ਜਿਹੜੇ ਸਾਨੂੰ ਇਹੋ ਜਿਹੀ ਸਰਕਾਰ ਦੇ ਕੇ ਗਏ ਹਨ, ਇਸ ਲਈ ਕੌਣ ਜ਼ੁੰਮੇਵਾਰ ਹੈ ਜਿਸ ਨੇ ਖਜ਼ਾਨਾ ਖਾਲੀ ਕਰਕੇ ਸਾਡੇ ਹੱਥ ਵਿੱਚ ਦਿੱਤਾ। ਇਨ੍ਹਾਂ ਨੇ 10 ਸਾਲ ਰਾਜ ਕੀਤਾ ਅਤੇ ਹੁਣ ਆਪੋਜ਼ੀਸ਼ਨ ਵਿੱਚ ਕਿਹੋ ਜਿਹੀਆਂ ਗੱਲਾਂ ਕਰਦੇ ਹਨ। ਲੇਕਿਨ ਮੈਂ ਇਕ ਬੇਨਤੀ ਕਰਨ ਲੱਗਾ ਹਾਂ। ਕੈਪਟਨ ਸਾਹਿਬ ਨੇ ਦੁਬਾਰਾ ਇਕ ਸ਼ੁਰੂਆਤ ਕੀਤੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਦੁਬਾਰਾ ਸ਼ੁਰੂਆਤ ਕੀਤੀ, ਸਰਕਾਰ ਹੌਲੀ ਹੌਲੀ ਆਪਣੇ ਕਦਮਾਂ ਤੇ ਫੇਰ ਖੜ੍ਹੋਣ ਲੱਗੀ ਹੈ। ਮੈਂ ਬੇਨਤੀ ਕਰਨ ਲੱਗਾ ਹਾਂ, ਇੱਥੇ ਗੱਲ ਹੋਈ ਹੈ, ਸਾਰਿਆਂ ਤੋਂ ਪਹਿਲਾਂ ਮੈਂ ਡਰੱਗਜ਼ ਦੀ ਗੱਲ ਜਾਣ-ਬੁੱਝ ਕੇ ਕਰਾਂਗਾ ਕਿਉਂਕਿ ਮੇਰਾ ਮਾਝੇ ਦਾ ਇਲਾਕਾ ਹੈ ਅਤੇ ਇਹ ਬਾਰਡਰ ਦਾ ਇਲਾਕਾ ਸਭ ਤੋਂ ਜ਼ਿਆਦਾ ਇਫੈਕਟਿਡ ਹੈ। ਸਾਡੇ ਨੌਜਵਾਨ ਬੱਚਿਆਂ ਦਾ ਬੁਰਾ ਹਾਲ ਕਰ ਦਿੱਤਾ, ਪੜ੍ਹਾਈਆਂ ਖਤਮ ਹੋ ਗਈਆਂ, ਉਹ ਨਸ਼ਿਆਂ ਤੇ ਲੱਗ ਗਏ। ਕੁਝ ਨਹੀਂ ਸੁੱਝਦਾ ਸੀ, ਉਹ ਨਸ਼ਾ ਲੱਭਦੇ ਸੀ। ਮੈਂ ਅਮਰੀਕਾ ਬਾਰੇ ਪੜ੍ਹਿਆ ਹੈ, ਉਥੇ ਦੀ ਕੋਲੰਬੀਆ ਸਟੇਟ ਕੋਕੀਨ ਬਣਾ ਕੇ ਅਮਰੀਕਾ ਵਿੱਚ ਸੁੱਟਦੇ ਸਨ। ਉਹੀ ਹਾਲ ਸਾਡਾ ਬਣ ਗਿਆ। ਜਿਹੜਾ ਵੀ ਸਮੱਗਲਰ ਸੀ, ਉਹ ਅਫਗਾਨਿਸਤਾਨ ਦੀ ਹੈਰੋਇਨ ਜਾਂ ਸਮੈਕ ਲਿਆ ਕੇ ਸਾਡੇ ਬਾਰਡਰ ਦੇ ਏਰੀਆ ਵਿੱਚ ਸੁੱਟਣ ਲੱਗ ਗਿਆ। ਕੈਪਟਨ ਸਾਹਿਬ ਆਏ, ਉਨ੍ਹਾਂ ਨੇ ਇਕ ਫੈਸਲਾ ਕੀਤਾ ਸੀ ਕਿ ਮੈਂ ਡਰੱਗਜ਼ ਨਹੀਂ ਚੱਲਣ ਦੇਣੀਆਂ। ਲੇਕਿਨ ਸਪੀਕਰ ਸਾਹਿਬ, ਇੱਕ ਗੱਲ ਮੈਂ ਤੁਹਾਡੀ ਨਾਲੇਜ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕਿਸ ਤਰੀਕੇ ਨਾਲ ਗੈਂਗਸਟਰ, ਕਿਸ ਤਰੀਕੇ ਨਾਲ ਡਰੱਗਜ਼ ਸਮੱਗਲਰ ਸਮੱਗਲਿੰਗ ਕਰਦੇ ਸਨ। ਲਾਲ ਬੱਤੀਆਂ ਵਾਲੀਆਂ ਮੰਤਰੀਆਂ ਦੀਆਂ ਕਾਰਾਂ ਵਿੱਚ ਸਮਾਨ ਆਉਂਦਾ ਸੀ ਅਤੇ ਅੰਮ੍ਰਿਤਸਰ ਸ਼ਹਿਰ ਵਿੱਚ ਆ ਕੇ ਸਾਲਟ ਬਣਦੇ ਸਨ ਅਤੇ ਇਹ ਸਾਲਟ ਕਿਸ ਨੂੰ ਜਾਂਦੇ ਸਨ? ਤੁਹਾਡੇ ਸਾਮ੍ਹਣੇ ਅੱਜ

ਕੇਸ ਚੱਲ ਰਹੇ ਹਨ। ਉਹ ਮਿਡਲ ਈਸਟ ਤੱਕ, ਬਾਹਰਲੇ ਕੰਟਰੀਜ਼ ਤੱਕ ਸਿੰਥੈਟਿਕ ਡਰੱਗਜ਼ ਬਣਾ ਕੇ ਭੇਜਦੇ ਸਨ। ਇਸ ਵਾਸਤੇ ਕੌਣ ਜ਼ੁੰਮੇਵਾਰ ਹੈ? ਆਹ ਹੋ ਗਿਆ, ਫਲਾਣਾ ਹੋ ਗਿਆ। ਮੈਂ ਸੁਣ ਰਿਹਾ ਸੀ, ਇਹ ਅਜ਼ੀਮ ਹਾਊਸ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਤੁਸੀਂ ਬਹੁਤ ਕੁਝ ਕੀਤਾ ਪਰ ਜਦੋਂ 10 ਸਾਲ ਦਾ ਸਮਾਂ ਮਿਲਿਆ ਸੀ ਉਦੋਂ ਤਾਂ ਕੁਝ ਨਹੀਂ ਕੀਤਾ। ਅੱਜ ਤੁਸੀਂ ਆਪੋਜ਼ੀਸ਼ਨ ਵਿੱਚ ਬੈਠ ਕੇ ਬੋਲਦੇ ਹੋ। ਅਸੀਂ ਉਨ੍ਹਾਂ ਮੁਸ਼ਕਿਲਾਂ ਦਾ ਹੱਲ ਕੱਢਣ ਦਾ ਯਤਨ ਕਰ ਰਹੇ ਹਾਂ, ਜਿਨ੍ਹਾਂ ਨੂੰ ਅੱਜ ਸਾਡੇ ਮਾਝੇ ਦੇ ਇਲਾਕੇ ਦੇ ਬੱਚੇ ਫੇਸ ਕਰ ਰਹੇ ਹਨ, ਪੰਜਾਬ ਦੇ ਇਲਾਕੇ ਦੇ ਬੱਚੇ ਫੇਸ ਕਰ ਰਹੇ ਹਨ।

ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਪ੍ਰਣ ਕਰ ਲਿਆ ਕਿ ਮੈਂ ਸ਼ੁਰੂਆਤ ਕੀਤੀ ਹੈ ਅਤੇ ਮੈਂ ਇੱਕ ਗੱਲ ਇਸ ਅਜ਼ੀਮ ਹਾਊਸ ਵਿੱਚ ਕਹਿਣ ਲੱਗਿਆ ਹਾਂ। ਅਸੀਂ ਕੈਪਟਨ ਸਾਹਿਬ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਐਮ.ਐਲ.ਏ. ਹੋ ਕੇ ਇਕ ਵੀ ਸਿਫਾਰਸ਼ ਡਰੱਗਜ਼ ਦੇ ਕੇਸ ਵਿੱਚ ਥਾਣੇ ਵਿੱਚ ਨਹੀਂ ਕਰਾਂਗੇ।(ਥੰਪਿੰਗ) ਮੈਂ ਇਸ ਵੇਲੇ ਕਹਿ ਸਕਦਾ ਹਾਂ ਕਿ ਮੈਂ ਕਿਸੇ ਦੀ ਵੀ ਸਿਫਾਰਸ਼ ਥਾਣੇਦਾਰ ਜਾਂ ਡੀ.ਐਸ.ਪੀ. ਨੂੰ ਨਹੀਂ ਕੀਤੀ, ਸਾਡੇ ਕਿਸੇ ਐਮ.ਐਲ.ਏ. ਨੇ ਨਹੀਂ ਕੀਤੀ। ਅਸੀਂ ਪੰਜਾਬ ਨੂੰ ਬਚਾਵਾਂਗੇ, ਨੌਜਵਾਨੀ ਬਚਾਵਾਂਗੇ। ਮੈਂ ਛੋਟੀ ਜਿਹੀ ਬੇਨਤੀ ਕਰਨ ਲੱਗਿਆ ਹਾਂ। ਮੈਂ ਇਕ ਮਾਂ ਦਾ ਬਿਆਨ ਪੜ੍ਹਿਆ ਹੈ, ਅਖਬਾਰ ਵਿੱਚ ਤੁਸੀਂ ਵੀ ਪੜ੍ਹਿਆ ਸੀ। ਮਾਂ ਦੀ 80 ਕਿੱਲੇ ਜ਼ਮੀਨ ਸੀ, ਉਸ ਲੇਡੀ ਦਾ ਇਕੱਲਾ ਬੱਚਾ ਸੀ, ਉਸ ਬੱਚੇ ਦਾ ਬਾਪ ਨਸ਼ਿਆਂ ਵਿੱਚ ਲੱਗਿਆ ਹੋਇਆ ਸੀ। ਉਸ ਬੱਚੇ ਦੀ 3-4 ਸਾਲ ਦੀ ਉਮਰ ਸੀ ਜਦੋਂ ਉਸ ਦੇ ਬਾਪ ਦੀ ਓਵਰਡੋਜ਼ ਕਾਰਨ ਜਾਂ ਡਰੱਗਜ਼ ਕਾਰਨ ਡੈੱਥ ਹੋ ਗਈ। ਉਹ ਬੱਚਾ ਵੱਡਾ ਹੋਣ ਲੱਗਾ, ਸ਼ੁਰੂਆਤ ਹੋਈ, ਜਿਹੜੀ ਵੀ ਚੀਜ਼ ਮਾਂ ਤੋਂ ਮੰਗਣੀ, ਮਾਂ ਨੇ ਨਾਂਹ ਕਰਨੀ। ਬੱਚਾ ਹੌਲੀ ਹੌਲੀ ਵੱਡਾ ਹੋਇਆ ਲੇਕਿਨ ਉਹ ਵੀ ਵਿਗੜ ਕੇ ਡਰੱਗਜ਼ ਵੱਲ ਲੱਗ ਗਿਆ। ਮਾਂ ਨੇ ਐਸ.ਐਸ.ਪੀ. ਕੋਲ ਜਾ ਕੇ ਬਿਆਨ ਦਿੱਤੇ ਹਨ ਕਿ ਮੇਰੇ ਕੋਲ 80 ਕਿੱਲੇ ਜ਼ਮੀਨ ਸੀ ਅਤੇ ਮੇਰੇ ਬੱਚੇ ਨੇ 50 ਕਿੱਲੇ ਵੇਚ ਦਿੱਤੀ ਹੈ ਅਤੇ 30 ਕਿੱਲੇ ਰਹਿ ਗਈ ਹੈ। ਮੈਨੂੰ ਬਚਾ ਲਓ, 30 ਕਿੱਲੇ ਮੈਨੂੰ ਰੋਟੀ ਖਾਣ ਲਈ ਚਾਹੀਦੇ ਹਨ। ਉਸ ਬੱਚੇ ਨੂੰ ਸਾਰਿਆਂ ਨੇ ਰਲ ਕੇ ਡੀ-ਐਡਿਕਸ਼ਨ ਸੈਂਟਰ ਵਿੱਚ ਭੇਜਿਆ। ਇਹ ਹਾਲਾਤ ਕਿਸੇ ਦੇ ਵੀ ਬਣ ਸਕਦੇ ਹਨ, ਅਜਿਹਾ ਕਿਸੇ ਨਾਲ ਵੀ ਹੋ ਸਕਦਾ ਹੈ ਚਾਹੇ ਜਿਹੜਾ ਮਰਜ਼ੀ ਕੋਈ ਹੋਵੇ, ਚਾਹੇ ਕੋਈ ਸਰਮਾਏਦਾਰ ਹੋਵੇ। ਮੈਂ ਇਸ ਹਾਊਸ ਵਿਚ ਚਿਤਾਵਨੀ ਦਿੰਦਾ ਹਾਂ ਕਿ ਕੋਈ ਵੀ ਵਿਅਕਤੀ ਤੇ ਮੈਂਬਰ ਸਾਹਿਬ ਡਰੱਗਜ਼ ਦੇ ਮਸਲੇ ਵਿੱਚ ਕਿਸੇ ਦੀ ਮਦਦ ਨਾ ਕਰੇ। ਮੈਂ ਚਾਹੁੰਦਾ ਹਾਂ ਕਿ ਇੱਥੇ ਪ੍ਰਣ ਕਰੋ ਤਾਂ ਜਾ ਕੇ ਇਸ ਮਸਲੇ ਦਾ ਹੱਲ ਹੋ ਸਕਦਾ ਹੈ। (ਥੰਪਿੰਗ)

[ਸਰਦਾਰ ਹਰਪ੍ਰਤਾਪ ਸਿੰਘ]

ਮੈਂ ਇਕ ਬੇਨਤੀ ਕਰਨੀ ਹੈ। ਸਾਰੇ ਹੀ ਇੱਥੇ ਕਿਸਾਨ ਦੀ ਗੱਲ ਕਰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨੀ ਵਿੱਚ ਗਰੀਬੀ ਕਿਸ ਤਰੀਕੇ ਨਾਲ ਪੰਜਾਬ ਵਿੱਚ ਆਈ ਹੈ? ਪੰਜਾਬ ਦਾ ਕਿਸਾਨ ਗਰੀਬ ਕਿਸ ਤਰ੍ਹਾਂ ਹੋਇਆ ਹੈ? ਇਨ੍ਹਾਂ ਨੇ ਸਰਕਾਰ ਤੇ ਪਿਛਲੇ 10 ਸਾਲ ਰਾਜ ਕੀਤਾ। ਲੇਕਿਨ ਜਦੋਂ ਵੀ ਕਣਕ ਅਤੇ ਝੋਨੇ ਦੀ ਫਸਲ ਆਉਣੀ, ਜ਼ਿਮੀਂਦਾਰਾਂ ਨੇ ਆਪਣੀਆਂ ਮੰਜੀਆਂ ਅਤੇ ਬਿਸਤਰੇ ਮੰਡੀਆਂ ਵਿੱਚ ਨਾਲ ਲੈ ਜਾਣੇ, ਕੋਈ ਪਤਾ ਨਹੀਂ ਲਗਦਾ ਸੀ ਕਿ ਝੋਨੇ ਦੀ ਢੇਰੀ ਵਿਕਣ ਨੂੰ ਕਿੰਨੇ ਦਿਨ ਲੱਗਣੇ ਹਨ। ਉਦੋਂ ਕੀ ਹਾਲਾਤ ਬਣੇ ਸੀ, ਉਹ ਮੈਨੂੰ ਵੀ ਯਾਦ ਹਨ। ਮੈਂ ਵੀ ਆਪਣਾ ਝੋਨਾ ਭਗਤਾਂ ਵਾਲੀ ਮੰਡੀ ਵਿਚ ਵੇਚਦਾ ਰਿਹਾ ਹਾਂ। ਮੈਨੂੰ ਉਦੋਂ ਰੇਟ ਕੀ ਮਿਲਿਆ? ਸਿਰਫ 900/- ਰੁਪਿਆ ਪ੍ਰਤੀ ਕੁਇੰਟਲ ਰੇਟ ਮਿਲਦਾ ਸੀ। ਪ੍ਰੰਤੂ ਅੱਜ ਉਹੀ ਚਾਰ ਫਸਲਾਂ ਕੈਪਟਨ ਅਮਰਿੰਦਰ ਸਿੰਘ ਹੁਰਾਂ ਦੀ ਸਰਕਾਰ ਨੇ ਚੁੱਕੀਆਂ ਹਨ। ਮੈਂ ਇਕ ਗੱਲ ਦੱਸਣ ਲੱਗਿਆ ਹਾਂ ਕਿ ਰੇਟ ਵੀ ਠੀਕ ਮਿਲਿਆ ਹੈ ਅਤੇ ਸਾਰਿਆਂ ਨਾਲੋਂ ਵੱਡਾ ਜਿਹੜਾ ਬਚਾਅ ਕਿਸਾਨ ਦਾ ਹੋਇਆ ਹੈ, ਉਹ ਇਹ ਹੈ ਕਿ ਝੋਨੇ ਦੀ 1509 ਅਤੇ 1121 ਕਿਸਮਾਂ ਦੇ ਰੇਟ ਵਧੀਆ ਮਿਲੇ ਹਨ। ਮੈਂ ਪੁੱਛ ਕੇ ਆਇਆ ਸੀ ਕਿਉਂਕਿ ਲਗਦਾ ਸੀ ਕਿ ਬੋਲਣ ਲਈ ਮੌਕਾ ਮਿਲਣਾ ਹੈ। ਅੱਜ ਵੀ ਕਿਸਾਨ ਦੀ 1121 ਕਿਸਮ ਝੋਨੇ ਦੀ ਫਸਲ 3600 ਰੁਪਏ ਪ੍ਰਤੀ ਕੁਇੰਟਲ ਨੂੰ ਵਿਕ ਰਹੀ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਬੇਨਤੀ ਕਰਕੇ ਚੱਲਿਆ ਹਾਂ । ਕੈਪਟਨ ਸਾਹਿਬ ਨੂੰ ਬੇਨਤੀ ਕਰਕੇ ਚੱਲਿਆ ਹਾਂ ਕਿ ਜੇ ਕਿਸਾਨ ਨੂੰ ਬਚਾਉਣਾ ਹੈ ਤਾਂ ਰਿਸਰਚ ਲਈ ਪੈਸੇ ਦੇ ਦਿਉ। 1509 ਅਤੇ 1121 ਕਿਸਮਾਂ ਦਾ ਮੈਚਿਓਰਟੀ ਦਾ ਟਾਈਮ ਸਪੈਨ ਜੋ ਹੈ, ਉਹ 10 ਦਿਨ ਜਾਂ 15 ਦਿਨ ਘਟਾ ਦਿਉ ਅਤੇ ਝਾੜ ਵਧਾ ਦਿਉ, ਕਿਸਾਨ ਆਪਣੇ ਆਪ ਖੁਸ਼ਹਾਲ ਹੋ ਜਾਵੇਗਾ। ਇਹ ਤੁਹਾਡੇ ਸਾਹਮਣੇ ਆ ਜਾਵੇਗਾ, ਮੈਂ ਇਹ ਬੇਨਤੀ ਕਰਦਾ ਹਾਂ।

ਮੈਂ ਅਗਲੀ ਗੱਲ ਪੰਜਾਬ ਦੇ ਪਾਣੀਆਂ ਬਾਰੇ ਕਰਨੀ ਹੈ। ਅੱਜ ਪੰਜਾਬ ਸਭ ਤੋਂ ਵੱਧ ਮੁਸ਼ਕਿਲਾਂ ਵਿਚ ਫਸਿਆ ਹੋਇਆ ਹੈ। ਇਹ ਚੀਜ਼ ਵਾਰ-ਵਾਰ ਸਾਹਮਣੇ ਨਜ਼ਰ ਆ ਰਹੀ ਹੈ ਕਿ ਪੰਜਾਬ ਵਿੱਚ ਪਾਣੀ ਦਾ ਲੈਵਲ ਘਟ ਰਿਹਾ ਹੈ। ਮੇਰੇ ਰਿਸ਼ਤੇਦਾਰ ਦੀ ਮੋਗੇ ਵਿਚ ਜ਼ਮੀਨ ਹੈ। ਉਨ੍ਹਾਂ ਦਾ ਬੜਾ ਵਧੀਆ ਫਾਰਮ ਹੈ। ਉਨ੍ਹਾਂ ਨੇ ਉੱਥੇ ਬੋਰ ਕਰਵਾਇਆ ਤਾਂ ਮੈਂ ਪੁੱਛ ਬੈਠਾ ਕਿ ਭਾਅ ਜੀ ਤੁਸੀਂ ਕਿੰਨਾ ਡੂੰਘਾ ਬੋਰ ਕਰਵਾਇਆ ਹੈ। ਉਨ੍ਹਾਂ ਨੇ ਦੱਸਿਆ ਕਿ ਸਾਢੇ 500 ਫੁੱਟ ਡੂੰਘਾਈ ਤੇ ਕਰਵਾਇਆ ਹੈ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਇੰਨਾ ਡੂੰਘਾ ਬੋਰ ਤੁਸੀਂ ਕਿਉਂ ਕਰਵਾਇਆ ਹੈ। ਉਨ੍ਹਾਂ ਨੇ ਦੱਸਿਆ ਕਿ ਥੱਲੇ ਪਾਣੀ ਨਹੀਂ ਸੀ, ਉਨੀ ਡੂੰਘਾਈ ਤੇ ਜਾ ਕੇ ਪਾਣੀ ਮਿਲਿਆ ਹੈ। ਫਿਰ ਮੈਂ ਪੁੱਛਿਆ ਕਿ ਜੇ ਲੋੜ ਪੈ ਗਈ ਤਾਂ ਉਹ

ਕਹਿਣ ਲੱਗੇ ਕਿ ਅੱਗੇ ਪਾਣੀ ਹੀ ਨਹੀਂ ਹੈ। ਸਪੀਕਰ ਸਾਹਿਬ, ਸਾਡੇ ਇਹ ਹਾਲਾਤ ਬਣ ਰਹੇ ਹਨ। ਇਸ ਵੇਲੇ preservation ਦੀ ਬੜੀ ਲੋੜ ਹੈ। ਇੱਥੇ ਸੁੱਖ ਸਰਕਾਰੀਆ ਜੀ ਬੈਠੇ ਹਨ, ਕੈਪਟਨ ਸਾਹਿਬ ਦਾ ਉਪਰਾਲਾ ਹੈ, ਸਾਡੇ ਮਾਝੇ ਦੇ ਇਲਾਕੇ ਨੂੰ ਇਕ ਬਹੁਤ ਵਧੀਆ ਪ੍ਰੋਜੈਕਟ ਮਿਲਣ ਲੱਗਿਆ ਹੈ, ਜਿਹੜਾ ਸ਼ਾਹਪੁਰ ਕੰਢੀ ਵਾਲਾ ਡੈਮ ਬਣਨ ਲੱਗਿਆ ਹੈ। ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਇੱਥੇ ਸੀ, ਉਨ੍ਹਾਂ ਨੇ ਉੱਧਰ ਵੱਲ ਕਦੇ ਉਪਰਾਲਾ ਨਹੀਂ ਕੀਤਾ। ਲੇਕਿਨ ਸਰਕਾਰੀਆ ਸਾਹਿਬ ਦੀ ਹਿੰਮਤ ਅਤੇ ਕੈਪਟਨ ਸਾਹਿਬ ਦੀ ਹਿੰਮਤ ਹੈ ਕਿ ਇਨ੍ਹਾਂ ਨੇ ਉਪਰਾਲਾ ਕੀਤਾ ਹੈ ਅਤੇ ਇਸ ਸਬੰਧ ਵਿੱਚ ਜੇ.ਐਂਡ.ਕੇ. ਸਰਕਾਰ ਦੇ ਨਾਲ ਐਮ.ਓ.ਯੂ.ਸਾਈਨ ਕੀਤਾ ਹੈ। ਉਹ ਪ੍ਰੋਜੈਕਟ ਤਿੰਨ ਸਾਲਾਂ ਦੇ ਵਿਚ ਬਣਨਾ ਹੈ। ਫਿਰ ਸਾਡਾ ਉਹ ਏਰੀਆ ਨਹਿਰੀ ਪਾਣੀਆਂ ਦੇ ਨਾਲ ਅਬਾਦ ਹੋਵੇਗਾ ਅਤੇ ਜਦੋਂ ਰਾਵੀ ਦਰਿਆ ਚੜ੍ਹਦਾ ਹੈ ਤਾਂ ਸਾਰਿਆਂ ਨੂੰ ਪਤਾ ਹੈ ਕਿ ਉਹ ਬੜੀ ਮਾਰ ਮਾਰਦਾ ਹੈ, ਉਸ ਦਾ ਫਲੋਅ ਬੜਾ ਤੇਜ਼ ਹੁੰਦਾ ਸੀ, ਲੱਖਾਂ ਹੈਕਟੇਅਰ ਜ਼ਮੀਨ ਦਾ ਸਾਡਾ ਹਰ ਸਾਲ ਨੁਕਸਾਨ ਹੁੰਦਾ ਸੀ, ਹੁਣ ਅਸੀਂ ਉਸ ਨੁਕਸਾਨ ਤੋਂ ਬਚਣ ਜਾ ਰਹੇ ਹਾਂ। ਉਸ ਡੈਮ ਦਾ ਟੋਟਲ ਪਾਣੀ ਵਰਤਿਆ ਜਾਣਾ ਹੈ। ਉੱਥੇ ਨਹਿਰਾਂ ਬਣਨਗੀਆਂ ਅਤੇ ਟਿਊਬਵੈੱਲਾਂ ਦੀ ਗਿਣਤੀ ਘਟੇਗੀ। ਉਸ ਵਿੱਚ ਸਾਡਾ ਸਾਰਿਆਂ ਦਾ ਸਰੇਗਾ। ਮੈਂ ਇਸ ਗੱਲ ਲਈ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ।

ਮੈਂ ਕਿਸਾਨਾਂ ਬਾਰੇ ਇਕ ਹੋਰ ਗੱਲ ਵੀ ਕਰਨੀ ਹੈ ਕਿਉਂਕਿ ਇੱਥੇ ਕਿਸਾਨਾਂ ਦੇ ਬਹੁਤ ਹਿਤੈਸ਼ੀ ਬੈਠੇ ਹਨ। ਇਸ ਵੇਲੇ ਸਾਰਿਆਂ ਨੂੰ ਜਿਹੜੀ ਮੁਸ਼ਕਿਲ ਆਈ ਹੈ, ਉਹ ਪਰਾਲੀ ਦੀ ਸਾਂਭ ਸੁੰਭਾਲ ਸਬੰਧੀ ਆਈ ਹੈ। ਮੈਂ ਇਕ ਬੇਨਤੀ ਕਰਨ ਲੱਗਿਆ ਹਾਂ, ਕੀ ਕਿਸੇ ਨੂੰ ਇਹ ਗੱਲ ਪਤਾ ਹੈ ਕਿ ਜਦੋਂ ਪਰਾਲੀ ਨੂੰ ਅੱਗ ਲਗਦੀ ਹੈ ਅਤੇ ਜਦੋਂ ਕਿਸਾਨ ਉਸ ਵਿਚੋਂ ਦੀ ਲੰਘਦਾ ਹੈ ਤਾਂ ਉਸ ਕਿਸਾਨ ਦੇ ਲੰਗਜ਼ ਤੇ ਫੇਫੜਿਆਂ ਉੱਤੇ ਇਸ ਦਾ ਕਿੰਨਾ ਬੁਰਾ ਅਸਰ ਪੈਂਦਾ ਹੈ? ਮੈਂ ਇਸ ਸਬੰਧ ਵਿੱਚ ਪੜ੍ਹ ਰਿਹਾ ਸੀ ਕਿ ਜਦੋਂ ਉਹ ਪਰਾਲੀ ਦਾ ਧੂੰਆ ਅੰਦਰ ਖਿੱਚਦਾ ਹੈ ਤਾਂ ਉਸ ਦੇ ਅੰਦਰ ਸੈਂਕੜੇ ਸਿਗਰੇਟ ਪੀਣ ਦੇ ਬਰਾਬਰ ਅਸਰ ਹੁੰਦਾ ਹੈ। ਉਨ੍ਹਾਂ ਫੇਫੜਿਆਂ ਨੂੰ ਸਾਫ ਕਰਨ ਨੂੰ ਫਿਰ ਬੜਾ ਸਮਾਂ ਲਗਦਾ ਹੈ ਪ੍ਰੰਤੂ ਉਹ ਫਿਰ ਵੀ ਸਾਫ ਨਹੀਂ ਹੁੰਦੇ। ਅਲਟੀਮੇਟਲੀ ਤੁਹਾਨੂੰ ਅਤੇ ਸਾਨੂੰ ਵੀ ਇਸ ਸਮੱਸਿਆ ਦਾ ਬੰਦੋਬਸਤ ਕਰਨਾ ਪੈਣਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਨ ਲੱਗਿਆ ਹਾਂ ਕਿ ਇਕ ਨਵੀਂ ਮਸ਼ੀਨਰੀ ਚੱਲੀ ਹੈ। ਇੱਥੇ ਬਹੁਤ ਕੁਝ ਕਿਹਾ ਗਿਆ ਹੈ ਕਿ ਮਲਚਰ, ਐਸ.ਐਮ.ਐਸ., ਕਟਰ

[ਸਰਦਾਰ ਹਰਪ੍ਰਤਾਪ ਸਿੰਘ]

ਆਦਿ ਲੇਕਿਨ ਉਹ ਮਸ਼ੀਨਰੀ ਹੈ ਕੀ? ਕਿਸਾਨ ਅਤੇ ਇੰਜੀਨੀਅਰਾਂ ਨੇ ਰਲ ਕੇ ਇਹ ਮਸ਼ੀਨਰੀ ਤਿਆਰ ਕੀਤੀ ਹੈ? ਇਸ ਵਾਰ ਪਰਾਲੀ ਦੀ ਸਾਰਿਆਂ ਨੂੰ ਮੁਸ਼ਕਿਲ ਆਈ ਹੈ। ਮੈਂ ਵੀ ਕਿਸਾਨ ਹਾਂ। ਇਸ ਵਾਰ ਜਿਹੜੀ ਮੁਸ਼ਕਿਲ ਆਈ ਹੈ, ਉਹ ਇਸ ਤਰ੍ਹਾਂ ਆਈ ਕਿ ਜਦੋਂ ਐਸ.ਐਮ.ਐਸ. ਕਟਰ ਚੱਲਿਆ, ਕੰਬਾਈਨਾਂ ਚੱਲੀਆਂ ਤਾਂ ਜ਼ੀਰੋ ਡਰਿੱਲ ਨਾਲ ਕਣਕ ਬੀਜੀ ਗਈ। ਹੋਇਆ ਕੀ ਕਿ ਪਰਾਲੀ ਥੱਲੇ ਜਾ ਕੇ ਬੈਠ ਗਈ ਪਰ ਕਣਕ ਤਾਂ ਜ਼ੀਰੋ ਡਰਿੱਲ ਨਾਲ ਉੱਗ ਪਈ ਲੇਕਿਨ ਜ਼ਿਮੀਂਦਾਰ ਜਦੋਂ ਖਾਦ ਪਾਉਂਦਾ ਸੀ, ਯੂਰੀਆ ਖਾਦ ਇਕ ਇਹੋ ਜਿਹੀ ਖਾਦ ਹੈ ਜਿਹੜੀ ਬਹੁਤ ਜਲਦੀ ਲਗਦੀ ਹੈ ਲੇਕਿਨ ਡੀ.ਏ.ਪੀ. ਤਾਂ ਹੌਲੀ ਹੌਲੀ ਲਗਦੀ ਹੈ ਲੇਕਿਨ ਜਦੋਂ ਕਿਸਾਨਾਂ ਨੇ ਯੂਰੀਏ ਦੀ ਬੋਰੀ ਪਾਈ ਤਾਂ ਕਣਕ ਦਾ ਰੰਗ ਉਦਾਂ ਦਾ ਉਦਾਂ ਹੀ ਰਿਹਾ। ਫਿਰ ਦੂਜੀ ਬੋਰੀ ਪਾਈ ਪਰ ਗੱਲ ਨਹੀਂ ਬਣੀ। ਸੋ, ਇਸ ਵਾਰ ਕਿਸਾਨਾਂ ਨੂੰ ਚਾਰ ਚਾਰ ਬੋਰੀਆਂ ਯੂਰੀਏ ਦੀਆਂ ਪਾਉਣੀਆਂ ਪਈਆਂ ਕਿਉਂਕਿ ਕਣਕ ਦਾ ਰੰਗ ਨਹੀਂ ਸੀ ਬਣਦਾ। ਸੋ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਕਿ ਸਾਨੂੰ ਅਜਿਹੀ ਮਸ਼ੀਨਰੀ ਦੀ ਲੋੜ ਹੈ ਜਿਹੜੀ ਪਰਾਲੀ ਨੂੰ ਉਲਟਾ ਕੇ ਸੁੱਟੇ ਤਾਂ ਜੋ ਪਰਾਲੀ ਥੱਲੇ ਦੱਬੀ ਜਾਏ ਤਾਂ ਕਿ ਜ਼ੀਰੋ ਡਰਿੱਲ ਨਾਲ ਕਣਕ ਸਹੀ ਬੀਜੀ ਜਾਵੇ ਤਾਂ ਹੀ ਜ਼ਿਮੀਂਦਾਰ ਨੇ ਬਚਣਾ ਹੈ। ਮੇਰੀ ਬੇਨਤੀ ਹੈ ਕਿ ਕਿਉਂਕਿ ਹਰ ਵਿਅਕਤੀ ਇਥੇ ਕਿਸਾਨੀ ਦੀ ਗੱਲ ਕਰਦਾ ਹੈ ਪਰ ਕਿਸਾਨ ਨੂੰ ਬਚਾਉਣਾ ਕਿਸ ਤਰ੍ਹਾਂ ਹੈ, ਇਸ ਬਾਰੇ ਵੀ ਸੋਚੋ। ਤੁਸੀਂ ਕਰਜ਼ਾ ਮੁਆਫ ਕੀਤਾ, ਬਹੁਤ ਚੰਗੀ ਗੱਲ ਹੈ ਲੇਕਿਨ ਕਰਜ਼ਾ ਚੜ੍ਹਾਇਆ ਕਿਸ ਨੇ? ਇਹ ਸਾਹਮਣੇ ਬੈਠੇ ਵੀਰ ਕਹਿੰਦੇ ਹਨ ਕਿ ਸਰਕਾਰ ਨੇ ਵਾਅਦਾ ਖਿਲਾਫੀ ਕੀਤੀ ਹੈ ਪਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਿੰਨੇ ਜੋਗਾ ਹਾਂ, ਉਤਨਾ ਮੈਂ ਕਿਸਾਨ ਦੀ ਪੂਰੀ ਮਦਦ ਕਰਾਂਗਾ। ਲੱਖਾਂ ਕਿਸਾਨ ਕਰਜ਼ਾ ਮੁਆਫੀ ਸਕੀਮ ਤਹਿਤ ਕਵਰ ਹੋਏ ਹਨ। ਇਹ ਸ਼ੁਰੂਆਤ ਹੈ, ਇਹ ਸਕੀਮ ਚੱਲਦੀ ਰਹਿਣੀ ਹੈ। ਮਹਾਰਾਜਾ ਸਾਹਿਬ ਨੇ ਪ੍ਰਣ ਕੀਤਾ ਹੈ ਕਿ ਮੈਂ ਵੱਧ ਤੋਂ ਵੱਧ ਕਿਸਾਨ ਦੀ ਮਦਦ ਕਰਨੀ ਹੈ। ਲੇਕਿਨ ਅੱਜ ਕਿਸਾਨ ਦੇ ਬੱਚਿਆਂ ਨੂੰ ਵਿੱਦਿਆ ਦੀ ਲੋੜ ਹੈ । ਕੋਈ ਸਮਾਂ ਸੀ, ਮੇਰੇ ਪਿਤਾ ਜੀ, ਸਰਦਾਰ ਹਰਚਰਨ ਸਿੰਘ ਅਜਨਾਲਾ ਇੱਥੇ ਸਪੀਕਰ ਸਾਹਿਬ ਦੀ ਕੁਰਸੀ ਤੇ ਬੈਠੇ ਸੀ। ਉਹ ਐਮ.ਐਲ.ਏ. ਬਣੇ, ਸਿੱਖਿਆ ਮੰਤਰੀ ਬਣੇ, ਸਪੀਕਰ ਵੀ ਬਣੇ। ਉਨ੍ਹਾਂ ਦੀ ਵਿੱਦਿਆ ਕਿਥੋਂ ਸ਼ੁਰੂ ਹੋਈ? ਪ੍ਰਾਇਮਰੀ ਸਕੂਲ ਜਗਦੇਵ ਖੁਰਦ, ਰਾਵੀ ਦਰਿਆ ਦੇ ਕੰਢੇ ਤੇ ਉਹ ਪਿੰਡ ਹੈ ਜਿੱਥੇ ਉਨ੍ਹਾਂ ਦੀ ਵਿੱਦਿਆ ਸ਼ੁਰੂ ਹੋਈ। ਉਨ੍ਹਾਂ ਨੂੰ ਪੰਜ ਜ਼ੁਬਾਨਾਂ ਉਰਦੂ, ਫਾਰਸੀ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਆਉਂਦੀਆਂ ਸਨ।

*1.42 ਵਜੇ ਬਾਅਦ ਦੁਪਹਿਰ (ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਰਦਾਰ ਹਰਪ੍ਰਤਾਪ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਕੇ ਚੱਲਿਆ ਹਾਂ ਕਿ ਅੱਜ ਪ੍ਰਾਇਮਰੀ ਐਜੂਕੇਸ਼ਨ ਨੂੰ ਸਟਰੈਂਥਨ ਕਰਨ ਦੀ ਲੋੜ ਹੈ। ਮੈਂ ਦਿੱਲੀ ਯੂਨੀਵਰਸਿਟੀ ਵਿਚ ਲਾਅ ਕਰਕੇ ਆਇਆ ਹਾਂ, ਅਮਰੀਕਾ ਪੜ੍ਹ ਕੇ ਆਇਆ ਹਾਂ। ਸਾਨੂੰ ਤਾਂ ਮੌਕਾ ਮਿਲ ਗਿਆ ਪਰ ਪੰਜਾਬ ਦੇ ਬੱਚਿਆਂ ਨੂੰ ਵੀ ਮੌਕਾ ਮਿਲਣਾ ਚਾਹੀਦਾ ਹੈ। ਮੁੱਢਲੀ ਵਿਦਿਆ ਦੀ ਬਹੁਤ ਲੋੜ ਹੈ। ਮੈਂ ਸਮਝਦਾ ਹਾਂ ਕਿ ਕੈਪਟਨ ਸਾਹਿਬ, ਸਿੱਖਿਆ ਮੰਤਰੀ ਜੀ ਅਤੇ ਸਿੱਖਿਆ ਸਕੱਤਰ, ਸ਼੍ਰੀ ਕ੍ਰਿਸ਼ਨ ਕੁਮਾਰ ਜੀ ਜ਼ੋਰ ਲਗਾ ਰਹੇ ਹਨ ਕਿ ਵੱਧ ਤੋਂ ਵੱਧ ਸਹੂਲਤਾਂ ਪ੍ਰਾਇਮਰੀ ਸਕੂਲਾਂ ਵਿਚ ਦੇਈਏ ਤਾਂ ਕਿ ਬੱਚਿਆਂ ਦੀ ਮੁੱਢਲੀ ਸਿੱਖਿਆ ਦੀ ਸ਼ੁਰੂਆਤ ਚੰਗੀ ਹੋ ਸਕੇ। ਸੋ, ਉਨ੍ਹਾਂ ਦਾ ਬਹੁਤ-ਬਹੁਤ ਧੰਨਵਾਦ ਹੈ। ਸਾਡਾ ਬਾਰਡਰ ਦਾ ਇਲਾਕਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਅਸੀਂ ਜਿਹੜੀ ਵੀ ਲਿੰਕ ਰੋਡ ਤੇ ਜਾਣਾ ਤਾਂ ਉਹ ਟੁੱਟੀ ਹੋਣੀ, ਲੋਕਾਂ ਨੇ ਸਾਨੂੰ ਕਹਿਣਾ ਕਿ ਤੁਸੀਂ ਆਉਣ ਨੂੰ ਸਮਾਂ ਬੜਾ ਲਗਾਉਂਦੇ ਹੋ, ਮੈਂ ਕਹਿਣਾ ਭਲਿਓ ਲੋਕੋ, ਮੈਂ ਟਾਈਮ ਨੂੰ ਕੀ ਕਰਾਂ, ਟੁੱਟੀਆਂ ਸੜਕਾਂ ਤੇ ਕਾਰ ਨਹੀਂ ਚੱਲਦੀ। ਲੇਕਿਨ ਅੱਜ ਮੈਂ ਖੁਸ਼ੀ ਨਾਲ ਕਹਿੰਦਾ ਹਾਂ ਕਿ ਸਿੰਗਲਾ ਸਾਹਿਬ, ਪੀ.ਡਬਲਯੂ.ਡੀ. ਮੰਤਰੀ ਬੈਠੇ ਨਹੀਂ ਹਨ, ਕੈਪਟਨ ਸਾਹਿਬ ਦਾ ਉਪਰਾਲਾ ਹੈ ਕਿ 31000 ਕਿਲੋਮੀਟਰ ਸੜਕਾਂ ਰਿਪੇਅਰ ਹੋਣ ਜਾ ਰਹੀਆਂ ਹਨ, ਸ਼ੁਰੂਆਤ ਹੋ ਗਈ ਹੈ। ਇਸ ਵਾਰ ਉਨ੍ਹਾਂ ਦੀ ਸਪੈਸੀਫਿਕੇਸ਼ਨ ਅਤੇ ਕੁਆਲਿਟੀ ਬਹੁਤ ਵਧੀਆ ਆਈ ਹੈ ਕਿ ਪਤਾ ਲਗ ਜਾਣਾ ਕਿ ਸੜਕਾਂ ਕਿੰਨੀਆਂ ਵਧੀਆ ਬਣੀਆਂ ਹਨ। ਮੈਨੂੰ ਇਸ ਗੱਲ ਦੀ ਖੁਸ਼ੀ ਹੈ। ਅਸੀਂ ਕੈਲਕੁਲੇਸ਼ਨ ਕਰ ਰਹੇ ਸੀ, ਐਸ.ਡੀ.ਓ ਸਾਹਿਬ ਵੀ ਨਾਲ ਬੈਠੇ ਸੀ। ਉਹ ਕਹਿੰਦੇ ਕਿ ਜਿੰਨੀਆਂ ਸੜਕਾਂ ਤੁਹਾਨੂੰ ਹਲਕੇ ਵਿਚ ਮਿਲ ਗਈਆਂ ਹਨ, ਮੇਰਾ ਖਿਆਲ ਹੈ ਕਿ ਕੋਈ ਲਿੰਕ ਰੋਡ ਸੜਕ ਰਹਿ ਨਹੀਂ ਜਾਣੀ ਹੈ ਜਿਹੜੀ ਕਿ ਰਿਪੇਅਰ ਨਹੀਂ ਹੋਈ। ਮੈਂ ਧੰਨਵਾਦ ਕਰਨ ਲੱਗਾ ਹਾਂ ਕਿਉਂਕਿ infrastructure ਇੱਕ ਐਸੀ ਚੀਜ਼ ਹੈ ਜਿਹੜੀ ਕੋਈ ਵੀ ਸਟੇਟ, ਕੋਈ ਵੀ ਰਾਜ ਹੈ ਜਦੋਂ ਉਹ develop ਕਰਦਾ ਹੈ ਤਾਂ infrastructure must ਹੈ। ਇਹ ਇੱਕ ਬਹੁਤ ਹੀ ਵਧੀਆ ਚੀਜ਼ ਜ਼ਿਮੀਂਦਾਰ ਭਰਾਵਾਂ ਨੂੰ ਮਿਲਣ ਜਾ ਰਹੀ ਹੈ, ਉਸ ਦਾ ਧੰਨਵਾਦ ਕਰਦੇ ਹਾਂ। ਮੈਂ ਆਖਿਰ ਦੇ ਵਿੱਚ ਬੇਨਤੀ ਕਰਨ ਲੱਗਾ ਹਾਂ ਕਿ ਬੜੇ ਸਾਲਾਂ ਤੋਂ ਜਿਹੜਾ ਵੀ ਨਾਮ ਲੇਵਾ ਸਿੱਖ ਸੀ, ਪੰਜਾਬੀ ਸੀ, ਉਸ ਦੇ ਮਨ ਦੇ ਵਿੱਚ ਇਹ ਅਰਦਾਸ ਸੀ, ਇੱਥੇ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ ਬੈਠੇ ਹਨ, ਮੇਰੇ

[ਸਰਦਾਰ ਹਰਪ੍ਰਤਾਪ ਸਿੰਘ]

ਰਿਸ਼ਤੇਦਾਰ ਵੀ ਹਨ, ਲੇਕਿਨ ਵੱਡੇ ਵਡਾਲਾ ਸਾਹਿਬ ਨੇ ਸ਼ੁਰੂਆਤ ਕੀਤੀ ਸੀ। ਉਨ੍ਹਾਂ ਨੇ ਹਮੇਸ਼ਾ ਹੀ ਡੇਰਾ ਬਾਬਾ ਨਾਨਕ ਜਾ ਕੇ ਅਰਦਾਸ ਕਰਨੀ, ਹੇ ਵਾਹਿਗੁਰੂ, ਹੇ ਅਕਾਲ ਪੁਰਖ, ਗੁਰੂ ਸਾਹਿਬ ਦਾ ਜਿਹੜਾ ਪਵਿੱਤਰ ਅਸਥਾਨ ਕਰਤਾਰਪੁਰ ਸਾਹਿਬ ਹੈ ਉਸ ਦੇ ਦਰਸ਼ਨ ਦੀਦਾਰ ਕਰਨ ਦਾ ਮੌਕਾ ਮਿਲ ਜਾਵੇ। ਗੱਲ ਚਲਦੀ ਰਹੀ। ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਕਹੀ ਜਾਂਦੀ ਹੈ ਕਿ ਇੱਕ ਸਿੱਖ ਦੀ ਅਰਦਾਸ ਇੰਨੀ ਤਾਕਤ ਰੱਖਦੀ ਹੈ ਕਿ ਅਰਦਾਸ ਵਿੱਚ ਕਹੀ ਹਰ ਗੱਲ ਪੂਰੀ ਹੁੰਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਵਡਾਲਾ ਸਾਹਿਬ ਦੀਆਂ, ਸਿੱਖ ਸੰਗਤ ਦੀਆਂ, ਨਾਮ ਲੇਵਾ ਸੰਗਤ ਜਿੰਨੀ ਸੀ ਚਾਹੇ ਉਹ ਇੱਥੇ ਸੀ, ਚਾਹੇ ਉਹ ਅਮਰੀਕਾ ਵਿੱਚ ਸੀ, ਚਾਹੇ ਉਹ ਯੂਰਪ ਬੈਠੀ ਹੈ, ਉਨ੍ਹਾਂ ਦੀਆਂ ਅਰਦਾਸਾਂ ਨੂੰ ਬੂਰ ਪਿਆ। ਸਿੱਧੂ ਸਾਹਿਬ ਨੇ ਸ਼ੁਰੂਆਤ ਕਰ ਦਿੱਤੀ। ਜਿਸ ਦਿਨ ਸ਼੍ਰੀ ਇਮਰਾਨ ਖਾਨ ਤੇ ਸਿੱਧੂ ਸਾਹਿਬ ਦੀ ਮੁਲਾਕਾਤ ਹੋਈ ਤਾਂ ਬੜਾ ਕੁਝ ਕਿਹਾ ਗਿਆ। ਇਹ ਦੋਨੋਂ ਕ੍ਰਿਕਟ ਇਕੱਠੇ ਖੇਡਦੇ ਸਨ। ਅਸੀਂ ਵੀ ਇਨ੍ਹਾਂ ਦੇ ਫੈਨ ਹੁੰਦੇ ਸੀ ਜਦੋਂ ਇਹ ਬੈਟਿੰਗ ਕਰਦੇ ਸਨ, ਇਮਰਾਨ ਖਾਨ Bowling ਕਰਦਾ ਸੀ। ਇਨ੍ਹਾਂ ਦਾ ਆਪਸੀ ਪਿਆਰ ਸੀ। ਉਸ ਪਿਆਰ ਨੇ ਇੱਕ ਨਵੀਂ ਸ਼ੁਰੂਆਤ ਕੀਤੀ। ਅੱਜ ਅਮਰੀਕਾ, ਯੂਰਪ ਜਾਂ ਬਾਹਰ ਜਿੱਥੇ ਵੀ ਸਿੱਖ ਪੰਜਾਬੀ ਬੈਠਾ ਹੈ, ਜਿਹੜਾ ਗੁਰੂ ਘਰ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਉਸ ਦੀਆਂ ਆਸਾਂ ਪੂਰੀਆਂ ਹੋਣ ਲੱਗ ਪਈਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੈਪਟਨ ਸਾਹਿਬ ਨੂੰ ਬੇਨਤੀ ਕਰਨੀ ਹੈ ਕਿ ਤੁਸੀਂ ਸ਼ੁਰੂਆਤ ਕੀਤੀ ਹੈ, ਤਕੜੇ ਹੋ ਕੇ ਪਹਿਲ ਕਦਮੀ ਕਰ ਦਿਓ ਅਤੇ ਡੇਰਾ ਬਾਬਾ ਨਾਨਕ ਦਾ ਜਿਹੜਾ ਤੁਸੀਂ ਡਿਵੈਲਪਮੈਂਟ ਅਥਾਰਿਟੀ ਬੋਰਡ ਬਣਾਇਆ ਹੈ, ਇਹ ਇੱਕ ਬੜੀ ਵੱਡੀ ਸ਼ੁਰੂਆਤ ਹੈ। ਮੈਂ ਇੱਕ ਬੇਨਤੀ ਤੁਹਾਡੇ ਰਾਹੀਂ ਫਿਰ ਕਰ ਦੇਣੀ ਹੈ, ਕੈਪਟਨ ਸਾਹਿਬ ਇਥੇ ਬੈਠੇ ਨਹੀਂ ਹਨ, ਹਮੇਸ਼ਾ ਸਾਨੂੰ ਕਹਿੰਦੇ ਹਨ ਕਿ ਜਦੋਂ ਪਾਰਲੀਮੈਂਟ ਦੀ ਇਲੈਕਸ਼ਨ ਹੋਈ ਤਾਂ ਇੱਕ ਗੱਲ ਇਨ੍ਹਾਂ ਨੇ ਕਹਿਣੀ ਹੈ ਕਿ ਮੇਰੀ ਰਿਸ਼ਤੇਦਾਰੀ ਹੈ ਬਾਬਾ ਬੁੱਢਾ ਸਾਹਿਬ ਅਤੇ ਬਾਬਾ ਬੁੱਢਾ ਸਾਹਿਬ ਦਾ ਤਪ ਅਸਥਾਨ, ਉਨ੍ਹਾਂ ਦੇ ਸਮਾਧਾਂ ਵਾਲਾ ਗੁਰਦੁਆਰਾ ਸਾਹਿਬ ਜਿੱਥੇ ਉਹ ਆਖਿਰ ਵਿੱਚ ਪੂਰੇ ਹੋਏ ਹਨ, ਉਹ ਸਾਡੇ ਰਮਦਾਸ ਦੇ ਵਿੱਚ ਹੈ, ਮੇਰੇ ਹਲਕੇ ਦਾ ਇੱਕ ਹਿੱਸਾ ਹੈ, 1924 ਦੇ ਵਿੱਚ ਅੰਗਰੇਜ਼ਾਂ ਦੇ ਵੇਲੇ Municipal Committee ਬਣਾਈ ਗਈ ਸੀ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੈਪਟਨ ਸਾਹਿਬ ਨੂੰ ਬੇਨਤੀ ਕਰਨ ਲੱਗਾ ਹਾਂ ਕਿ ਇੱਕ ਇਹੋ ਜਿਹਾ ਕਾਰੀਡੋਰ ਬਣਾ ਦਿਓ, ਇੱਕ ਇਹੋ ਜਿਹਾ ਰੂਟ ਬਣਾ ਦਿਓ, ਜਿਹੜੀਆਂ ਸੰਗਤਾਂ ਬਾਹਰੋਂ ਅੰਮ੍ਰਿਤਸਰ ਆਉਣ, ਦਰਬਾਰ ਸਾਹਿਬ, ਦੁਰਗਿਆਨਾ ਮੰਦਿਰ, ਜਲ੍ਹਿਆਂਵਾਲਾ

ਬਾਗ ਆਉਣ, ਉਹ ਸਾਡੇ ਅਜਨਾਲੇ ਦੇ ਰਾਹੀਂ ਆਉਣ ਅਤੇ ਰਮਦਾਸ, ਰਮਦਾਸ ਬਾਬਾ ਬੁੱਢਾ ਸਾਹਿਬ ਜਿਨ੍ਹਾਂ ਦੀ ਸਿੱਖ ਹਿਸਟਰੀ ਵਿੱਚ ਇੰਨੀ ਮਹਾਨਤਾ ਹੈ, ਉਨ੍ਹਾਂ ਦੀ ਇੰਨੀ ਲੰਬੀ ਉਮਰ ਸੀ, ਬਹੁਤ ਕੁਝ ਉਨ੍ਹਾਂ ਨੇ ਦੇਖਿਆ ਹੈ। ਉਨ੍ਹਾਂ ਦੇ ਦਰਸ਼ਨ ਕਰਕੇ ਫਿਰ ਅਸੀਂ ਦਰਸ਼ਨ ਕਰਕੇ ਡੇਰਾ ਬਾਬਾ ਨਾਨਕ ਜਾਈਏ। ਇਹ ਸਾਰਾ tourism route/religious route ਬਣ ਜਾਵੇ। ਬਹੁਤ ਸਤਿਕਾਰਯੋਗ ਸਿੱਧੂ ਸਾਹਿਬ ਬੈਠੇ ਹਨ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਰੂਟ ਨੂੰ ਇੰਨਾ ਡਿਵੈਲਪ ਕਰ ਦਿਓ ਕਿ ਲੋਕ ਸਮਝਣ ਕਿ ਇਸ ਰਸਤੇ ਦੇ ਰਾਹੀਂ ਹੀ ਅਸੀਂ ਜਾਣਾ ਹੈ ਅਤੇ ਇਸ ਤਰ੍ਹਾਂ ਸਾਡੇ ਪੱਛੜੇ ਹੋਏ ਇਲਾਕੇ ਦੀ ਵੀ ਸੁਣੀ ਜਾਵੇ। ਮੈਂ ਧੰਨਵਾਦ ਕਰਦਾ ਹਾਂ, ਸ਼ੁਕਰਾਨਾ ਕਰਦਾ ਹਾਂ ਕਿ ਮੈਨੂੰ ਮੌਕਾ ਮਿਲਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈੱਸ ਦੀ ਪੂਰੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਸਰਕਾਰ ਦੀ ਆਉਣ ਵਾਲੀਆਂ ਸਕੀਮਾਂ, ਪਾਲਿਸੀਆਂ ਦੀ ਵੀ ਪ੍ਰੋੜ੍ਹਤਾ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ।

**ਸਰਦਾਰ ਹਰਦਿਆਲ ਸਿੰਘ ਕੰਬੋਜ (ਰਾਜਪੁਰਾ) :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮਾਨਯੋਗ ਗਵਰਨਰ ਸਾਹਿਬ ਵੱਲੋਂ ਦਿੱਤੇ ਗਏ ਭਾਸ਼ਣ ਤੇ ਪੇਸ਼ ਕੀਤੇ ਗਏ ਧੰਨਵਾਦੀ ਪ੍ਰਸਤਾਵ ਤੇ ਬੋਲਣ ਦਾ ਸਮਾਂ ਦਿੱਤਾ ਹੈ। ਪੰਜਾਬ ਦੇ ਲਈ ਅੱਜ ਬਹੁਤ ਹੀ ਫਖਰ ਵਾਲੀ ਗੱਲ ਹੈ ਕਿ ਪੰਜਾਬ ਦੀ ਵਾਗਡੋਰ ਕੈਪਟਨ ਅਮਰਿੰਦਰ ਸਿੰਘ ਜੀ ਦੇ ਹੱਥ ਵਿੱਚ ਆਈ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਦਾ ਜੋ ਪਿਛੋਕੜ ਹੈ ਉਸ ਅਨੁਸਾਰ ਸਮੁੱਚੇ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੇ ਹਰ ਵਰਗ ਨੂੰ ਉਨ੍ਹਾਂ ਦੀ ਦੇਣ ਹੈ। ਅੱਜ ਇੱਕ ਇੱਕ ਇਨਸਾਨ ਦੀ ਜ਼ੁਬਾਨ ਤੇ ਹੈ ਕਿ ਜਿਹੜਾ ਡੁੱਬਿਆ ਹੋਇਆ ਪੰਜਾਬ ਸੀ, ਜਿਸ ਪੰਜਾਬ ਨੂੰ ਪਿਛਲੇ ਸਮੇਂ ਦੌਰਾਨ ਬਹੁਤ ਕਰਜ਼ੇ ਥੱਲੇ ਦੱਬਿਆ ਗਿਆ ਸੀ ਅਤੇ ਵਿਰਾਸਤ ਵਿੱਚ ਸਾਡੀ ਸਰਕਾਰ ਨੂੰ 2 ਲੱਖ ਕਰੋੜ ਤੋਂ ਵੀ ਵੱਧ ਦਾ ਕਰਜ਼ਾ ਪੱਲੇ ਪਿਆ, ਇਸ ਦੇ ਬਾਵਜੂਦ ਜਦੋਂ ਅੱਜ ਕੋਈ ਵੀ ਪੰਜਾਬੀ ਗੱਲ ਕਰਦਾ ਹੈ ਕਿ ਇੰਨੀ ਆਰਥਿਕ ਮੰਦਹਾਲੀ ਹੋਣ ਦੇ ਬਾਵਜੂਦ ਵੀ ਅੱਜ ਪੰਜਾਬ ਬਹੁਤ ਵੱਡੀਆਂ ਵਿਕਾਸ ਦੀਆਂ ਲੀਹਾਂ ਵੱਲ ਤੁਰ ਰਿਹਾ ਹੈ ਅਤੇ ਹਰ ਵਰਗ ਦੇ ਲਈ ਬਹੁਤ ਕੁਝ ਕੈਪਟਨ ਸਾਹਿਬ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੀਤਾ ਜਾ ਰਿਹਾ ਹੈ।ਡਿਪਟੀ ਸਪੀਕਰ ਸਾਹਿਬ, ਬੜੀ ਹੈਰਾਨੀ ਦੀ ਗੱਲ ਹੈ ਕਿ ਇੰਨਾ ਵੱਡਾ ਕਰਜ਼ਾ ਹੋਣ ਦੇ ਬਾਵਜੂਦ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ, ਉਨ੍ਹਾਂ ਦੀ ਪੂਰੀ ਟੀਮ ਨੇ, ਮਾਨਯੋਗ ਖਜ਼ਾਨਾ ਮੰਤਰੀ ਸਾਹਿਬ ਨੇ ਕਿਸਾਨੀ ਦਾ ਕਰਜ਼ਾ ਮੁਆਫ ਕਰਕੇ ਅੱਜ ਇੱਕ ਇੰਨਾ ਵੱਡਾ ਮਾਰਗ-ਦਰਸ਼ਨ ਪੂਰੇ ਭਾਰਤ ਅੰਦਰ ਜਿਹੜਾ ਦਿੱਤਾ ਹੈ ਕਿ ਜੋ ਕਿਸਾਨੀ ਡੁੱਬੀ

[ਸਰਦਾਰ ਹਰਦਿਆਲ ਸਿੰਘ ਕੰਬੋਜ]

ਹੋਈ ਸੀ, ਜਿਸ ਦੀ ਆਰਥਿਕ ਦਸ਼ਾ ਬਹੁਤ ਜ਼ਿਆਦਾ ਮਾੜੀ ਹੋ ਗਈ ਸੀ, ਉਸ ਨੂੰ ਹੌਸਲਾ ਦੇਣ ਲਈ, ਉਨ੍ਹਾਂ ਨੂੰ ਪੈਰਾਂ ਤੇ ਖੜ੍ਹਾ ਕਰਨ ਲਈ ਇੱਕ ਬਹੁਤ ਵੱਡਾ ਉਪਰਾਲਾ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਹੁਣ ਤੱਕ ਰਾਜ ਦੇ ਲਗਭਗ ਪੌਣੇ ਛੇ ਲੱਖ ਕਿਸਾਨਾਂ ਨੂੰ 4700 ਕਰੋੜ ਰੁਪਏ ਦਾ ਰਿਲੀਫ ਦਿੱਤਾ ਗਿਆ ਹੈ। ਅੱਜ ਹਰ ਵਰਗ ਖੁਸ਼ੀ ਮਹਿਸੂਸ ਕਰਦਾ ਹੈ। ਪਿਛਲੇ ਸਮੇਂ ਦੌਰਾਨ ਜਿਹੜੀ ਸਾਡੀ ਐਸ.ਸੀ.ਐਸ.ਟੀ. ਕਾਰਪੋਰੇਸ਼ਨ ਹੈ, ਉਨ੍ਹਾਂ ਦਾ 54 ਕਰੋੜ ਰੁਪਿਆ ਦਲਿਤ ਵਰਗ ਦੇ ਲੋਕਾਂ ਦੇ ਕਰਜ਼ੇ ਤੇ ਪੂਰੀ ਦੀ ਪੂਰੀ ਲੀਕ ਮਾਰ ਦਿੱਤੀ ਗਈ ਹੈ, ਇਸ ਤੋਂ ਇਲਾਵਾ ਜਿਹੜੀ ਦਲਿਤ ਵਰਗ ਦੇ ਲੋਕਾਂ ਲਈ ਤਿੰਨ ਹਜ਼ਾਰ ਯੂਨਿਟ ਦੀ ਬਿਜਲੀ ਦੀ ਬਾਰ ਸੀ, ਉਸ ਨੂੰ ਵੀ ਖਤਮ ਕਰਕੇ ਅੱਗੇ ਤੋਰਿਆ ਹੈ ਤਾਂ ਕਿ ਹਰ ਪੱਧਰ ਤੇ ਰਾਹਤ ਵੱਡੇ ਪੱਧਰ ਤੇ ਦਿੱਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਿਰਫ ਅਤੇ ਸਿਰਫ ਕਾਂਗਰਸ ਪਾਰਟੀ ਦੀ ਸਰਕਾਰ ਕਰ ਸਕਦੀ ਹੈ। ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਸਾਨੂੰ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਨਾ ਚਾਹੀਦਾ ਹੈ। ਮੇਰੇ ਜਿੰਨੇ ਵੀ ਸਾਥੀ ਬੋਲ ਕੇ ਗਏ ਹਨ, ਹਰ ਇੱਕ ਨੇ ਪੰਜਾਬ ਦੇ ਪਾਣੀਆਂ ਦੀ ਗੱਲ ਕੀਤੀ ਹੈ। ਅੱਜ ਅਸੀਂ ਸਹੀ ਮਾਅਨਿਆਂ ਵਿੱਚ ਕਹਿ ਸਕਦੇ ਹਾਂ ਕਿ ਜੇਕਰ ਪੰਜਾਬ ਦਾ ਪਾਣੀ ਬਚਿਆ ਹੈ ਤਾਂ ਉਹ ਸਿਰਫ ਅਤੇ ਸਿਰਫ ਕੈਪਟਨ ਅਮਰਿੰਦਰ ਸਿੰਘ ਜੀ ਦੀ ਦੇਣ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੇ ਪੰਜਾਬ ਦਾ ਖੇਤਰਫਲ ਬਚਿਆ ਹੈ, ਸਾਨੂੰ ਪੁਰਾਣਾ ਰਿਕਾਰਡ ਦੇਖਣਾ ਚਾਹੀਦਾ ਹੈ ਕਿ ਜਦੋਂ ਪੰਜਾਬ ਦੇ ਖੇਤਰਫਲ ਨੂੰ ਬਚਾਉਣ ਦੀ ਲੋੜ ਪਈ ਸੀ ਤਾਂ ਜਿਹੜਾ ਕੰਦੂਖੇੜੇ ਵਿੱਚ ਮੋਰਚਾ ਲਗਾਇਆ ਸੀ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਜੀ ਨੇ ਮੋਰਚਾ ਲਗਾ ਕੇ ਪੰਜਾਬ ਦੇ ਪਿੰਡਾਂ ਨੂੰ ਦੂਜੇ ਸੂਬੇ ਵਿੱਚ ਜਾਣ ਤੋਂ ਬਚਾਇਆ ਸੀ। (ਵਿਘਨ) (ਸ਼ੋਰ) ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਕਿਉਂਕਿ ਜਿਹੜੇ ਅੱਛੇ ਗੁਣ ਹਨ, ਅੱਛੇ ਇਨਸਾਨ ਦੀ ਜਦੋਂ ਗੱਲ ਕਰਦੇ ਹਾਂ ਤਾਂ ਦੂਜਿਆ ਨੂੰ ਜ਼ਰੂਰ ਤਕਲੀਫ ਹੁੰਦੀ ਹੈ। ਸਾਨੂੰ ਸੁਣਨਾ ਚਾਹੀਦਾ ਹੈ, ਹੌਸਲਾ ਵੀ ਰੱਖਣਾ ਚਾਹੀਦਾ ਹੈ ਅਤੇ ਇਨ੍ਹਾਂ ਤੋਂ ਸਾਨੂੰ ਸਿੱਖਣਾ ਵੀ ਚਾਹੀਦਾ ਹੈ ਕਿ ਅਸੀਂ ਵੀ ਇਸ ਤਰੀਕੇ ਨਾਲ ਕੰਮ ਕਰੀਏ। ਪਿਛਲੇ 10 ਸਾਲਾਂ ਵਿੱਚ ਜੇਕਰ ਇਨ੍ਹਾਂ ਨੇ ਸਾਡੇ ਸਾਥੀਆਂ ਨੇ ਚੰਗੇ ਕੰਮ ਕੀਤੇ ਹੁੰਦੇ ਤਾਂ ਇਹ ਅੱਜ ਇੰਨੀ ਕੁ ਗਿਣਤੀ ਵਿੱਚ ਨਾ ਬੈਠੇ ਹੁੰਦੇ। ਇਹ ਸਾਰਾ ਕੁਝ ਪੰਜਾਬ ਦੇ ਲੋਕ ਅੱਜ ਦੇਖ ਰਹੇ ਹਨ, ਪੰਜਾਬ ਦੇ ਲੋਕ ਸਮਝ ਚੁੱਕੇ ਹਨ ਕਿ ਕਿਹੜੇ ਲੋਕ ਹਨ ਜੋ ਅੱਜ ਪੰਜਾਬ ਨੂੰ ਬਚਾ ਸਕਦੇ ਹਨ। ਹੁਣੇ ਹੀ ਮੇਰੇ ਮਿੱਤਰ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ ਬੋਲ ਕੇ ਗਏ ਹਨ, ਉਨ੍ਹਾਂ ਨੇ ਨਸ਼ਿਆਂ ਦੀ ਗੱਲ ਕੀਤੀ ਹੈ। ਅੱਜ ਪੂਰਾ ਪੰਜਾਬ ਨਹੀਂ, ਭਾਰਤ ਨਹੀਂ, ਬਲਕਿ ਸਾਰਾ ਸੰਸਾਰ ਇਸ ਗੱਲ ਦਾ ਗਵਾਹ ਹੈ

ਕਿ ਕਿੰਨਾ ਵੱਡਾ ਨਸ਼ਾ ਪੰਜਾਬ ਦੀ ਧਰਤੀ ਤੇ ਸੁੱਟਿਆ ਗਿਆ ਸੀ। ਇਸ ਵਿੱਚ ਕਿਹੜੇ-ਕਿਹੜੇ ਲੋਕ ਸ਼ਾਮਲ ਸਨ ਜਿਨ੍ਹਾਂ ਨੇ ਪੰਜਾਬ ਦੀ ਬਰਬਾਦੀ ਲਿਆਂਦੀ ਹੈ। ਅੱਜ ਜਦੋਂ ਅਸੀਂ ਬਾਹਰ ਕਿਤੇ ਵਿਦੇਸ਼ਾਂ ਵਿੱਚ ਜਾਂਦੇ ਸੀ ਤਾਂ ਇੱਕ ਹੀ ਗੱਲ ਐਨ.ਆਰ.ਆਈ. ਵੀਰ ਕਹਿੰਦੇ ਸੀ ਕਿ ਅਸੀਂ ਆਪਣੇ ਬੱਚਿਆਂ ਨੂੰ ਪੰਜਾਬ ਨਹੀਂ ਭੇਜਣਾ ਕਿਉਂਕਿ ਪਤਾ ਨਹੀਂ ਸਾਡਾ ਪੁੱਤ ਉੱਥੋਂ ਵਾਪਸ ਆਏਗਾ ਕਿ ਨਹੀਂ ਆਏਗਾ ਜਾਂ ਉੱਥੇ ਕੋਈ ਨਸ਼ੇ ਦੀ ਲੱਤ ਵਿੱਚ ਲੱਗ ਜਾਵੇਗਾ। ਜੋ ਪੰਜਾਬ ਵਿੱਚ ਨਸ਼ਿਆਂ ਦਾ ਇੰਨਾ ਡਰ ਪੈਦਾ ਹੋਇਆ ਸੀ, ਅੱਜ ਇਸ ਨੂੰ ਖਤਮ ਕਿਸ ਨੇ ਕੀਤਾ ਹੈ? ਇਹ ਕੈਪਟਨ ਅਮਰਿੰਦਰ ਸਿੰਘ ਜੀ ਨੇ ਖਤਮ ਕੀਤਾ ਹੈ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਖਤਮ ਕੀਤਾ ਹੈ। ਜਿਹੜੇ ਲੋਕ ਉਸ ਵਿੱਚ ਸ਼ਾਮਲ ਸੀ ਉਨ੍ਹਾਂ ਨੂੰ ਫੜ-ਫੜ ਕੇ ਜੇਲ੍ਹਾਂ ਵਿੱਚ ਡੱਕਿਆ ਤੇ ਅੱਜ ਅਸੀਂ ਇਸ ਗੱਲ ਨੂੰ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਜਿੱਥੇ-ਜਿੱਥੇ ਵੀ ਵਿਦੇਸ਼ਾਂ ਵਿੱਚ ਪੰਜਾਬੀ ਵੱਸਦੇ ਹਨ ਉਨ੍ਹਾਂ ਦਾ ਵੀ ਹੌਸਲਾ ਵਧਿਆ ਕਿਉਂਕਿ ਉਨ੍ਹਾਂ ਦਾ ਵੀ ਸੁਪਨਾ ਹੈ ਕਿ ਅਸੀਂ ਆਪਣੀ ਧਰਤੀ ਨਾਲ ਜੁੜੇ ਰਹੀਏ ਤੇ ਸਾਡੇ ਬੱਚੇ ਪੰਜਾਬ ਵਿੱਚ ਜਾਣ ਅਤੇ ਸਾਡੇ ਪਰਿਵਾਰ ਪੰਜਾਬ ਵਿੱਚ ਜਾ ਕੇ ਖੁਸ਼ੀ ਮਹਿਸੂਸ ਕਰਨ। ਡਿਪਟੀ ਸਪੀਕਰ ਸਾਹਿਬ, ਜਿੱਥੇ-ਜਿੱਥੇ ਨਸ਼ਿਆਂ ਦੀ ਗੱਲ ਸੀ ਉੱਥੇ ਲਾਅ ਐਂਡ ਆਰਡਰ ਦੀ ਵੀ ਬੜੀ ਬੁਰੀ ਹਾਲਤ ਸੀ ਤਾਂ ਲਾਅ ਐਂਡ ਆਰਡਰ ਨੂੰ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਵੱਡੇ ਪੈਮਾਨੇ ਤੇ ਠੀਕ ਕੀਤਾ ਹੈ ਅਤੇ ਇੱਥੇ ਲਗਭਗ 1400 ਗੈਂਗਸਟਰਜ਼ ਨੂੰ ਫੜ ਕੇ ਜੇਲ੍ਹਾਂ ਵਿੱਚ ਡੱਕਿਆ ਅਤੇ ਅੱਜ ਹਰ ਵਰਗ ਮਹਿਸੂਸ ਕਰਦਾ ਹੈ ਕਿ ਅਸੀਂ ਪੰਜਾਬ ਵਿੱਚ ਸੁਰੱਖਿਅਤ ਹਾਂ ਅਤੇ ਪੰਜਾਬ ਵਿੱਚ ਅਸੀਂ ਰਾਤਾਂ ਨੂੰ ਵੀ ਜਾ ਸਕਦੇ ਹਾਂ ਅਤੇ ਦਿਨ ਵਿੱਚ ਵੀ ਜਾ ਸਕਦੇ ਹਾਂ। ਇਹ ਸਾਰੀਆਂ ਗੱਲਾਂ ਕਰਕੇ ਅੱਜ ਪੰਜਾਬ ਦੀ ਧਰਤੀ ਤੇ ਠੀਕ ਮਾਹੌਲ ਬਣਿਆ ਹੋਇਆ ਹੈ। ਮੈਂ ਜ਼ਿਆਦਾ ਕੰਟ੍ਰੋਵਰਸੀ ਵਿੱਚ ਨਹੀਂ ਪਵਾਂਗਾ। ਮੇਰੇ ਸਾਥੀ ਨੇ ਹੁਣੇ ਹੀ ਘਨੌਰ ਥਾਣੇ ਦੀ ਜਿਹੜੀ ਗੱਲ ਕੀਤੀ ਸੀ, ਇਹ ਲਾਅ ਐਂਡ ਆਰਡਰ ਦੇ ਨਾਲ ਹੀ ਸਬੰਧਿਤ ਹੈ। ਘਨੌਰ ਥਾਣੇ ਦੀ ਜਿਹੜੀ ਗੱਲ ਇਨ੍ਹਾਂ ਨੇ ਕੀਤੀ ਹੈ ਮੈਂਬਰ ਸਾਹਿਬ ਪਹਿਲੀ ਵਾਰੀ ਬੋਲੇ ਹਨ, ਬਹੁਤ ਵਧੀਆ ਬੋਲੇ ਹਨ, ਮੈਂ ਵੀ ਸੁਣਨਾ ਚਾਹੁੰਦਾ ਸੀ, ਇਹ ਮੇਰੇ ਛੋਟੇ ਭਰਾ ਦੀ ਤਰ੍ਹਾਂ ਹਨ ਅਤੇ ਇਨ੍ਹਾਂ ਦਾ ਪਿੰਡ ਵੀ ਮੇਰੇ ਹਲਕੇ ਵਿੱਚ ਹੀ ਹੈ ਪਰ ਮੈਂ ਕੁਝ ਗੱਲਾਂ ਇਨ੍ਹਾਂ ਨੂੰ ਵੀ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਜਦੋਂ ਮਿਉਂਸਿਪਲ ਕੌਂਸਲ ਦੀਆਂ ਚੋਣਾਂ ਹੋ ਰਹੀਆਂ ਸੀ ਤਾਂ ਉਨ੍ਹਾਂ ਵਿੱਚ ਸਾਡੇ ਸਤਿਕਾਰਯੋਗ ਐਮ.ਐਲ.ਏ. ਸਾਹਿਬ ਦਾ ਨਾਂ ਲੈ ਕੇ ਗੱਲ ਕੀਤੀ ਸੀ ਕਿ ਉਨ੍ਹਾਂ ਦੇ ਸਾਥੀਆਂ ਨੂੰ 25 ਬੰਦਿਆਂ ਨੂੰ ਮੌਕੇ ਤੇ ਪਕੜ ਕੇ ਲੈ ਕੇ ਗਏ ਅਤੇ ਉਨ੍ਹਾਂ ਤੇ ਮੁਕੱਦਮੇ ਠੋਕੇ ਗਏ। ਮੈਂ ਇਸ ਤੋਂ ਵੀ ਥੋੜ੍ਹਾ ਜਿਹਾ ਅਗਾਂਹ ਵੱਧ ਕੇ

[ਸਰਦਾਰ ਹਰਦਿਆਲ ਸਿੰਘ ਕੰਬੋਜ]

ਜਾਂਦਾ ਹਾਂ ਕਿ ਇਨ੍ਹਾਂ ਦੇ ਸਤਿਕਾਰਯੋਗ ਪਿਤਾ ਜੀ ਸਾਲ 2009 ਵਿੱਚ ਪਟਿਆਲੇ ਤੋਂ ਲੋਕ ਸਭਾ ਦੀ ਚੋਣ ਲੜ ਰਹੇ ਸੀ ਤਾਂ ਇਨ੍ਹਾਂ ਨੇ ਮੇਰੇ ਪਰਿਵਾਰ ਨਾਲ ਕੀ ਕੀਤਾ ਕਿ ਮੇਰੇ ਵਾਈਫ ਨੂੰ ਠੁੱਡੇ ਮਾਰ ਕੇ ਆਏ, ਮੇਰੇ ਘਰ ਦੇ ਕੁਨੈਕਸ਼ਨ ਕੱਟ ਦਿੱਤੇ ਗਏ, ਮੇਰੇ ਬਿਜਲੀ ਦੇ ਕੁਨੈਕਸ਼ਨ ਕੱਟ ਦਿੱਤੇ ਗਏ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਬੋਲ ਲੈਣ ਦਿਓ, ਉਨ੍ਹਾਂ ਨੂੰ ਬੋਲ ਲੈਣ ਦਿਓ। Let him speak. ਚੰਦੂਮਾਜਰਾ ਜੀ ਬੋਲ ਲੈਣ ਦਿਓ। Let him speak.

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਾਡੇ ਤੇ ਮੁਕੱਦਮੇ ਦਰਜ ਕੀਤੇ ਗਏ। ਹਾਈ ਕੋਰਟਾਂ ਵਿੱਚੋਂ ਅਸੀਂ ਜ਼ਮਾਨਤਾਂ ਲੈ ਕੇ ਆਏ। ਇਨ੍ਹਾਂ ਨੂੰ ਆਪਣੇ ਦਿਨ ਭੁੱਲਣੇ ਨਹੀਂ ਚਾਹੀਦੇ ਹਨ ਕਿ ਅਸੀਂ ਇਹ ਕੁਝ ਕੀਤਾ ਹੈ। ** ** ਤੁਸੀਂ ਇਸ ਪਵਿੱਤਰ ਹਾਊਸ ਵਿੱਚ ਅਜਿਹੀਆਂ ਗੱਲਾਂ ਕਰਦੇ ਹੋ? ਇਹ ਕੌਣ ਬਰਦਾਸ਼ਤ ਕਰੇਗਾ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਐਨ.ਕੇ.ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ :** ਸ਼ਰਮਾ ਜੀ, ਪਲੀਜ਼ ਕਨਕਲੂਡ ਕਰ ਲੈਣ ਦਿਓ। ਕਰ ਲੈਣ ਦਿਓ, ਕਨਕਲੂਡ। ਪਲੀਜ਼ ਬੈਠ ਜਾਓ। Let him speak. ਸਾਰਿਆਂ ਨੇ ਬੋਲਣਾ ਹੈ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸੋ, ਆਪਣੀ ਪੀੜ੍ਹੀ ਥੱਲੇ ਸੋਟਾ ਮਾਰਨਾ ਚਾਹੀਦਾ ਹੈ ਕਿਉਂਕਿ ਅੱਜ ਅਸੀਂ ਪੰਜਾਬ ਵਿੱਚ ਬਹੁਤ ਵਧੀਆ ਮਾਹੌਲ ਪੈਦਾ ਕੀਤਾ ਹੈ।

**ਮਾਨਯੋਗ ਡਿਪਟੀ ਸਪੀਕਰ:** ਇੱਕ ਮਿੰਟ, ਇੱਕ ਮਿੰਟ। ** ** ਵਾਲੇ ਸ਼ਬਦ ਕੱਟ ਦਿਓ। ਹਾਂ ਜੀ, ਸ਼ਰਮਾ ਜੀ।

**ਸ਼੍ਰੀ ਐਨ.ਕੇ. ਸ਼ਰਮਾ :** ਡਿਪਟੀ ਸਪੀਕਰ ਸਾਹਿਬ, ਵੈਨਡੇਟਾ ਦੀ ਗੱਲ ਹੋ ਰਹੀ ਹੈ। ਪ੍ਰਮਾਤਮਾ ਜਾਣਦਾ ਹੈ ਕਿ ਸਾਡੀ ਸਰਕਾਰ ਰਹੀ ਹੈ ਪਰ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਕਿਸੇ ਵਿਰੋਧੀ ਤੇ ਪਰਚਾ ਨਹੀਂ ਕਰਵਾਇਆ ਹੈ ਪਰ ਤੁਸੀਂ ਦੇਖੋ ਕਿ ਮੇਰੇ ਦੋ ਛੋਟੇ ਭਰਾ ਤੇ ਪਰਚਾ ਦਰਜ ਹੋਇਆ ਹੈ ਕਿ ਉਨ੍ਹਾਂ ਨੇ 31000/- ਰੁਪਏ ਠੇਕੇਦਾਰ ਦੇ ਕਰਿੰਦੇ ਤੋਂ ਇੱਕ ਨੇ ਜੱਫੀ ਪਾ ਲਈ ਅਤੇ ਦੂਸਰੇ ਨੇ ਖੋਹ ਲਿਆ। ਇਹ ਜ਼ੀਰਕਪੁਰ

** Expunged as ordered by the Chair.

ਵਿਚ ਤੁਸੀਂ ਚੈੱਕ ਕਰ ਲੈਣਾ। ਇਸ ਤੋਂ ਮਾੜੀ ਗੱਲ ਕੋਈ ਹੋ ਸਕਦੀ ਹੈ? ਇਹ ਕਹਿ ਰਹੇ ਹਨ ਕਿ ਮੇਰੇ ਹਲਕੇ ਵਿੱਚ ਕਦੇ ਕੋਈ ਅਜਿਹੀ ਗੱਲ ਸੁਣੀ ਹੈ?

**ਮਾਨਯੋਗ ਡਿਪਟੀ ਸਪੀਕਰ :** ਚਲੋ ਕੋਈ ਨਹੀਂ। ਸ਼ਰਮਾ ਜੀ, ਪਲੀਜ਼, ਪਲੀਜ਼।

**ਸ਼੍ਰੀ ਐਨ.ਕੇ.ਸ਼ਰਮਾ :** ਇੱਕ ਐਸ.ਸੀ. ਸਰਪੰਚ ਬਣ ਗਿਆ, ਉਸ ਨੂੰ ਮਾਂਵਾਂ-ਭੈਣਾਂ ਦੀਆਂ ਗਾਲ੍ਹਾਂ ਵੀ ਕੱਢੀਆਂ ਅਤੇ ਐਸ.ਸੀ. ਜਾਤਕ ਸ਼ਬਦ ਵੀ ਕਹੇ ਔਰ ਤੁਸੀਂ ਸੁਣ ਨਹੀਂ ਸਕਦੇ ਹੋ, ਮੈਂ ਤੁਹਾਨੂੰ ਵੀਡੀਓ ਤੇ ਸੁਣਾ ਦਿਆਂਗਾ ਉਸ ਦਾ ਕਸੂਰ ਇੰਨਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦਾ ਸਰਪੰਚ ਹੈ। ਇਕ ਬੱਲੋਪੁਰ ਸਰਪੰਚ ਬਣਿਆ, ਉਸ ਨੂੰ 2 ਮਹੀਨੇ ਹੋ ਗਏ ਚਾਰਜ ਨਹੀਂ ਦਿੱਤਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦਾ ਸਰਪੰਚ ਹੈ।

**ਮਾਨਯੋਗ ਡਿਪਟੀ ਸਪੀਕਰ :** ਸ਼ਰਮਾ ਜੀ, ਪਲੀਜ਼ ਬੈਠੋ।

**ਊਰਜਾ ਮੰਤਰੀ :** ਡਿਪਟੀ ਸਪੀਕਰ ਸਾਹਿਬ, ਸ਼ਰਮਾ ਜੀ ਨੇ ਦੱਸਿਆ ਮੇਰੇ ਭਰਾਵਾਂ ਤੇ ਪਰਚਾ ਦਰਜ ਹੋਇਆ। ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਐਮ.ਐਲ.ਏ . ਸੀ, ਤੁਸੀਂ ਕਹਿ ਰਹੋ ਹੋ ਕਿ ਤੁਹਾਡਾ 31000 ਰੁਪਏ ਤੇ ਪਰਚਾ ਹੋਇਆ। ਮੇਰੇ ਤੇ ਜਿਹੜੇ ਇਨ੍ਹਾਂ ਦੇ ਮਾਨਯੋਗ ਮੰਤਰੀ ਸਾਹਿਬ ਰਹੇ ਹਨ, ਉਨ੍ਹਾਂ ਦੇ ਬੇਟੇ ਨੇ ਮੇਰੇ ਤੇ ਪਰਚਾ ਕਰਵਾਇਆ ਕਿ ਮੇਰੀ ਚੇਨੀ ਐਮ.ਐਲ.ਏ. ਖੋਹ ਕੇ ਲੈ ਗਿਆ। ਮੈਂ ਅੱਜ ਵੀ 382 ਦਾ ਪਰਚਾ ਫੇਸ ਕਰ ਰਿਹਾ ਹਾਂ...

**ਮਾਨਯੋਗ ਡਿਪਟੀ ਸਪੀਕਰ :** ਗੁਰਪ੍ਰੀਤ ਜੀ, ਤੁਸੀਂ ਬੈਠੋ ਪਲੀਜ਼।

**ਊਰਜਾ ਮੰਤਰੀ :** ਤੁਸੀਂ ਹੁਣ ਗੱਲਾਂ ਕਰਦੇ ਹੋ।

**ਮਾਨਯੋਗ ਡਿਪਟੀ ਸਪੀਕਰ :** ਗੁਰਪ੍ਰੀਤ ਸਿੰਘ ਜੀ, ਪਲੀਜ਼, ਬੈਠੋ ਜੀ । ਹਾਂ ਜੀ, ਕੰਬੋਜ ਜੀ।(ਵਿਘਨ)

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਹੁਣੇ-ਹੁਣੇ ਪੰਚਾਇਤਾਂ ਦੀਆਂ ਚੋਣਾਂ ਹੋ ਕੇ ਹਟੀਆਂ ਹਨ। ਮੈਂ ਮੁੱਖ ਮੰਤਰੀ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਪੰਚਾਇਤੀ ਰਾਜ ਸਿਸਟਮ ਹੈ, ਜਿਹੜੀ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ, ਇਹ ਬਿਲਕੁਲ ਨਿਰਪੱਖ ਹੋਈਆਂ ਹਨ, ਅਸੀਂ ਕਹਿ ਸਕਦੇ ਹਾਂ ਕਿ ਚਾਹੇ ਉਹ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋਣ, ਚਾਹੇ ਪੰਚਾਇਤਾਂ ਦੀਆਂ ਚੋਣਾਂ ਹੋਣ, ਚਾਹੇ ਬਲਾਕ-ਸੰਮਤੀ ਦੀਆਂ ਚੋਣਾਂ ਹੋਣ ਉਹ ਨਿਰਪੱਖ ਹੋਈਆਂ ਹਨ। ਅੱਜ ਪੰਜਾਬ ਦੇ ਲੋਕ ਖੁਦ ਮਹਿਸੂਸ ਕਰਦੇ ਹਨ ਕਿ ਜਿਹੜੇ ਸਾਨੂੰ

[ਸਰਦਾਰ ਹਰਦਿਆਲ ਸਿੰਘ ਕੰਬੋਜ]
ਵੋਟ ਪਾਉਣ ਦੇ ਹੱਕ ਸੀ, ਉਹ ਸਾਨੂੰ ਦਿੱਤੇ ਗਏ ਹਨ ਕਿਉਂਕਿ ਪਿਛਲੇ ਸਮੇਂ, ਪਿਛਲੀ ਸਰਕਾਰ ਦੌਰਾਨ ਕੀ ਹੁੰਦਾ ਸੀ ਕਿ ਘਰੇ ਬੈਠ ਕੇ ਬੀ.ਡੀ.ਓਜ਼ ਨੂੰ ਲਿਸਟਾਂ ਭੇਜ ਦਿੱਤੀਆਂ ਜਾਂਦੀਆਂ ਸਨ ਕਿ ਇਸ ਨੂੰ ਸਰਪੰਚ ਬਣਾ ਦਿਉ, ਇਸ ਨੂੰ ਜ਼ਿਲ੍ਹਾ ਪ੍ਰੀਸ਼ਦ ਦਾ ਮੈਂਬਰ ਬਣਾ ਦਿਉ, ਇਸ ਨੂੰ ਪੰਚਾਇਤ ਸੰਮਤੀ ਦਾ ਮੈਂਬਰ ਬਣਾ ਦਿਉ। ਅੱਜ ਇੱਕ ਬੜਾ ਵੱਡਾ ਭਰੋਸਾ ਪੰਜਾਬ ਦੀ ਜਨਤਾ ਦੇ ਅੰਦਰ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਪੈਦਾ ਕੀਤਾ। ਇਸ ਦੇ ਲਈ ਅਸੀਂ ਹਾਊਸ ਵੱਲੋਂ ਵੀ ਅਤੇ ਨਿੱਜੀ ਤੌਰ ਤੇ ਵੀ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਸਹੀ ਮਾਅਨਿਆਂ ਦੇ ਵਿੱਚ ਇਹ ਕਹਿ ਸਕਦਾ ਹਾਂ ਕਿ ਅੱਜ ਪੰਜਾਬ ਅਤੇ ਪੰਜਾਬੀਅਤ ਦੇ ਜੇ ਮੁੱਦਈ ਹਨ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਜੀ ਹਨ। ਜੇ ਅੱਜ ਪੰਜਾਬ ਦੇ ਕਿਸਾਨਾਂ ਨੂੰ ਕਿਸੇ ਇਨਸਾਨ ਨੇ ਬਚਾਇਆ ਹੈ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਜੀ ਨੇ ਬਚਾਇਆ ਹੈ। ਅੱਜ ਇਤਿਹਾਸ ਵਿਚ ਅਸੀਂ ਇਹ ਗੱਲ ਕਹਿ ਸਕਦੇ ਹਾਂ ਕਿ ਅਸੀਂ ਕਦੇ ਦੇਖਿਆ ਨਹੀਂ ਪਰ ਅਸੀਂ ਪੜ੍ਹਦੇ ਜ਼ਰੂਰ ਹਾਂ ਕਿ ਸਰ ਛੋਟੂ ਰਾਮ ਜੀ ਹੋਏ ਹਨ ਕਿ ਜਿਨ੍ਹਾਂ ਨੇ ਭਾਰਤ ਦੇ ਕਿਸਾਨਾਂ ਨੂੰ ਬਚਾਉਣ ਦੀ ਗੱਲ ਕੀਤੀ। ਅੱਜ ਮੈਂ ਇਸ ਪਵਿੱਤਰ ਸਦਨ ਵਿੱਚ ਕਹਿ ਸਕਦਾ ਹਾਂ ਕਿ ਅੱਜ ਸਰ ਛੋਟੂ ਰਾਮ ਜੀ ਤੋਂ ਬਾਅਦ ਜੇ ਕਿਸੇ ਨੇ ਕਿਸਾਨਾਂ ਦੀ ਬਾਂਹ ਫੜੀ ਹੈ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਜੀ ਨੇ ਬਾਂਹ ਫੜੀ ਹੈ (ਥੰਪਿੰਗ)। ਇਸ ਦੇ ਲਈ ਸਮੁੱਚੇ ਹਾਊਸ ਵੱਲੋਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਬਸੰਤ ਦਾ ਤਿਉਹਾਰ ਹੁਣੇ ਮਨਾ ਕੇ ਹਟੇ ਹਾਂ। ਹੁਣ ਮੈਂ ਕਹਿ ਸਕਦਾ ਹਾਂ ਕਿ ਅਸਲੀ ਬਸੰਤ ਪੰਜਾਬ ਦੇ ਵਿਹੜੇ ਦੇ ਵਿੱਚ ਅੱਜ ਆਈ ਹੈ। ਅੱਜ ਹਰ ਇਨਸਾਨ ਦਾ, ਇਨਵੈੱਸਟਰਜ਼ ਦਾ ਹੌਸਲਾ ਵਧਿਆ ਹੈ। ਅੱਜ ਲੋਕ ਬਾਹਰੋਂ ਆ ਕੇ ਇੱਥੇ ਆਪਣਾ ਪੈਸਾ ਲਗਾ ਰਹੇ ਹਨ। ਉਨ੍ਹਾਂ ਦਾ ਇੱਕ ਭਰੋਸਾ ਬਣਿਆ। ਮੈਂ ਆਪਣੇ ਇਲਾਕੇ ਦੀ ਗੱਲ ਕਰਦਾ ਹਾਂ ਸਾਡੇ ਨੇੜੇ ਕੁਝ ਦਿਨ ਪਹਿਲਾਂ ਮਾਨਯੋਗ ਸੀ.ਐੱਮ. ਸਾਹਿਬ ਅਤੇ ਐਫ.ਐਮ. ਸਾਹਿਬ ਨੇ ਜਾਣਾ ਸੀ। ਕੁਆਰਕ ਸਿਟੀ ਦਾ ਜਿਹੜਾ ਸੈਕਿੰਡ ਫੇਸ ਸੀ, ਉਸ ਦੀ ਸ਼ੁਰੂਆਤ ਕਰਨੀ ਸੀ। ਕੁਆਰਕ ਗਰੁੱਪ ਦੇ ਫਰੈਂਡ ਇਬਰਾਹਿਮ ਚੇਅਰਮੈਨ ਹਨ, ਉਸ ਦਿਨ ਉਨ੍ਹਾਂ ਨੇ ਰੋਂਦੇ ਹੋਏ ਇੱਕ ਗੱਲ ਕਹੀ ਕਿ ਮੈਂ 2005 ਵਿੱਚ ਪੰਜਾਬ ਦੇ ਵਿੱਚ ਜ਼ਮੀਨ ਖਰੀਦੀ ਸੀ ਪਰ ਉਸ ਤੋਂ ਬਾਅਦ ਜਦੋਂ ਸਾਲ 2007 ਵਿਚ ਸਰਕਾਰ ਬਣੀ ਤਾਂ 2007 ਤੋਂ ਬਾਅਦ ਮੈਨੂੰ ਇੰਨਾ ਜ਼ਲੀਲ ਕੀਤਾ ਗਿਆ ਕਿ ਮੇਰਾ ਦਿਲ ਵੀ ਨਹੀਂ ਸੀ ਕਰਦਾ ਕਿ ਮੈਂ ਪੰਜਾਬ ਦੀ ਧਰਤੀ ਤੇ ਆਵਾਂ। ਅੱਜ ਕਹਿੰਦੇ ਕਿ ਮੇਰਾ ਇੰਨਾ ਹੌਸਲਾ ਵਧਿਆ ਅਤੇ ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਵਿੱਚ ਆ ਕੇ

ਅੱਜ 2000 ਕਰੋੜ ਰੁਪਿਆ ਇਨਵੈੱਸਟ ਕਰਨ ਲੱਗਿਆ ਹਾਂ ।(ਥੰਪਿੰਗ) ਅੱਜ ਸਹੀ ਮਾਅਨਿਆਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦੇ ਅੰਦਰ ਖੁਸ਼ਹਾਲੀ ਆਈ ਹੈ ਅਤੇ ਖੁਸ਼ਹਾਲੀ ਪੰਜਾਬ ਦੇ ਅੰਦਰ ਵਧੇਗੀ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿੱਥੇ-ਜਿੱਥੇ ਮੈਂ ਸਮੁੱਚੇ ਪੰਜਾਬ ਦੀ ਜਿਹੜੀ ਗੱਲ ਕੀਤੀ ਹੈ, ਇਸ ਤੋਂ ਇਲਾਵਾ ਮੈਂ ਆਪਣੇ ਇਲਾਕੇ ਨਾਲ ਸਬੰਧਿਤ ਗੱਲਾਂ ਲਈ ਦੋ ਮਿੰਟ ਹੋਰ ਲੈਣੇ ਹਨ। ਸਾਰੇ ਵਜ਼ੀਰ ਸਾਹਿਬਾਨ ਇੱਥੇ ਬੈਠੇ ਹਨ, ਉਹ ਵੀ ਇਨ੍ਹਾਂ ਗੱਲਾਂ ਵੱਲ ਜ਼ਰੂਰ ਧਿਆਨ ਦੇਣ। ਜਿਹੜਾ ਮੇਰਾ ਹਲਕਾ ਹੈ, ਉਹ ਪੰਜਾਬ ਦਾ ਪਹਿਲਾ ਹਲਕਾ ਪੈਂਦਾ ਹੈ। ਰਾਜਪੁਰਾ ਸ਼ਹਿਰ, ਜਿਸ ਨੂੰ ਅਸੀਂ ਗੇਟ ਵੇਅ ਆਫ ਪੰਜਾਬ ਕਹਿ ਸਕਦੇ ਹਾਂ। ਪੰਜਾਬੀ ਵਿੱਚ ਇੱਕ ਕਹਾਵਤ ਹੈ ਕਿ ਜੇਕਰ ਘਰ ਦੇ ਭਾਗ ਦੇਖੋ ਤਾਂ ਘਰ ਦੀ ਡਿਓੜੀ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਘਰ ਕਿੱਦਾਂ ਦਾ ਹੈ। ਸੋ, ਜਦੋਂ ਅਸੀਂ ਪੰਜਾਬ ਵਿੱਚ ਵੜੀਏ ਤਾਂ ਇਹ ਪਤਾ ਲੱਗ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਐਫ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵਾਕਿਆ ਹੀ ਜਿਵੇਂ ਤੁਸੀਂ ਪੰਜਾਬ ਦੇ ਹਰ ਵਰਗ ਨੂੰ ਬਚਾਉਣ ਲਈ, ਬੜੀ ਵੱਡੀ ਇੰਡਸਟਰੀ ਲੈ ਕੇ ਆਉਣ ਲਈ ਲੱਗੇ ਹੋਏ ਹੋ। ਮੈਂ ਕੁਆਰਕ ਸਿਟੀ ਦੀ ਗੱਲ ਕੀਤੀ ਸੀ, ਜਿਸ ਦਿਨ ਕੁਆਰਕ ਸਿਟੀ ਕੰਪਲੀਟ ਹੋ ਜਾਵੇਗਾ ਤਾਂ 15-20 ਹਜ਼ਾਰ ਬੱਚਿਆਂ ਨੂੰ ਉੱਥੇ ਰੁਜ਼ਗਾਰ ਮਿਲੇਗਾ। ਸੋ, ਮੇਰੀ ਬੇਨਤੀ ਹੈ ਕਿ ਪੰਜਾਬ ਦਾ ਜਿਹੜਾ ਪਹਿਲਾ ਸ਼ਹਿਰ ਹੈ, ਜਦੋਂ ਵੀ ਕੋਈ ਬਾਹਰੋਂ ਆ ਕੇ ਵੜੇ ਤਾਂ ਪਤਾ ਲੱਗ ਜਾਵੇ ਕਿ ਵਾਕਿਆ ਹੀ ਸਮੁੱਚਾ ਪੰਜਾਬ ਵਧੀਆ ਤਰੀਕੇ ਨਾਲ ਬਣਿਆ ਹੋਇਆ ਹੈ ਅਤੇ ਬਹੁਤ ਸੋਹਣਾ ਹੈ। ਮੈਂ ਆਪਣੇ ਇਲਾਕੇ ਦੀਆਂ ਕੁਝ ਡਿਮਾਂਡਜ਼ ਲਈ ਬੇਨਤੀ ਜ਼ਰੂਰ ਕਰਾਂਗਾ। ਮੇਰੇ ਰਾਜਪੁਰਾ ਦੇ ਕੋਲ 20-25 ਪਿੰਡਾਂ ਨੂੰ ਜਿਹੜੀ ਲਿਫਟ ਇਰੀਗੇਸ਼ਨ ਦੀ ਸਕੀਮ ਹੈ, ਸਾਡੇ ਇੱਕ ਥਰਮਲ ਪਾਵਰ ਪਲਾਂਟ ਲੱਗਿਆ ਹੋਇਆ ਹੈ, ਉਸ ਨੂੰ ਜਿਹੜੀ ਨਹਿਰ ਰਾਹੀਂ ਪਾਣੀ ਜਾ ਰਿਹਾ ਹੈ ਉਸ ਵਿੱਚ 225 ਕਿਊਸਿਕ ਪਾਣੀ ਦੀ ਸਮਰੱਥਾ ਹੈ ਪਰ ਉਹ 180 ਕਿਊਸਿਕ ਹੀ ਵਰਤਦੇ ਹਨ, ਇਸ ਤਰ੍ਹਾਂ ਉਸ ਵਿੱਚ 30-35 ਕਿਊਸਿਕ ਜੋ ਪਾਣੀ ਬਚਦਾ ਹੈ, ਉਸ ਨਾਲ ਮੇਰੇ ਹਲਕੇ ਦੇ ਲਗਭਗ 20-25 ਪਿੰਡਾਂ ਦੇ ਕਿਸਾਨਾਂ ਲਈ ਸੱਤ ਹਜ਼ਾਰ ਏਕੜ ਜ਼ਮੀਨ ਨੂੰ ਪਾਣੀ ਮਿਲ ਸਕਦਾ ਹੈ, ਉਸ ਦੀ ਅਨੁਮਾਨਤ ਅੱਠ ਕਰੋੜ ਰੁਪਏ ਦੀ ਲਾਗਤ ਹੈ। ਅਗਰ ਤੁਸੀਂ ਇਸ ਵਿੱਚ ਸਾਡੀ ਮਦਦ ਕਰੋਗੇ ਤਾਂ ਸਾਡੇ ਇਲਾਕੇ ਦਾ ਜਿਹੜਾ ਪਾਣੀ ਬਹੁਤ ਡੂੰਘਾ ਚਲਾ ਗਿਆ ਹੈ, ਉਸ ਲਈ ਪ੍ਰਬੰਧ ਕੀਤੇ ਜਾ ਸਕਦੇ ਹਨ। ਦੂਜਾ ਸਾਨੂੰ ਖੇਲੋ ਇੰਡੀਆ ਸਕੀਮ ਦੇ ਤਹਿਤ ਇੱਕ ਸਪੋਰਟਸ ਕੰਪਲੈਕਸ ਦਿੱਤਾ ਜਾਵੇ। ਮਾਨਯੋਗ ਸਿਹਤ ਮੰਤਰੀ ਜੀ ਬੈਠੇ ਹਨ, ਸਾਡੇ ਸਤਿਕਾਰਯੋਗ ਹਨ, ਵੱਡੇ ਹਨ, ਇਨ੍ਹਾਂ ਨੂੰ ਮੇਰੀ ਬੇਨਤੀ

[ਸਰਦਾਰ ਹਰਦਿਆਲ ਸਿੰਘ ਕੰਬੋਜ]

ਹੈ ਕਿ ਜਿਹੜਾ ਬਨੂੜ ਦਾ ਹਸਪਤਾਲ ਹੈ, ਉਥੇ 24 ਘੰਟੇ ਐਮਰਜੈਂਸੀ ਸਹੂਲਤਾਂ ਦਿੱਤੀਆਂ ਜਾਣ। ਇੱਕ ਸਿਟੀ ਸਕੈਨ ਦੀ ਮਸ਼ੀਨ ਅਸੀਂ ਰਾਜਪੁਰਾ ਵਿੱਚ ਲਗਵਾਉਣਾ ਚਾਹੁੰਦੇ ਹਾਂ ਕਿਉਂਕਿ ਜਿਹੜੇ ਡੋਨਰਜ਼ ਬੰਦੇ ਹਨ they are ready to invest ਉਹ ਬਹੁਤ ਹੀ ਨਾਮੀਨਲ ਪ੍ਰਾਈਸ ਦੇ ਉੱਤੇ ਸਾਨੂੰ ਸਰਵਿਸ ਪ੍ਰੋਵਾਈਡ ਕਰਨਗੇ। ਸਿੱਧੂ ਸਾਹਿਬ ਬੈਠੇ ਹਨ, ਉਨ੍ਹਾਂ ਨੂੰ ਅਸੀਂ ਨਿੱਜੀ ਤੌਰ ਤੇ ਵੀ ਮਿਲਾਂਗੇ ਔਰ ਹਾਊਸ ਦੇ ਵਿੱਚ ਵੀ ਬੇਨਤੀ ਕਰਦੇ ਹਾਂ ਕਿ ਬਹੁਤ ਛੋਟਾ ਜਿਹਾ 19.5 ਕਰੋੜ ਰੁਪਏ ਦਾ ਸੀਵਰੇਜ ਤੇ ਵਾਟਰ ਸਪਲਾਈ ਦਾ ਪ੍ਰਾਜੈਕਟ ਹੈ, ਜਿਸ ਵਿੱਚ ਦੋ ਹਲਕੇ ਘਨੌਰ ਅਤੇ ਰਾਜਪੁਰਾ ਪੈਂਦੇ ਹਨ। ਅਗਰ ਤੁਸੀਂ ਮਿਹਰਬਾਨੀ ਕਰਕੇ ਕੰਪਲੀਟ ਕਰਵਾ ਦਿਓ ਤਾਂ ਮੈਂ ਕਹਿ ਸਕਦਾ ਹਾਂ ਕਿ ਇਸ ਰਕਮ ਨਾਲ ਸਾਡਾ ਸੌ ਪ੍ਰਤੀਸ਼ਤ ਸੀਵਰੇਜ ਅਤੇ ਵਾਟਰ ਸਪਲਾਈ ਦਾ ਕੰਮ ਕੰਪਲੀਟ ਹੋ ਜਾਵੇਗਾ। ਤੁਹਾਡੇ ਕੋਲ ਖਜ਼ਾਨਾ ਬਹੁਤ ਹੈ, ਉਸ ਵਿੱਚੋਂ ਵੀਹ ਕਰੋੜ ਰੁਪਏ ਦੀ ਕਿਰਪਾ ਕਰ ਦਿਓ ਤਾਂ ਇਹ ਕੰਮ ਹੋ ਜਾਵੇਗਾ। ਜਿਹੜੀਆਂ ਇੱਕ ਦੋ ਸੜਕਾਂ ਹਨ, ਉਹ ਮੈਂ ਨਿੱਜੀ ਤੌਰ ਤੇ ਲਿਖ ਕੇ ਦੇ ਦੇਵਾਂਗਾ। ਅੰਤ ਵਿੱਚ ਮੈਂ ਜਿੱਥੇ ਹਾਊਸ ਦਾ ਧੰਨਵਾਦ ਕਰਦਾ ਹਾਂ, ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਬੋਲਣ ਲਈ ਬੜਾ ਖੁੱਲ੍ਹਾ ਮੌਕਾ ਦਿੱਤਾ। ਤੁਹਾਡੇ ਰਾਹੀਂ ਸਾਰੇ ਸਾਥੀਆਂ ਦਾ ਧੰਨਵਾਦ ਕਰਦਾ ਹੋਇਆ, ਮੈਂ ਇਸ ਧੰਨਵਾਦ ਮਤੇ ਦੀ ਹਮਾਇਤ ਵਿੱਚ ਬਹੁਤ-ਬਹੁਤ ਧੰਨਵਾਦ ਕਰਦਾ ਹੋਇਆ ਖਿਮਾ ਦਾ ਜਾਚਕ ਹਾਂ। ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ ਕੰਬੋਜ ਜੀ। ਨੈਕਸਟ, ਸ਼੍ਰੀ ਅਰੁਣ ਨਾਰੰਗ ਜੀ।

**ਸ਼੍ਰੀ ਅਰੁਣ ਨਾਰੰਗ (ਅਬੋਹਰ) :** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਜੀ ਦੇ ਭਾਸ਼ਣ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਕੱਲ੍ਹ ਇਹ ਸਾਰੀ ਬੁੱਕਲੈਟ ਪੜ੍ਹ ਕੇ ਵੀ ਦੇਖੀ ਹੈ। ਲੇਕਿਨ ground reality ਵਿੱਚ ਜੋ ਚੀਜ਼ਾਂ ਇਸ ਵਿੱਚ ਲਿਖੀਆਂ ਹਨ, ਮੈਂ ਸਮਝਦਾ ਹਾਂ ਕਿ ਉਹ 90 ਪ੍ਰਤੀਸ਼ਤ ਗਰਾਊਂਡ ਦੇ ਉੱਤੇ ਨਹੀਂ ਹਨ। ਜਿਸ ਤਰ੍ਹਾਂ ਸਕੂਲਜ਼ ਬਾਰੇ, ਸਕੂਲਜ਼ ਦੀਆਂ ਬਿਲਡਿੰਗਜ਼ ਬਾਰੇ ਕਿਹਾ ਗਿਆ ਹੈ ।ਮੈਂ ਇੱਕ ਛੋਟੀ ਜਿਹੀ ਉਦਾਹਰਣ ਦਿੰਦਾ ਹਾਂ ਕਿ ਸਾਡੇ ਹਲਕੇ ਵਿੱਚ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਬਿਲਡਿੰਗਾਂ ਸਬੰਧੀ, ਜਿਸ ਬਾਰੇ ਮੈਂ ਸਵਾਲ ਵੀ ਲਗਾਏ ਸਨ, ਲੇਕਿਨ ਹਾਲੇ ਤੱਕ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਬਣੀਆਂ। ਕਈ ਸਕੂਲਾਂ ਦੀਆਂ ਇਮਾਰਤਾਂ ਤਾਂ ਬਹੁਤ ਖਸਤਾ ਹੋ ਚੁੱਕੀਆਂ ਹਨ। ਇੱਕ ਪਿੰਡ ਦੀਵਾਨਖੇੜਾ ਹੈ, ਉਥੇ ਹਰ ਸੈਕੰਡਰੀ ਸਕੂਲ ਨੂੰ ਅੱਪਗ੍ਰੇਡ ਕਰਨ ਵਾਸਤੇ ਬੜੀ ਵਾਰੀ ਕਿਹਾ ਗਿਆ ਪਰੰਤੂ ਉਨ੍ਹਾਂ ਨੇ ਇਸ ਵਾਰ ਪੰਚਾਇਤੀ ਚੋਣਾਂ ਦਾ ਵੀ ਬਾਈਕਾਟ ਕੀਤਾ। ਇਸ ਵਿਚ ਕਾਂਗਰਸ

ਦੇ ਲੋਕ, ਬੀ.ਜੇ.ਪੀ., ਅਕਾਲੀ ਦਲ ਪਾਰਟੀ ਦੇ ਸਾਰੇ ਲੋਕਾਂ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ। ਅੱਜ ਸਿਰਫ ਉੱਥੇ ਉਨ੍ਹਾਂ ਦੀ ਇੱਕ ਮੰਗ ਕਰਕੇ ਹੀ ਉਨ੍ਹਾਂ ਦੀ ਪੰਚਾਇਤ ਨਹੀਂ ਬਣੀ, ਉਨ੍ਹਾਂ ਦੀ ਮੰਗ ਸੀ ਕਿ ਸਾਡਾ ਸਕੂਲ ਅਪਗ੍ਰੇਡ ਕੀਤਾ ਜਾਵੇ। ਇਸੇ ਤਰ੍ਹਾਂ ਹੀ ਪੈਰ੍ਹਾ ਨੰ:48 ਦੇ ਵਿਚ 15 ਡਿਗਰੀ ਕਾਲਜਾਂ ਦਾ ਜ਼ਿਕਰ ਆਇਆ ਹੈ। ਡਿਪਟੀ ਸਪੀਕਰ ਸਾਹਿਬ, ਸਾਲ 2017 ਦੇ ਵਿਚ ਵੀ ਇੱਕ ਇਸ ਤਰ੍ਹਾਂ ਦੀ ਬੁੱਕਲੈਟ ਆਈ ਸੀ, ਭਾਸ਼ਣ ਹੋਇਆ ਸੀ। ਉਸ ਵਿਚ ਅਬੋਹਰ ਦੇ ਵਿਚ ਐਗਰੀਕਲਚਰ ਯੂਨੀਵਰਸਿਟੀ ਦਾ ਜ਼ਿਕਰ ਆਇਆ ਸੀ ਜਿਸ ਦਾ ਅੱਜ ਦੋ ਸਾਲਾਂ ਬਾਅਦ ਕਿਧਰੇ ਕੋਈ ਜ਼ਿਕਰ ਨਹੀਂ ਹੈ। ਇਹ ਯੂਨੀਵਰਸਿਟੀ ਬਣਨੀ ਹੈ ਜਾਂ ਨਹੀਂ ਬਣਨੀ, ਇਸ ਦਾ ਜ਼ਿਕਰ ਨਾ ਇਸ ਭਾਸ਼ਣ ਜਾਂ ਬਜਟ ਵਿਚ ਹੈ ਤੇ ਨਾ ਕਿਧਰੇ ਹੋਰ ਹੈ। ਇਸੇ ਤਰ੍ਹਾਂ ਹੀ ਅਨੁਸੂਚਿਤ ਜਾਤੀਆਂ ਅਤੇ ਦਲਿਤਾਂ ਵਾਸਤੇ ਜਿਹੜੇ ਬਿਜਲੀ ਦੇ ਦੋ-ਦੋ ਸੌ ਯੂਨਿਟ ਮਆਫ ਹਨ, ਉਨ੍ਹਾਂ ਦੇ 25-25, 30-30 ਹਜ਼ਾਰ ਰੁਪਏ ਤੱਕ ਬਿੱਲ ਆ ਰਹੇ ਹਨ। ਏਨੀ ਵੱਡੀ ਸੰਖਿਆ ਵਿਚ ਲੋਕ ਮੇਰੇ ਕੋਲ ਆਉਂਦੇ ਹਨ, ਜਿਨ੍ਹਾਂ ਦੇ 25-25, 30-30 ਹਜ਼ਾਰ ਰੁਪਏ ਤੱਕ ਬਿੱਲ ਆਉਂਦੇ ਹਨ। ਇੱਥੇ ਇੰਡਸਟਰੀ ਮਨਿਸਟਰ ਜੀ ਬੈਠੇ ਹਨ। ਸਾਡੇ ਪੰਜਾਬ ਦੇ ਵਿਚ ਜੋ ਭੱਠਾ ਇੰਡਸਟਰੀ ਹੈ, ਉਹ ਬੜੇ ਵੱਡੇ Crisis ਦੇ ਵਿਚ ਹੈ। ਉਨ੍ਹਾਂ ਕੋਲ ਐਨ.ਜੀ.ਟੀ. ਦਾ ਕੋਈ ਆਰਡਰ ਆਇਆ ਹੈ ਕਿ ਭੱਠਿਆਂ ਉਤੇ High Draft Kiln ਹੀ ਚੱਲਣਗੇ, ਦੂਸਰੇ ਨਹੀਂ ਚੱਲਣਗੇ। ਇਸ ਤਰ੍ਹਾਂ ਹੋਣ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਲੇਬਰ ਬੇਰੁਜ਼ਗਾਰ ਹੋ ਜਾਵੇਗੀ, ਪੰਜਾਬ ਦਾ 2800 ਤੋਂ 3000 ਭੱਠਾ ਬੰਦ ਹੋ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਮੇਰੀ ਇੰਡਸਟਰੀ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਕੋਈ ਇੱਕ ਸਾਲ ਵਾਸਤੇ ਉਨ੍ਹਾਂ ਨੂੰ ਐਕਸਟੈਂਸ਼ਨ ਦਿੱਤੀ ਜਾਵੇ ਤਾਂ ਕਿ ਸਕਿੱਲਡ ਲੇਬਰ ਵੀ ਆ ਸਕੇ ਅਤੇ ਜਿਹੜੀ ਲੇਬਰ ਉੱਥੇ ਕੰਮ ਕਰਦੀ ਹੈ ਉਸ ਲੇਬਰ ਨੂੰ ਅੱਗੇ ਕੰਮ ਵੀ ਮਿਲ ਸਕੇ। ਇਸੇ ਤਰ੍ਹਾਂ ਹੀ Political Vendetta ਦੀ ਗੱਲ ਆਈ ਹੈ, ਸਰਕਾਰ ਕਹਿੰਦੀ ਹੈ ਕਿ ਅਸੀਂ ਕੋਈ Political Vendetta ਨਹੀਂ ਕਰਨਾ। ਲੇਕਿਨ ਮੇਰੇ ਹਲਕੇ ਦੇ ਵਿਚ ਹਰ-ਰੋਜ਼ ਲੋਕ ਆਪੋ ਆਪਣੇ ਘਰ ਸੁੱਤੇ ਹੁੰਦੇ ਹਨ, ਕਿਸੇ ਨਾ ਕਿਸੇ ਪਰਚੇ ਦੇ ਵਿਚ ਉਨ੍ਹਾਂ ਦਾ ਨਾਂ ਹੁੰਦਾ ਹੈ। ਸਾਡੇ ਐਮ.ਸੀ.ਏ.**** ਇੱਕ ਰਾਜ਼ੀਨਾਮੇ ਵਿਚ ਗਿਆ ਹੈ। ਉਲਟਾ ਉਸ ਤੇ ਪਰਚਾ ਪਾ ਦਿੱਤਾ। ਇਸੇ ਤਰ੍ਹਾਂ ਇੱਕ **** ਦਲਿਤ ਹੈ। ਉਸ ਤੇ ਵੀ ਸੁਸਾਈਡ ਦਾ ਝੂਠਾ ਪਰਚਾ ਪਾ ਦਿੱਤਾ। ਏਨਾ Political Vendetta ......

**ਮਾਨਯੋਗ ਡਿਪਟੀ ਸਪੀਕਰ :** ** ** ਐਕਸਪੰਜ ਕਰ ਦਿੱਤਾ ਜਾਵੇ।

** Expunged as ordered by the Chair.

**ਸ਼੍ਰੀ ਅਰੁਣ ਨਾਰੰਗ :** ਡਿਪਟੀ ਸਪੀਕਰ ਸਾਹਿਬ, ਇਸ ਦਾ ਕਾਰਨ ਇਹ ਹੈ ਕਿ ਮੇਰਾ ਹਲਕਾ ਪੀ.ਪੀ.ਸੀ.ਸੀ. ਦੇ ਪ੍ਰਧਾਨ ਜੀ ਦਾ ਹਲਕਾ ਹੈ। ਅੱਜ ਲਾਅ ਐਂਡ ਆਰਡਰ ਦੀ ਪੁਜੀਸ਼ਨ ਬਹੁਤ ਮਾੜੀ ਹੈ। ਅੱਜ ਉਥੇ ਲੋਕ ਡਰ ਦੇ ਮਾਰੇ ਕੰਪਲੇਂਟ ਕਰਨ ਲਈ ਥਾਣੇ ਵਿਚ ਨਹੀਂ ਜਾਂਦੇ ਕਿ ਕਿਤੇ ਥਾਣੇ ਵਿਚ ਨਾ ਬਿਠਾ ਲੈਣ। ਇੱਕ ਬਹੁਤ ਵੱਡੀ ਸਮੱਸਿਆ ਜੋ ਕਿ ਸਾਰੇ ਪੰਜਾਬ ਦੀ ਹੈ, ਉਹ ਅਵਾਰਾ ਪਸ਼ੂਆਂ ਦੀ ਹੈ। ਇਥੇ ਵਾਰ-ਵਾਰ ਇਸ ਬਾਰੇ ਜ਼ਿਕਰ ਹੋਇਆ ਹੈ ਪਰ ਗਰਾਊਂਡ ਲੈਵਲ ਉੱਤੇ ਕੁਝ ਵੀ ਨਹੀਂ ਹੈ। ਹੁਣੇ ਪਿੱਛੇ ਜਿਹੇ ਅਬੋਹਰ ਦੇ ਵਿਚ ਇੱਕ ਢੱਠੇ ਨੇ ਕਿਸੇ ਗਰੀਬ ਨੂੰ ਟੱਕਰ ਮਾਰੀ ਤੇ ਉਹ ਉੱਥੇ ਹੀ ਮਾਰਿਆ ਗਿਆ। ਇਸ ਸਮੱਸਿਆ ਦਾ ਸਰਕਾਰ ਕੋਲ ਹਾਲੇ ਤੱਕ ਕੋਈ ਹੱਲ ਨਹੀਂ। ਇਹ Cow Cess ਵੀ ਇਕੱਠਾ ਕਰ ਰਹੇ ਹਨ, ਪੈਸੇ ਵੀ ਲੈ ਰਹੇ ਹਨ ਲੇਕਿਨ ਇਸ ਸਮੱਸਿਆ ਦਾ ਹਾਲੇ ਤੱਕ ਕੋਈ ਹੱਲ ਨਹੀਂ ਹੈ। ਹਾਲੇ ਵੀ ਹਜ਼ਾਰਾਂ ਦੀ ਗਿਣਤੀ ਦੇ ਵਿਚ ਅਵਾਰਾ ਪਸ਼ੂ ਸੜਕਾਂ ਤੇ ਫਿਰਦੇ ਹਨ...

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ ਜੀ, ਤੁਹਾਡਾ ਟਾਈਮ ਓਵਰ ਹੋ ਗਿਆ ਹੈ । ਪਲੀਜ਼, ਤੁਸੀਂ ਹੁਣ ਕਨਕਲੂਡ ਕਰੋ।

**ਸ਼੍ਰੀ ਅਰੁਣ ਨਾਰੰਗ :** ਸਰ, ਮੈਨੂੰ ਪਤਾ ਹੈ ਕਿ ਮੈਨੂੰ ਸਿਰਫ ਪੰਜ ਮਿੰਟ ਦਾ ਸਮਾਂ ਹੀ ਮਿਲਣਾ ਹੈ। ਇੱਕ ਸਮੱਸਿਆ ਹੋਰ ਹੈ। ਮੰਤਰੀ ਜੀ ਬੈਠੇ ਹਨ, ਮੈਂ AMRUT ਸਕੀਮ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਇਹ ਅਬੋਹਰ ਦੇ ਵਿਚ ਵੀ ਲਾਗੂ ਹੋਈ ਹੈ। ਇਸ ਵਾਸਤੇ 18 ਮਹੀਨਿਆਂ ਦਾ ਸਮਾਂ ਸੀ ਪਰ ਤਿੰਨ ਸਾਲ ਦਾ ਸਮਾਂ ਹੋ ਗਿਆ ਹੈ। ਮੰਤਰੀ ਸਾਹਿਬ ਤੁਸੀਂ ਪਿਛਲੀ ਵਾਰੀ ਇਥੇ ਵੀ ਕਿਹਾ ਸੀ, ਅਬੋਹਰ ਜਾ ਕੇ ਵੀ ਕਿਹਾ ਸੀ ਕਿ ਮੈਂ ਇੱਕ ਮਹੀਨੇ ਦੇ ਵਿਚ ਸੜਕਾਂ ਤੇ ਕਾਰ ਭਜਾ ਕੇ ਦਿਖਾ ਦਿਆਂਗਾ। ਅੱਜ ਉੱਥੇ ਕਿਤੇ ਸੀਵਰ ਪਾ ਦਿੱਤਾ, ਸੜਕ ਪੁੱਟੀ ਗਈ। ਅੱਜ ਸੜਕਾਂ ਤੇ ਗੰਦਾ ਪਾਣੀ ਫਿਰ ਰਿਹਾ ਹੈ। ਚੱਲਣ ਦੇ ਵਿਚ ਵੀ ਦਿੱਕਤ ਹੈ। ਜਿਹੜੇ ਲੋਕਾਂ ਦੇ ਸੀਵਰੇਜ ਦੇ ਕੁਨੈਕਸ਼ਨ ਕੱਟੇ ਉਹ ਦੁਬਾਰਾ ਨਹੀਂ ਲਗਾ ਰਹੇ। ਇਸ ਸਕੀਮ ਨੇ ਅਬੋਹਰ ਦਾ ਉਲਟਾ ਨੁਕਸਾਨ ਹੀ ਕੀਤਾ ਹੈ, ਲੋਕਾਂ ਨੂੰ ਤੰਗ ਹੀ ਕੀਤਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਸਕੀਮ ਜਲਦੀ ਤੋਂ ਜਲਦੀ ਪੂਰੀ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਸਹੂਲਤ ਮਿਲੇ। AMRUT ਸਕੀਮ ਦੇ ਵਿਚ ਜੋ ਸ਼ਰਤਾਂ ਸਨ, ਉਨ੍ਹਾਂ ਨੂੰ ਵੀ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਹ ਸ਼ਰਤਾਂ ਨੂੰ ਨਾ ਬਦਲਿਆ ਜਾਵੇ। ਜਿਵੇਂ ਇਹ ਸਕੀਮ ਸੀ, ਉਸੇ ਤਰ੍ਹਾਂ ਹੀ ਇਸ ਸਕੀਮ ਨੂੰ ਲਾਗੂ ਕੀਤਾ ਜਾਵੇ। ਮੇਰੀ ਇਹੀ ਬੇਨਤੀ ਹੈ ਜੀ, ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ ਜੀ।

**ਮਾਨਯੋਗ ਡਿਪਟੀ ਸਪੀਕਰ :** ਥੈਂਕ ਯੂ, ਨਾਰੰਗ ਜੀ। ਨੈਕਸਟ ਬੈਂਸ ਸਾਹਿਬ।

ਸਰਦਾਰ ਸਿਮਰਜੀਤ ਸਿੰਘ ਜੀ ਬੋਲਣਗੇ ਜਾਂ ਸਰਦਾਰ ਬਲਵਿੰਦਰ ਸਿੰਘ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਡਿਪਟੀ ਸਪੀਕਰ ਸਾਹਿਬ...

**ਮਾਨਯੋਗ ਡਿਪਟੀ ਸਪੀਕਰ :** ਸਰਦਾਰ ਬਲਵਿੰਦਰ ਸਿੰਘ ਜੀ, ਤੁਹਾਡੀ ਪਾਰਟੀ ਦਾ ਤਿੰਨ ਮਿੰਟ ਦਾ ਟਾਈਮ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) :** ਤੁਹਾਡਾ ਧੰਨਵਾਦ ਕਿ ਤੁਸੀਂ ਤਿੰਨ ਮਿੰਟ ਦੇ ਦਿੱਤੇ। ਗਵਰਨਰ ਸਾਹਿਬ ਆਏ। ਦੁੱਖ ਤੇ ਅਫਸੋਸ ਹੈ ਕਿ ਅੰਗਰੇਜ਼ੀ ਵਿੱਚ ਭਾਸ਼ਣ ਕਰਕੇ ਗਏ ਜਦੋਂ ਕਿ ਸਾਡੀ ਮਾਂ ਬੋਲੀ ਪੰਜਾਬੀ ਹੈ। ਅਸੀਂ ਰੌਲਾ ਪਾਇਆ ਪਰ ਕਿਸੇ ਨੇ ਸੁਣਿਆ ਨਹੀਂ ਕਿਉਂਕਿ ਸਾਰੇ ਹੀ ਪੰਜਾਬੀ ਸੀ, ਇਸ ਕਰਕੇ ਕਿਸੇ ਹੋਰ ਨੇ ਇਸ ਗੱਲ ਤੇ ਬਹੁਤੀ ਤਵੱਜੋ ਦੇਣ ਦੀ ਖੇਚਲ ਨਹੀਂ ਕੀਤੀ। ** ** ਡਿਪਟੀ ਸਪੀਕਰ ਸਾਹਿਬ, ਮੈਂ ਵਿਦੇਸ਼ ਵਿੱਚ ਜਾਂਦਾ ਹਾਂ। ਉੱਥੇ ਲੋਕ ਡਿਵੈਲਪਮੈਂਟ ਦੀ ਗੱਲ ਕਰਦੇ ਹਨ। ਉਹ ਡਿਵੈਲਪਮੈਂਟ ਕਿਥੋਂ ਨਾਪਦੇ ਹਨ, ਉਹ ਕਹਿੰਦੇ ਹਨ ਸਾਡੇ ਕੋਲ ਸਾਇੰਟਿਸਟ ਕਿੰਨੇ ਹਨ। ਉਹ ਡਿਵੈਲਪਮੈਂਟ ਕਿਥੋਂ ਨਾਪਦੇ ਹਨ, ਉਹ ਕਹਿੰਦੇ ਹਨ ਸਾਡੇ ਕੋਲ ਇੰਜੀਨੀਅਰ ਕਿੰਨੇ ਹਨ। ਉਹ ਡਿਵੈਲਪਮੈਂਟ ਕਿਥੋਂ ਨਾਪਦੇ ਹਨ, ਉਹ ਕਹਿੰਦੇ ਹਨ ਸਾਡੇ ਕੋਲ ਡਾਕਟਰ ਕਿੰਨੇ ਹਨ। ਜਦੋਂ ਮੈਂ ਵਾਪਸ ਆਉਂਦਾ ਹਾਂ, ਇਥੇ ਗੱਲਾਂ ਕਰਦਿਆਂ ਸੁਣਦਾ ਹਾਂ, ਪਿੰਡ ਦੇ ਸਰਪੰਚ ਨੂੰ ਲੋਕ ਪੁੱਛਦੇ ਹਨ ਕਿ ਸਰਪੰਚ ਸਾਹਿਬ ਤੁਹਾਡੇ ਪਿੰਡ ਦੀ ਡਿਵੈਲਪਮੈਂਟ, ਉਹ ਕਹਿੰਦੇ ਹਨ ਕਿ ਨਾਲੀਆਂ ਬਣ ਗਈਆਂ। ਤੁਸੀਂ ਕੰਪੇਅਰ ਕਰਕੇ ਦੇਖੋ, ਕਹਿੰਦੇ ਨਾਲੀਆਂ ਬਣ ਗਈਆਂ, ਗਲੀਆਂ ਵਿੱਚ ਇੱਟਾਂ ਲੱਗ ਗਈਆਂ। ਕਹਿੰਦੇ ਹੁਣ ਪਾਣੀ ਵੀ ਆ ਗਿਆ। ਜੇ ਉਸ ਨੂੰ ਪੁੱਛੋ ਕਿ ਤੁਹਾਡੇ ਪਿੰਡ ਵਿੱਚ ਪੜ੍ਹੇ ਲਿਖੇ ਕਿੰਨੇ ਹਨ ਤਾਂ ਉਹ ਕਹਿੰਦੇ ਕਿ ਰਾਮਗੜ੍ਹੀਆਂ ਦੀ ਇੱਕ ਬੱਚੀ ਹੈ, ਉਸ ਨੇ ਬੀ.ਏ. ਕੀਤੀ ਹੈ। ਮੈਨੂੰ ਦੁੱਖ ਤੇ ਅਫਸੋਸ ਹੈ, ਡਿਪਟੀ ਸਪੀਕਰ ਸਾਹਿਬ, ਕਿ ਅਸੀਂ ਉਨ੍ਹਾਂ ਦੇ ਮੁਕਾਬਲੇ ਦੀਆਂ ਗੱਲਾਂ ਸਿਰਫ ਖੜ੍ਹੇ ਹੋ ਕੇ ਕਰਦੇ ਹਾਂ ਪਰ ਉਸ ਤੇ ਪਹਿਰਾ ਨਹੀਂ ਦਿੰਦੇ। ਮੈਂ ਦੁੱਖ ਤੇ ਅਫਸੋਸ ਨਾਲ ਕਹਿਣ ਲੱਗਿਆ ਹਾਂ ਕਿ ਪਿਛਲੀ ਸਰਕਾਰ ਨੇ ਇੱਕ ਡੀਲ ਦੇ ਤਹਿਤ, ਗੁੱਸਾ ਨਾ ਕਰਿਓ, ਇੱਕ ਡੀਲ ਹੋਈ, ਤਕਰੀਬਨ ਇੱਕ ਸ਼ਹਿਰ ਛੱਡ ਕੇ ਯੂਨੀਵਰਸਿਟੀ ਬਣਾ ਦਿੱਤੀ। ਮੇਰੇ ਸ਼ਹਿਰ ਵਿੱਚੋਂ ਬਹੁਤ ਸਾਰੇ ਬੱਚੇ ਚੰਡੀਗੜ੍ਹ ਯੂਨੀਵਰਸਿਟੀ ਅਤੇ ਹੋਰ ਯੂਨੀਵਰਸਿਟੀਆਂ ਵਿੱਚ ਪੜ੍ਹਨ ਆਉਂਦੇ ਹਨ। ਮੈਂ ਪਿਛਲੀ ਵਾਰੀ ਵੀ ਸਵਾਲ ਉਠਾਇਆ ਸੀ। ਉਨ੍ਹਾਂ ਦਾ ਬੱਸ ਪਾਸ, ਗੌਰ ਕਰਿਓ ਕਿ ਐਜੂਕੇਸ਼ਨ ਤੇ ਕਿੱਡੀ ਕੁ ਤਵੱਜੋ ਹੈ। ਬੱਸ ਪਾਸ 60 ਕਿਲੋਮੀਟਰ ਤੱਕ ਬਣਦਾ ਹੈ। ਉਹ ਯੂਨੀਵਰਸਿਟੀ 90 ਕਿਲੋਮੀਟਰ ਤੇ ਹੈ। ਤੁਸੀਂ ਸੱਚ ਦੱਸਿਓ, ਸਾਰੇ ਕਾਨੂੰਨ ਬਣਾਉਣ ਵਾਲੇ ਬੈਠੇ ਹੋ, ਉਹ ਬੱਚਾ ਕਿਥੇ ਜਾਏ?

** Expunged as ordered by the Chair.

[ਸਰਦਾਰ ਬਲਵਿੰਦਰ ਸਿੰਘ ਬੈਂਸ]

ਪਿਛਲੀ ਵਾਰ ਕਹਿ ਦਿੱਤਾ ਕਿ ਅਸੀਂ ਉਸ ਵਿੱਚ ਸੋਧ ਕਰ ਦੇਵਾਂਗੇ ਅਤੇ ਅਗਲੀ ਵਾਰ ਉਹ ਜਿਹੜਾ ਬੱਸ ਪਾਸ ਹੈ, ਜਿਥੇ ਕਿਤੇ ਵੀ ਪੰਜਾਬ ਵਿੱਚ ਯੂਨੀਵਰਸਿਟੀ ਹੈ, ਜਾ ਸਕੇਗਾ। ਉਹ ਬੱਚਾ ਵਪਾਰ ਕਰਨ ਤਾਂ ਚੱਲਿਆ ਨਹੀਂ, ਐਜੂਕੇਸ਼ਨ ਵਾਸਤੇ, ਪੜ੍ਹਨ ਵਾਸਤੇ ਚੱਲਿਆ ਹੈ। ਦੋ ਸਾਲ ਹੋ ਗਏ ਹਨ ਸਰਕਾਰ ਬਣੀ ਨੂੰ, ਉਹ ਬੱਸ ਪਾਸ ਬਣਾਉਣ ਦੀ ਤੁਹਾਡੇ ਕੋਲ ਜਿਹੜੀ ਤਜਵੀਜ਼ ਸੀ, ਉਹ ਅਧੂਰੀ ਹੈ। ਇੱਥੇ ਹੀ ਬੱਸ ਨਹੀਂ, ਮੈਨੂੰ ਦੁੱਖ ਤੇ ਅਫਸੋਸ ਨਾਲ ਪਿਛਲੇ ਸੈਸ਼ਨ ਵਿੱਚ ਕਹਿਣਾ ਪਿਆ ਕਿ ਸਿਹਤ ਸਹੂਲਤਾਂ ਦੀ ਹਾਲਤ ਕੈਸੀ ਹੈ। ਮੈਂ ਸਮਝਦਾ ਹਾਂ ਬਦਕਿਸਮਤੀ ਹੈ, ਪੰਜਾਬ ਵਿੱਚੋਂ ਇੱਕ ਟਰੇਨ ਚਲਦੀ ਹੈ, ਜਿਸ ਦਾ ਨਾਮ ਕੈਂਸਰ ਟਰੇਨ ਹੈ। ਸਰਕਾਰ ਕੈਂਸਰ ਵਾਲਿਆਂ ਨੂੰ ਕੀ ਦਿੰਦੀ ਹੈ, ਡੇਢ ਲੱਖ ਰੁਪਿਆ ਇਲਾਜ ਕਰਵਾਉਣ ਵਾਸਤੇ ਦਿੰਦੇ ਹਨ, ਜਿਹੜਾ ਹਸਪਤਾਲ ਕੋਲ ਜਾਂਦਾ ਹੈ। ਹਸਪਤਾਲ ਦੀ ਮਰਜ਼ੀ ਹੈ ਕਿ ਉਹ ਜਿਹੜੀ ਮਰਜ਼ੀ ਦਾ ਰੇਟ ਲਗਾ ਲਵੇ ਕਿਉਂਕਿ ਜਿਹੜਾ ਮਰੀਜ਼ ਹੈ, ਉਹ ਰੇਟ ਚੈੱਕ ਹੀ ਨਹੀਂ ਕਰ ਸਕਦਾ ਕਿ ਮੈਨੂੰ ਕੀ ਰੇਟ ਲਗਾਇਆ, ਮੇਰਾ ਕੀ ਬਿੱਲ ਬਣਿਆ, ਮੇਰਾ ਕਿੰਨਾ ਕੁ ਇਲਾਜ ਹੋ ਗਿਆ। ਮੇਰੀ ਬੇਨਤੀ ਹੈ ਕਿ ਕੈਂਸਰ ਮਰੀਜ਼ ਨੂੰ ਜਿਹੜੇ ਪੈਸੇ ਇਲਾਜ ਲਈ ਮਿਲਣਗੇ, ਆਪਾਂ ਸੱਚ ਤੇ ਆ ਜਾਈਏ, ਕੀ ਮਰੀਜ਼ ਉਨ੍ਹਾਂ ਨੂੰ ਕਿਤੇ ਹੋਰ ਖਰਚ ਸਕਦਾ ਹੈ? ਮੈਨੂੰ ਉਦੋਂ ਦੁੱਖ ਹੁੰਦਾ ਹੈ, ਕਈ ਵਾਰ ਮੇਰੇ ਕੋਲ ਜਦੋਂ ਕੈਂਸਰ ਮਰੀਜ਼ ਦਫਤਰ ਆਉਂਦਾ ਹੈ ਤਾਂ ਜਦੋਂ ਮੈਂ ਉਸ ਨੂੰ, ਡਿਪਟੀ ਸਪੀਕਰ ਸਾਹਿਬ, 5,000 ਰੁਪਿਆ ਦਿੰਦਾ ਹਾਂ ਤਾਂ ਉਹ ਰੋਣ ਲੱਗ ਜਾਂਦਾ ਹੈ। ਉਹ ਕਹਿੰਦਾ ਬੈਂਸ ਸਾਹਿਬ ਇਹ 5000 ਰੁਪਿਆ ਨਹੀਂ, ਇਹ 5 ਲੱਖ ਵਰਗਾ ਹੀ ਹੈ। ਮੇ ਰੇ ਕੋਲ ਤਾਂ ਗੋਲੀ ਲੈਣ ਜੋਗੇ ਵੀ ਪੈਸੇ ਨਹੀਂ ਹਨ। ਕੁਝ ਦਵਾਈਆਂ ਕੈਂਸਰ ਮਰੀਜ਼ ਦੀਆਂ ਪੇਨ ਕਿੱਲਰ ਹਨ। ਹਸਪਤਾਲ ਵਾਲੇ ਕਹਿੰਦੇ ਹਨ ਕਿ ਇਹ ਤੇਰੇ ਇਲਾਜ ਦਾ ਹਿੱਸਾ ਨਹੀਂ। ਅਸੀਂ ਤੈਨੂੰ ਇਹ ਦੇ ਨਹੀਂ ਸਕਦੇ ਅਤੇ ਉਹ 24 ਘੰਟੇ ਤੜਫ ਤੜਫ ਕੇ ਜਿਊਂਦਾ ਹੈ। ਉਹ ਤਾਂ ਰੋਜ਼ ਸਵੇਰੇ ਸ਼ਾਮ ਉਠ ਕੇ ਅਰਦਾਸ ਕਰਦਾ ਹੈ ਕਿ ਪਾਤਸ਼ਾਹ, ਕਿਰਪਾ ਕਰ, ਜਿਹੜੀ ਮੇਰੀ ਸਾਹ ਵਾਲੀ ਨਾੜੀ ਚਲਦੀ ਹੈ, ਇਸ ਨੂੰ ਬੰਦ ਕਰਦੇ।

**ਮਾਨਯੋਗ ਡਿਪਟੀ ਸਪੀਕਰ :** ਥੈਂਕ ਯੂ, ਸਰਦਾਰ ਬਲਵਿੰਦਰ ਸਿੰਘ ਜੀ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂ ਜੀ। ਜੇ ਤੁਸੀਂ ਸੱਚ ਨਹੀਂ ਸੁਣਨਾ, ਮੈਂ ਅਜੇ ਕਿਸੇ ਦੇ ਖਿਲਾਫ ਨਹੀਂ ਬੋਲਿਆ। ਜੇ ਤੁਹਾਨੂੰ ਸੱਚ ਚੰਗਾ ਨਹੀਂ ਲਗਦਾ ਤਾਂ ਤੁਹਾਡਾ ਧੰਨਵਾਦ। ਪੰਜਾਬ ਤੇ ਪੰਜਾਬੀ ਤੁਹਾਨੂੰ ਵੀ ਦੇਖ ਰਹੇ ਹਨ ਅਤੇ ਮੈਨੂੰ ਵੀ ਦੇਖ ਰਹੇ ਹਨ। ਧੰਨਵਾਦ ਜੀ।

**Mr. Deputy Speaker :** Thank you, brother, ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ। ਤੁਹਾਡੇ ਪੰਜ ਮਿੰਟ ਹਨ ਅਤੇ ਕੋਸ਼ਿਸ਼ ਕਰਨਾ ਕਿ ਪੰਜ ਮਿੰਟ ਵਿਚ ਆਪਣੀ ਗੱਲ ਕਹਿ ਲਈ ਜਾਵੇ।

**ਸ਼੍ਰੀ ਅਮਨ ਅਰੋੜਾ (ਸੁਨਾਮ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਐਡਰੈੱਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, I know ਕਿ ਇਸ ਤੋਂ ਪਹਿਲਾਂ ਬੋਲਦਿਆਂ I lost my cool and let me make it clear also ਕਿ ਮੈਂ ਇਸ ਤਰ੍ਹਾਂ ਦੇ ਸ਼ਬਦ ਬੋਲਣ ਲਈ ਇਸ ਅਜ਼ੀਮ ਸਦਨ ਵਿਚ ਨਹੀਂ ਆਇਆ, ਪਰ ਆਪਣੀ ਆਪਣੀ ਨੇਚਰ ਹੁੰਦੀ ਹੈ, ਫਿਤਰਤ ਹੁੰਦੀ ਹੈ ਕਿ ਪਹਿਲਾਂ ਕਿਸੇ ਨੂੰ ਛੇੜਦੇ ਨਹੀਂ, ਜੇਕਰ ਕੋਈ ਉਂਜ ਹੀ **** ਵੱਢੀ ਜਾਵੇ, ਹੁੱਝਾਂ ਮਾਰੀ ਜਾਵੇ ਤਾਂ ਫਿਰ ਛੱਡਿਆ ਵੀ ਨਹੀਂ ਜਾਂਦਾ।

**ਮਾਨਯੋਗ ਡਿਪਟੀ ਸਪੀਕਰ:** ** ** ਸ਼ਬਦ ਐਕਸਪੰਜ ਕਰ ਦਿਉ।

**ਸ਼੍ਰੀ ਅਮਨ ਅਰੋੜਾ :** ਸੋ, ਗੱਲ ਏਨੀ ਹੈ ਕਿ ਅੱਜ ਸਵੇਰ ਦਾ ਦੋ-ਤਿੰਨ ਵਾਰੀ ਇਸ ਗੱਲ ਦੇ ਉਤੇ ਰੌਲਾ ਪੈ ਚੁੱਕਿਆ ਹੈ। ਮੈਂ ਮੇਰੀ ਵੱਡੀ ਭੈਣ, ਸਾਡੇ ਟਰਾਂਸਪੋਰਟ ਮਨਿਸਟਰ, ਮੇਰੇ ਬਹੁਤ ਸਤਿਕਾਰਯੋਗ ਹਨ, ਸ਼੍ਰੀਮਤੀ ਅਰੁਨਾ ਚੌਧਰੀ ਜੀ ਨੂੰ ਵੀ ਬੇਨਤੀ ਕਰਾਂਗਾ ਔਰ ਮੇਰੇ ਵੀਰ ਸਰਦਾਰ ਸਿਮਰਜੀਤ ਸਿੰਘ ਬੈਂਸ ਜੀ ਨੂੰ ਬੇਨਤੀ ਕਰਾਂਗਾ ਕਿ ਜਿੱਥੇ ਕਿਤੇ ਮੈਂ ਫੈਕਚੁਅਲੀ ਰੌਂਗ ਹੋਇਆ, ਤੱਥਾਂ ਦੇ ਅਧਾਰ ਉਤੇ ਰੌਂਗ ਹੋਇਆ ਤਾਂ ਮੈਨੂੰ ਜ਼ਰੂਰ ਟੋਕਣਾ I appreciate that ਪਰ ਜੇ ਆਪਾਂ ਪੁਲੀਟੀਕਲੀ ਗੱਲ ਕਰਾਂਗੇ ਤਾਂ ਪੁਲੀਟੀਕਲੀ ਹੀ ਮੇਰੇ ਖਿਆਲ ਵਿਚ ਘਚੋਲਾ ਹੋਰ ਪੈ ਜਾਂਦਾ ਹੈ। ਮੈਂ ਉਦੋਂ ਵੀ ਪਿਛੇ ਨਹੀਂ ਹਟਾਂਗਾ ਪਰ ਪਹਿਲਾਂ ਮੈਨੂੰ ਫੈਕਟਸ ਉੱਤੇ ਟੋਕ ਲੈਣ।

ਸਰ, ਬੇਨਤੀ ਇੰਨੀ ਹੈ ਕਿ ਸਵੇਰ ਦੀ ਦੋ ਵਾਰੀ ਗੱਲ ਹੋ ਚੁੱਕੀ ਹੈ ਕਿ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ ਪੀ.ਆਰ.ਟੀ.ਸੀ., ਪੰਜਾਬ ਰੋਡਵੇਜ਼ ਦੀਆਂ ਜਿਹੜੀਆਂ ਵਾਲਵੋ ਬੱਸਾਂ ਸਨ ਉਨ੍ਹਾਂ ਨੂੰ ਰੋਕ ਲਿਆ। ਸਰ, ਗੱਲ ਏਨੀ ਹੈ ਕਿ ਉੱਥੇ ਬੱਸਾਂ ਰੁਕੀਆਂ ਸਨ, ਕੋਈ ਸ਼ੱਕ ਨਹੀਂ ਹੈ ਪਰ ਉਸ ਵਿਚ ਫੈਕਟਸ ਕੀ ਹਨ, I would like to go into the details. ਸਰ, ਇਸ ਤਰ੍ਹਾਂ ਹੈ ਕਿ ਅੱਜ ਜਿਹੜੀਆਂ ਇੰਡੋ-ਕੈਨੇਡੀਅਨ ਜਾਂ ਹੋਰ ਦੂਜੀਆਂ ਪ੍ਰਾਈਵੇਟ ਵਾਲਵੋ ਬੱਸਿਜ਼ ਹਨ ਉਨ੍ਹਾਂ ਦਾ ਕਿਰਾਇਆ ਜਿਹੜਾ ਪੰਜਾਬ ਤੋਂ, ਅੰਮ੍ਰਿਤਸਰ, ਜਲੰਧਰ ਤੋਂ ਤਕਰੀਬਨ ਢਾਈ-ਤਿੰਨ ਹਜ਼ਾਰ ਰੁਪਏ ਹੈ ਅਤੇ ਜਿਹੜੀਆਂ ਸਰਕਾਰ ਨੇ ਬੱਸਾਂ ਚਲਾਈਆਂ ਸੀ ਉਹ ਚੰਗਾ ਇਨੀਸ਼ੀਏਟਿਵ ਸੀ ਉਸ ਤੋਂ 800, 900 ਤੇ 1000 ਰੁਪਏ ਤੱਕ ਲੋਕਾਂ ਨੂੰ ਬਹੁਤ ਵਧੀਆ ਬੈਨੀਫਿਟ ਹੋ ਰਿਹਾ ਸੀ। ਸਰ, ਹੁਣ ਗੱਲ ਇਹ ਹੈ ਕਿ ਜਿਹੜੀਆਂ ਇੰਡੋ-ਕੈਨੇਡੀਅਨ ਬੱਸਿਜ਼ ਹਨ, ਵਾਲਵੋ ਬੱਸਿਜ਼ ਹਨ, ਪ੍ਰਾਈਵੇਟ ਆਪਰੇਟਰਜ਼

---

** Expunged as ordered by the Chair.

[ਸ਼੍ਰੀ ਅਮਨ ਅਰੋੜਾ]

ਦੀਆਂ ਬੱਸਾਂ ਹਨ there are two kinds of permits. ਮੇਰੇ ਹੱਥ ਦੇ ਵਿੱਚ ਮੋਟਰ ਵਹੀਕਲ ਐਕਟ ਹੈ, ਜਿਸ ਵਿੱਚ ਦੋ ਤਰ੍ਹਾਂ ਦੇ ਪਰਮਿੱਟਸ ਹੁੰਦੇ ਹਨ, ਇੱਕ ਤਾਂ ਕੰਟਰੈਕਟ ਕੈਰਿਜ ਪਰਮਿੱਟ ਹੁੰਦਾ ਹੈ ਜਿਹੜਾ ਕਿ ਮੋਟਰ ਵਹੀਕਲ ਐਕਟ ਦੇ ਸੈਕਸ਼ਨ 74 ਦੇ ਤਹਿਤ ਦਿੱਤਾ ਜਾਂਦਾ ਹੈ, ਸਰ, ਜਿਹੜਾ ਕੰਟਰੈਕਟ ਕੈਰਿਜ ਪਰਮਿੱਟ ਹੁੰਦਾ ਹੈ, ਉਹ ਫਿਕਸਡ ਡੈਸਟੀਨੇਸ਼ਨ, ਇਕ ਡੈਸਟੀਨੇਸ਼ਨ ਤੋਂ ਦੂਜੀ ਡੈਸਟੀਨੇਸ਼ਨ ਤੱਕ ਜਾਵੇਗਾ, ਉਸ ਵਿਚ ਜਿਹੜੇ ਪੈਸੰਜਰ ਹਨ, ਇਹ ਜਿਹੜੀਆਂ ਬੱਸਾਂ ਹਨ ਇਹ ਬੱਸ ਸਟੈਂਡ ਵਿਚ ਐਂਟਰ ਨਹੀਂ ਕਰ ਸਕਦੀਆਂ, ਇਨ੍ਹਾਂ ਨੂੰ ਬੁਕਿੰਗ ਵਾਲੀਆਂ ਗੱਡੀਆਂ ਕਹਿ ਦਿੰਦੇ ਹਨ ਕਿ ਇਕ ਥਾਂ ਤੋਂ ਬੁੱਕ ਕੀਤੀਆਂ, ਉਥੋਂ ਉਹ ਗਈਆਂ ਤੇ ਉਤਨੀਆਂ ਹੀ ਸਵਾਰੀਆਂ ਨੂੰ ਵਾਪਸ ਮੋੜ ਕੇ ਲਿਆਉਣਾ ਹੁੰਦਾ ਹੈ ਤੇ ਉਨ੍ਹਾਂ ਹੀ ਸਵਾਰੀਆਂ ਦੀ ਜਿਹੜੀ ਲਿਸਟ ਹੈ ਜਿਹੜੀਆਂ ਸਵਾਰੀਆਂ ਜਾਣਗੀਆਂ ਤਾਂ ਜਦੋਂ ਬੁਕਿੰਗ ਹੋ ਕੇ ਜਾਏਗੀ ਤਾਂ ਜਿਹੜੀਆਂ ਜਾਣਗੀਆਂ ਉਹੀ ਵਾਪਸ ਆਉਣਗੀਆਂ, ਉਨ੍ਹਾਂ ਦੀ ਜਿਹੜੀ ਲਿਸਟ ਹੈ ਉਹ ਡਰਾਈਵਰ ਕੋਲ ਹੋਣੀ ਚਾਹੀਦੀ ਹੈ, ਇਸ ਵਿਚ ਕਲੀਅਰ ਲਿਖਿਆ ਹੈ :"The clients and the operators and the list of passengers should also be available with the driver of the bus. The permit holder cannot pick passengers other than those mentioned in the list. Such type of buses are known as chartered buses and these come under Section 74 of the Motor Vehicles Act. ਇਹ ਤਾਂ ਹੈ ਕੰਟਰੈਕਟ ਕੈਰਿਜ ਪਰਮਿੱਟ, ਜਿਸ ਵਿੱਚ ਪ੍ਰਾਈਵੇਟ ਬੱਸਾਂ ਵਾਲਵੋ, ਇੰਡੋ ਕੈਨੇਡੀਅਨ ਚਲਦੀਆਂ ਰਹੀਆਂ ਹਨ। ਦੂਜੀ ਜਿਹੜੀ ਪੰਜਾਬ ਸਰਕਾਰ ਨੇ ਬੱਸਾਂ ਚਲਾਈਆਂ ਸਨ। ਡਿਪਟੀ ਸਪੀਕਰ ਸਾਹਿਬ, ਜ਼ਰਾ ਧਿਆਨ ਦਿਉ..

**ਮਾਨਯੋਗ ਡਿਪਟੀ ਸਪੀਕਰ :** ਹਾਂ ਜੀ, ਹਾਂ ਜੀ। ਧਿਆਨ ਤੁਹਾਡੇ ਵੱਲ ਹੈ।

**ਸ਼੍ਰੀ ਅਮਨ ਅਰੋੜਾ:** ਜਿਹੜੀਆਂ ਪੰਜਾਬ ਸਰਕਾਰ ਨੇ ਬੱਸਿਜ਼ ਚਲਾਈਆਂ ਸਨ ਇਹ ਬੱਸਿਜ਼ ਸਟੇਜ ਕੈਰਿਜ ਪਰਮਿੱਟ ਦੀਆਂ ਸਨ। ਇਹ ਮੋਟਰ ਵਹੀਕਲ ਐਕਟ ਦੀ ਸੈਕਸ਼ਨ 72 ਦੇ ਤਹਿਤ ਦਿੱਤੀਆਂ ਜਾਂਦੀਆਂ ਹਨ ਜਿਹੜੀਆਂ ਗੱਡੀਆਂ ਬੱਸ ਸਟੈਂਡ ਤੋਂ ਚਲਦੀਆਂ ਹਨ, ਬੱਸ ਸਟੈਂਡ ਤੱਕ ਹੀ ਜਾਂਦੀਆਂ ਹਨ, ਹੋਰ ਕਿਤੇ ਨਹੀਂ ਜਾ ਸਕਦੀਆਂ ਤੇ ਉਹ ਸਾਰੇ ਬੱਸ ਸਟੈਂਡਜ਼ ਵਿਚ ਐਂਟਰ ਵੀ ਕਰ ਸਕਦੀਆਂ ਹਨ, ਸਵਾਰੀਆਂ ਚੁੱਕ ਵੀ ਸਕਦੀਆਂ ਹਨ, ਲਾਹ ਵੀ ਸਕਦੀਆਂ ਹਨ, ਸਵਾਰੀਆਂ ਜਾਣ ਲੱਗਿਆਂ ਹੋਰ ਵੀ ਹੋ ਸਕਦੀਆਂ ਹਨ, ਆਉਣ ਲੱਗਿਆਂ ਹੋਰ ਵੀ ਹੋ ਸਕਦੀਆਂ ਹਨ। ਹੁਣ ਗੱਲ ਇਹ ਹੈ ਕਿ ਦੋ ਤਰ੍ਹਾਂ ਦੇ ਪਰਮਿੱਟਸ ਹਨ ਜਿਹੜੇ ਚਲਦੇ ਹਨ। ਹੁਣ ਸਰ, ਗੱਲ ਏਨੀ ਹੈ ਕਿ

ਜਿਹੜੀਆਂ ਇਨ੍ਹਾਂ ਦੀਆਂ ਇੰਡੋ ਕੈਨੇਡੀਅਨ ਜਾਂ ਪ੍ਰਾਈਵੇਟ ਵਾਲਵੋ ਵਗੈਰਾ ਚਲਦੀਆਂ ਹਨ ਉਨ੍ਹਾਂ ਨੇ ਇੰਦਰਾ ਗਾਂਧੀ ਇੰਟਰ ਨੈਸ਼ਨਲ ਏਅਰਪੋਰਟ ਤੱਕ ਕੰਟਰੈਕਟ ਕੈਰਿਜ ਪਰਮਿੱਟ ਲਏ ਹੋਏ ਹਨ। ਜਿਹੜੇ ਇਨ੍ਹਾਂ ਦੇ ਹਨ, ਸੁਪਰੀਮ ਕੋਰਟ ਦੀ ਇੱਕ ਰੂਲਿੰਗ ਵੀ ਹੈ ਜਿਸ ਵਿਚ ਜਿਹੜੀਆਂ ਸਰਕਾਰ ਦੀਆਂ ਬੱਸਾਂ ਹਨ, ਸਟੇਜ ਕੈਰਿਜ ਪਰਮਿੱਟ ਹਨ ਉਹ ਆਈ.ਐਸ.ਬੀ.ਟੀ. ਬੱਸ ਸਟੈਂਡ ਤੋਂ beyond ਨਹੀਂ ਜਾ ਸਕਦੀਆਂ । ਇਸ ਵਿੱਚ ਅਗਲੀ ਗੱਲ ਇਹ ਹੈ ਕਿ ਜਦੋਂ ਇਹ ਬੰਦ ਹੋਈਆਂ ਸੀ ਤਾਂ ਮੈਂ ਇਨ੍ਹਾਂ ਦੇ ਐਸ.ਟੀ.ਸੀ., ਸ਼੍ਰੀ ਦਿਲਰਾਜ ਸਿੰਘ ਸੰਧਾਵਾਲੀਆ ਜੀ ਦੀ ਸਟੇਟਮੈਂਟ ਪੜ੍ਹਾਂਗਾ, ਸਟੇਟ ਟਰਾਂਸਪੋਰਟ ਕਮਿਸ਼ਨਰ, ਦਿਲਰਾਜ ਸਿੰਘ ਸੰਧੇਵਾਲੀਆ said, admitting that all the buses were on Stage Carriage Permit which could pick the passengers from the ISBT only. ਸਰ, ਹੁਣ ਗੱਲ ਇਹ ਹੈ ਤੇ ਜੇ ਮੈਂ ਗਲਤ ਹੋਵਾਂ ਤਾਂ ਮੇਰੇ ਭੈਣ ਜੀ ਮੈਨੂੰ ਟੋਕ ਦੇਣ। ਇਸ ਵਿਚ ਜਿਹੜੀਆਂ ਸਰਕਾਰੀ ਬੱਸਾਂ ਹੁੰਦੀਆਂ ਹਨ ਜਦੋਂ ਉਨ੍ਹਾਂ ਨੇ ਇੰਟਰ-ਸਟੇਟ ਜਾਣਾ ਹੁੰਦਾ ਹੈ, ਇੱਕ ਸਟੇਟ ਤੋਂ ਦੂਜੀ ਸਟੇਟ ਜਾਣਾ ਹੁੰਦਾ ਹੈ ਤਾਂ ਉਹ reciprocal ਐਗਰੀਮੈਂਟ ਹੁੰਦਾ ਹੈ। ਭੈਣ ਜੀ, ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ (ਟਰਾਂਸਪੋਰਟ ਮੰਤਰੀ ਵੱਲ ਇਸ਼ਾਰਾ) ਕਿ ਸਾਲ 2001 ਤੋਂ ਬਾਅਦ ਆਪਣਾ ਦਿੱਲੀ ਦੇ ਨਾਲ reciprocal ਐਗਰੀਮੈਂਟ ਹੋਇਆ ਹੈ? ਜੇ ਹੋਇਆ ਹੈ ਤਾਂ ਮੈਂ ਗਲਤ ਹਾਂ ਤੇ ਮੈਨੂੰ ਦੱਸੋ।

**ਮਾਨਯੋਗ ਡਿਪਟੀ ਸਪੀਕਰ:** ਅਮਨ ਜੀ, ਪਲੀਜ਼ ਚੇਅਰ ਨੂੰ ਐਡਰੈੱਸ ਕਰੋ।

**ਸ਼੍ਰੀ ਅਮਨ ਅਰੋੜਾ:** ਜਦੋਂ reciprocal ਐਗਰੀਮੈਂਟ ਨਹੀਂ ਹੋਇਆ, ਪਹਿਲਾਂ reciprocal agreement ਹੁੰਦਾ ਹੈ, ਫੇਰ ਸਟੇਟਾਂ ਦੀ ਆਪਸ ਵਿੱਚ countersigning ਹੁੰਦੀ ਹੈ। ਸਾਲ 2001 ਤੋਂ ਬਾਅਦ ਪੰਜਾਬ ਸਰਕਾਰ ਤੇ ਦਿੱਲੀ ਨਾਲ ਇਹ ਐਗਰੀਮੈਂਟ ਨਹੀਂ ਹੋਇਆ ਹੈ। ਦੂਜੀ ਗੱਲ, ਜਿਹੜੀਆਂ Volvo and Indo-Canadian ਦੀਆਂ ਬੱਸਾਂ ਹਨ, ਉਹ ਦਿੱਲੀ ਵਿੱਚ ਐਂਟਰ ਕਰਕੇ ਸਿਰਫ 15-20ਕਿਲੋਮੀਟਰ ਚਲਦੀਆਂ ਹਨ, ਪੰਜਾਬ ਵਿਚੋਂ ਅੰਮ੍ਰਿਤਸਰ-ਜਲੰਧਰ-ਲੁਧਿਆਣਾ ਤੋਂ ਚਲਦੀਆਂ ਹਨ ਪਰ ਉਹ ਕਿਸੇ ਬੱਸ ਸਟੈਂਡ ਵਿੱਚ ਐਂਟਰ ਨਹੀਂ ਕਰ ਸਕਦੀਆਂ, ਥਾਂ-ਥਾਂ ਤੋਂ ਸਵਾਰੀਆਂ ਚੁੱਕਦੀਆਂ ਹਨ, ਉਨ੍ਹਾਂ ਨੇ ਬੁਕਿੰਗ ਵਾਸਤੇ on line portal ਖੋਲ੍ਹ ਰੱਖੇ ਹਨ। ਉਹ ਬੱਸ ਸਟੈਂਡ ਵਿੱਚ ਐਂਟਰ ਨਹੀਂ ਕਰ ਸਕਦੀਆਂ। ਮੈਂ ਕਹਿੰਦਾ ਹਾਂ ਕਿ ਜੇ ਸਰਕਾਰ passengers ਦੀ ਲੁੱਟ ਰੋਕਣ ਲਈ ਇੰਨੀ ਸੰਜੀਦਾ ਹੈ ਤਾਂ ਮੰਤਰੀ ਜੀ, ਜਾਂਦਿਆਂ ਤੇ ਆਉਂਦਿਆਂ ਉਨ੍ਹਾਂ ਦੇ passengers ਦੀ ਲਿਸਟ ਲੈ ਲਓ, ਇਹ ਇੱਕ ਦਿਨ ਵਿੱਚ ਬੰਦ ਹੋ ਜਾਣਗੀਆਂ। ਮੈਂ ਇਹ ਗਰੰਟੀ ਕਰਦਾ ਹਾਂ। (ਆਮ ਆਦਮੀ ਪਾਰਟੀ ਵਲੋਂ ਥੰਪਿੰਗ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਡਿਪਟੀ ਸਪੀਕਰ ਸਾਹਿਬ...

**ਸ਼੍ਰੀ ਅਮਨ ਅਰੋੜਾ :** ਮੈਨੂੰ ਇੱਕ ਮਿੰਟ ਬੋਲ ਲੈਣ ਦਿਓ। ਤੁਹਾਡੀਆਂ ਸਾਰੀਆਂ ਗੱਲਾਂ ਦਾ ਜਵਾਬ ਦੇ ਕੇ ਜਾਵਾਂਗਾ, ਹਾਲੇ ਬਹੁਤ ਟਾਈਮ ਪਿਆ ਹੈ। ਡਿਪਟੀ ਸਪੀਕਰ ਸਾਹਿਬ, ਸਰਕਾਰੀ ਬੱਸਾਂ ਜ਼ਰੂਰ ਬੰਦ ਹੋਈਆਂ ਸਨ, ਜਿਹੜੀ ਸਾਡੀ ਦਿੱਲੀ ਦੀ ਸਰਕਾਰ ਹੈ, ਜਿੱਥੇ ਆਪ (APP) ਦੀ ਗੌਰਮਿੰਟ ਹੈ, ਉਹ ਹਾਫ਼ ਗੌਰਮਿੰਟ ਹੈ, ਉਥੇ ਸੈਂਟਰ ਸਰਕਾਰ ਦਾ ਰੂਲ ਚਲਦਾ ਹੈ। ਉੱਥੇ ਜਿਹੜੀਆਂ power for transfer of posting ਸਾਡੇ ਕੋਲ ਨਹੀਂ ਹਨ। ਜੇਕਰ ਉਹ ਸਾਡੇ ਕੋਲ ਹੈ ਹੀ ਨਹੀਂ, STC ਸੈਂਟਰ ਗੌਰਮਿੰਟ ਦਾ ਹੁੰਦਾ ਹੈ, ਉਹ ਆਪਣੇ ਹਿਸਾਬ ਨਾਲ ਚੰਮ ਦੀਆਂ ਚਲਾਉਂਦੇ ਹਨ। ਮੈਂ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਅਰਵਿੰਦ ਕੇਜਰੀਵਾਲ ਜੀ ਦੇ ਟ੍ਰਾਂਸਪੋਰਟ ਮਨਿਸਟਰ ਨਾਲ ਸਾਡੀ ਗੱਲ ਹੋ ਚੁੱਕੀ ਹੈ। ਸਰਕਾਰ ਲਿਖ ਕੇ ਭੇਜੇ। ਇਨ੍ਹਾਂ ਨੇ ਹੁਣ ਵੀ ਚਲਾਈਆਂ ਹਨ, ਉਹ ਕਿਵੇਂ ਚਲਾਈਆਂ ਹਨ ਕਿਉਂਕਿ ਇਨ੍ਹਾਂ ਵਾਲੇ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) Contract Carriage Permit ਲੈ ਕੇ ਚਲਾਏ ਹਨ। Actually as per law, that is wrong. ਇਹ ਵੀ ਗਲਤ ਚੱਲ ਰਹੇ ਸੀ ਅਤੇ ਹੁਣ ਸਰਕਾਰ ਵੀ ਗਲਤ ਚੱਲ ਰਹੀ ਹੈ। ਲੋਕ ਇੰਨੇ ਆਉਂਦੇ ਹਨ, ਐਨ.ਆਰ.ਆਈਜ਼ ਇੰਨੇ ਆਉਂਦੇ ਹਨ, ਜਿਨ੍ਹਾਂ ਦੀ ਲੁੱਟ ਰੋਕਣ ਲਈ ਸਰਕਾਰ ਨੇ ਚਲਾਏ ਹਨ। ਇਹ ਚੰਗੀ ਗੱਲ ਹੈ, ਅਸੀਂ ਇਸ ਨੂੰ ਅਪੋਜ਼ ਨਹੀਂ ਕਰਦੇ...

**ਸਰਦਾਰ ਸਿਮਰਜੀਤ ਸਿੰਘ ਬੈਂਸ :** ਡਿਪਟੀ ਸਪੀਕਰ ਸਾਹਿਬ...

**ਸ਼੍ਰੀ ਅਮਨ ਅਰੋੜਾ :** ਮੈਨੂੰ ਬੋਲ ਲੈਣ ਦਿਓ, ਪਲੀਜ਼।

**Mr. Deputy Speaker :** Please, ਉਨ੍ਹਾਂ ਨੂੰ ਬੋਲ ਲੈਣ ਦਿਓ।

**ਸ਼੍ਰੀ ਅਮਨ ਅਰੋੜਾ :** ਸਰਕਾਰ ਸ਼੍ਰੀ ਅਰਵਿੰਦ ਕੇਜਰੀਵਾਲ ਨੂੰ ਲਿਖ ਕੇ ਭੇਜੇ ਕਿ ISBT ਦਾ ਇੱਕ ਬੱਸ ਸਟਾਪ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਕੋਲ ਬਣਾਇਆ ਜਾਵੇ, ਅਸੀਂ ਬਣਾਉਣ ਨੂੰ ਤਿਆਰ ਬੈਠੇ ਹਾਂ ਪਰ ਗੱਲ ਸਿਰਫ ਇੰਨੀ ਹੈ ਕਿ....(ਸਰਦਾਰ ਸਿਮਰਜੀਤ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ ਪਾਰਟੀ ਵਲੋਂ ਵਿਘਨ)

**Mr. Deputy Speaker :** Please ਇਨ੍ਹਾਂ ਨੂੰ ਬੋਲ ਲੈਣ ਦਿਓ।

**ਸ਼੍ਰੀ ਅਮਨ ਅਰੋੜਾ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਆਸੀ ਰੋਟੀਆਂ ਸੇਕਣ ਲਈ ਆਪਾਂ ਉਨ੍ਹਾਂ ਦੇ ਪਾਲੇ ਵਿੱਚ ball ਪਾ ਰਹੇ ਹਾਂ। ਦਿੱਲੀ ਵਿੱਚ ਵੀ ਸਾਡੇ

ਹੱਥ-ਵਸ ਕੁਝ ਨਹੀਂ ਹੈ। ਜੇ ਇਨ੍ਹਾਂ ਨੇ ਲੁੱਟ ਰੋਕਣੀ ਹੈ, 700-800 ਰੁਪਿਆ ਸਰਕਾਰੀ ਬੱਸਾਂ ਵਾਲੇ ਲੈਂਦੇ ਹਨ ਅਤੇ ਇਨ੍ਹਾਂ ਦੀ Indo-Canadian bus 3000 ਰੁਪਏ ਲੈਂਦੀ ਹੈ। ਇਹ ਅੰਮ੍ਰਿਤਸਰ-ਜਲੰਧਰ ਤੋਂ ਚਲਦੇ ਹਨ ਅਤੇ 300 ਕਿਲੋਮੀਟਰ ਪੰਜਾਬ ਕ੍ਰਾਸ ਕਰਕੇ ਜਾਂਦੇ ਹਨ, ਅੱਜ ਇਹ ਉਨ੍ਹਾਂ ਨੂੰ ਘੇਰ ਕੇ ਡਰਾਈਵਰ ਤੋਂ ਲਿਸਟ ਮੰਗ ਲੈਣ ਕਿ ਜਿਹੜੀਆਂ ਜਾਣ ਵੇਲੇ ਸਵਾਰੀਆਂ ਸਨ, ਕੀ ਉਹ ਆਉਣ ਵੇਲੇ ਹਨ? ਪਰ ਨਹੀਂ ਹੋਣਗੀਆਂ। ਉਹ ਦੋ ਮਿੰਟ ਵਿੱਚ ਲੋਟ ਹੋ ਜਾਣਗੇ ਪਰ ਗੱਲ ਸਿਰਫ ਇੰਨੀ ਹੈ ਕਿ ਉਹ ਇਨ੍ਹਾਂ ਦੇ ਪਾਲੇ ਵਿੱਚ ball ਪਾ ਦਿੰਦੇ ਹਨ ਅਤੇ ਇਹ ਉਨ੍ਹਾਂ ਦੇ ਪਾਲੇ ਵਿੱਚ ਪਾ ਦਿੰਦੇ ਹਨ। ਕੋਈ ਗੱਲਬਾਤ ਨਹੀਂ ਹੈ, ਪ੍ਰੈਕਟੀਕਲੀ ਕੋਈ ਗੱਲ ਨਹੀਂ ਕਰਦਾ..(ਵਿਘਨ, ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਬੈਂਸ ਸਾਹਿਬ, ਤੁਸੀਂ ਬੋਲੋ। ਸਿਰਫ ਦੋ ਮਿੰਟ ਰਹਿੰਦੇ ਹਨ।

**ਸ਼੍ਰੀ ਅਮਨ ਅਰੋੜਾ :** ਮੈਨੂੰ ਜ਼ਰੂਰ ਟਾਈਮ ਦੇ ਦਿਓ ਜੀ। ਮੈਨੂੰ ਜ਼ਰੂਰ ਹੋਰ ਟਾਈਮ ਚਾਹੀਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਡਿਪਟੀ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਐਮ.ਐਲ.ਏ. ਅਰੋੜਾ ਸਾਹਿਬ ਦੀ ਗੱਲ ਦਾ ਇਕੋ ਜਵਾਬ ਦੇਣਾ ਹੈ, ** ** ਦਿੱਲੀ ਵਿੱਚ ਸਰਕਾਰ ਬਣਿਆਂ ਤਕਰੀਬਨ ਚਾਰ ਸਾਲ ਦਾ ਸਮਾਂ ਹੋ ਗਿਆ ਹੈ। ਮਜੀਠੀਆ ਅਤੇ ** ** ਸੰਧੀ ਤੋਂ ਬਾਅਦ ਹੀ ਸਾਡੀਆਂ ਸਰਕਾਰੀ ਬੱਸਾਂ ਕਿਉਂ ਬੰਦ ਹੋਈਆਂ? ਇਹ ਪਹਿਲਾਂ ਕਿਉਂ ਨਹੀਂ ਹੋਈਆਂ? ਪਹਿਲਾਂ ਇਹ ਦੱਸ ਦਿਓ।

**ਸ਼੍ਰੀ ਅਮਨ ਅਰੋੜਾ :** ਮੈਂ ਦੱਸਦਾ ਹਾਂ।

**ਮਾਨਯੋਗ ਡਿਪਟੀ ਸਪੀਕਰ :** ਚਲੋ, ਪਲੀਜ਼।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਇਹ ਪਹਿਲਾਂ ਕਿਉਂ ਬੰਦ ਨਹੀਂ ਕੀਤੀਆਂ? ....

**ਮਾਨਯੋਗ ਡਿਪਟੀ ਸਪੀਕਰ :** ਬੈਂਸ ਜੀ, ਬੈਠੋ।

**ਸ਼੍ਰੀ ਅਮਨ ਅਰੋੜਾ :** ਮੈਂ ਦੱਸਦਾ ਹਾਂ, ਗੱਲ ਸਿਰਫ ਇੰਨੀ ਹੈ...(ਵਿਘਨ, ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ** ** ਵਾਰ ਵਾਰ ਲਿਆ ਗਿਆ ਹੈ, ਇਹ ਡਿਲੀਟ ਕਰ ਦਿੱਤਾ ਜਾਵੇ।

---

** Expunged as ordered by the Chair.

**ਸ਼੍ਰੀ ਅਮਨ ਅਰੋੜਾ :** ਇਨ੍ਹਾਂ ਨੇ ਹੁਣ ਪੁਲੀਟੀਕਲ ਗੱਲ ਸ਼ੁਰੂ ਕਰ ਲਈ ਹੈ। ਇਹ ਮੇਰੇ ਵੱਡੇ ਭਰਾ ਹਨ, ਮੈਂ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ, ਮੈਂ ਛੋਟਾ ਭਰਾ ਹੋਣ ਦੇ ਨਾਤੇ ਇਨ੍ਹਾਂ ਨੂੰ ਇਕ ਸਲਾਹ ਦੇਣਾ ਚਾਹਾਂਗਾ ਕਿ ਬੈਂਸ ਸਾਹਿਬ, ਤੁਸੀਂ ਕਹਿੰਦੇ ਹੋ ਕਿ ਅਸੀਂ ਇਮਾਨਦਾਰ ਹਾਂ। ਤੁਹਾਡੇ ਤੇ ਸ਼ਾਇਦ ਕੋਈ ਵੈਟ ਜਾਂ ਬਿਜਲੀ ਚੋਰੀ ਦੇ ਐਲੀਗੇਸ਼ਨ ਲਗਦੇ ਹਨ ਪਰ ਸਾਡੇ ਉੱਤੇ ਤਾਂ ਇਹ ਵੀ ਨਹੀਂ ਲਗਦੇ।(ਆਮ ਆਦਮੀ ਪਾਰਟੀ ਵਲੋਂ ਥੰਪਿੰਗ) ਮੈਂ ਇਕ ਬੇਨਤੀ ਜ਼ਰੂਰ ਕਰਾਂਗਾ ਕਿ ਜੇਕਰ ਲੰਬਾ ਚੱਲਣਾ ਹੈ ਤਾਂ ਮੇਰੀ ਸਲਾਹ ਹੈ, ਜਿਵੇਂ ਇਨ੍ਹਾਂ ਨੇ ਪਹਿਲਾਂ ਸਿਮਰਨਜੀਤ ਸਿੰਘ ਮਾਨ ਦੀ ਪੱਗ ਲਾਹੀ ਹੈ, ਫੇਰ ਮਜੀਠੀਆ.....

**ਮਾਨਯੋਗ ਡਿਪਟੀ ਸਪੀਕਰ :** ਹੁਣ, ਸਦਨ ਵੀਰਵਾਰ, ਮਿਤੀ 14 ਫਰਵਰੀ, 2019 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.30 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਵੀਰਵਾਰ, ਮਿਤੀ 14 ਫਰਵਰੀ, 2019 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

---

APPENDIX

To

PUNJAB VIDHAN SABHA

DEBATES

Wednesday, 13th February, 2019

*Vol. VII- No. 2*

STARRED QUESTION AND ANSWER

**ਆਈ.ਟੀ.ਆਈ. ਸਿੰਘਪੁਰ ਨੂੰ ਚਾਲੂ ਕਰਨਾ**

***1744. ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਤਕਨੀਕ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਆਈ.ਟੀ.ਆਈ. ਸਿੰਘਪੁਰ ਦਾ ਨਿਰਮਾਣ ਹੋਵੇ ਤਾਂ ਇਸ ਨੂੰ ਕਦੋਂ ਤੱਕ ਚਾਲੂ ਨਹੀਂ ਕੀਤਾ ਗਿਆਂ, ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਚਾਲੂ ਕਰਨ ਦੀ ਤਜਵੀਜ਼ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ :** ਜੀ ਹਾਂ, ਸੰਸਥਾ ਦੀ ਇਮਾਰਤ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ। ਸੈਸ਼ਨ 2019-20 ਦੌਰਾਨ ਸੰਸਥਾ ਵਿਖੇ ਦਾਖਲਾ ਸ਼ੁਰੂ ਕੀਤਾ ਗਿਆ ਹੈ।

------

© 2019
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9972/02-2019/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ